ਜੁਲਾਈ 2025

# ਗੁਰਮਤਿ ਵਿਰਸਾ

## GURMAT VIRSA गुरमति विरसा

Year-6, Issue-12, July 2025, Ludhiana gurmatvirsa@gmail.com Multilingual Price 25/-



## ਭਗਤੀ ਤੇ ਸ਼ਕਤੀ ਦੇ ਸੁਮੇਲ ਗੁਰੂ ਹਰਿਗੋਬਿੰਦ ਸਾਹਿਬ ਜੀ

## ਸ਼ਹੀਦ ਭਾਈ ਤਾਰੂ ਸਿੰਘ ਜੀ

## ਅਕਾਲ ਤਖ਼ਤ ਸਾਹਿਬ ਦੀ ਵਿਲੱਖਣਤਾ

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਤਰਨਤਾਰਨ ਵਲੋਂ ਹਰੀ ਸਿੰਘ ਸੀ.ਸੈ. ਸਕੂਲ ਨੰਦਪੁਰ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਤਰਨਤਾਰਨ ਦੇ ਪਿੰਡ ਰੂੜੇਆਸਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਨਾਰੰਗਵਾਲ ਵਲੋਂ ਜੀ.ਐਚ.ਜੀ. ਖਾਲਸਾ ਸਕੂਲ ਅਹਿਮਦਗੜ੍ਹ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਨਾਰੰਗਵਾਲ ਵਲੋਂ ਜੀ.ਐਚ.ਜੀ. ਸਕੂਲ ਪਿੰਡ ਰਕਬਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਪਰਿੰਗੜੀ ਵਲੋਂ ਛੇਵੇਂ ਪਾਤਸ਼ਾਹ ਦੇ ਪ੍ਰਕਾਸ਼ ਦਿਹਾੜੇ ਮੌਕੇ ਗੁਰਮਤਿ ਮੁਕਾਬਲੇ ਕਰਵਾਏ ਗਏ।



ਕੇਂਦਰ ਖਨਾਲ ਖੁਰਦ ਵਿਖੇ ਲੱਗ ਰਹੀ ਬੀਬੀਆਂ ਦੀ ਗੁਰਮਤਿ ਕਲਾਸ।



ਕੇਂਦਰ ਚੱਕ ਕਲਾਂ ਦੇ ਗੁ: ਫਲਾਹੀ ਸਾਹਿਬ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਚੱਕ ਕਲਾਂ ਦੇ ਪਿੰਡ ਹੇਰਾਂ ਵਿਖੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਗੁਰਦੁਆਰਾ ਸਾਹਿਬ ਵਿਖੇ ਇਕ ਇਕੱਤਰਤਾ ਕੀਤੀ ਗਈ।

# ਗੁਰਮਤਿ ਵਿਰਸਾ

ਜੁਲਾਈ 2025 (ਮਾਸਿਕ ਮੈਗਜ਼ੀਨ)



**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ

**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ

**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ

**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)

**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ



ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013

**ਫੋਨ:** 98146-35655, 99155-29725, 79733-70542

**Email:** gurmatvirsa@gmail.com

**Website:** www.gurmatgian.org



**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ

ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।

**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਚੁੱਘ


## ਹਾੜ੍ਹ-ਸਾਵਣ ਮਹੀਨੇ ਦੇ ਖਾਸ ਦਿਹਾੜੇ

- ਸ੍ਰੀ ਅਕਾਲ ਤਖਤ ਸਾਹਿਬ ਦਾ ਨੀਂਹ ਪੱਥਰ: 18 ਹਾੜ੍ਹ (2 ਜੁਲਾਈ)
- ਪ੍ਰਕਾਸ਼ ਦਿਹਾੜਾ ਪਾਤਸ਼ਾਹੀ ਛੇਵੀਂ : 21 ਹਾੜ੍ਹ (5 ਜੁਲਾਈ)
- ਸ਼ਹੀਦੀ ਭਾਈ ਮਨੀ ਸਿੰਘ ਜੀ : 25 ਹਾੜ੍ਹ (9 ਜੁਲਾਈ)
- ਸ਼ਹੀਦੀ ਭਾਈ ਤਾਰੂ ਸਿੰਘ ਜੀ : 1 ਸਾਵਣ (16 ਜੁਲਾਈ)
- ਮੀਰੀ ਪੀਰੀ ਦਿਵਸ ਪਾਤਸ਼ਾਹੀ ਛੇਵੀਂ : 6 ਸਾਵਣ (21 ਜੁਲਾਈ)
- ਪ੍ਰਕਾਸ਼ ਦਿਹਾੜਾ ਪਾਤਸ਼ਾਹੀ ਅੱਠਵੀਂ : 15 ਸਾਵਣ (30 ਜੁਲਾਈ)


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***

Responsible for collection of all Printed matter as per PRB Act

**Registration Number of the Newspaper**

**PUNMUL/2019/78309**


## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 7 |
| ਸ਼ਬਦ ਵਿਚਾਰ | 8 |
| ਜੂਨ 1984 ਤੋਂ ਪਹਿਲਾਂ ਤੇ ਬਾਅਦ ਖਾਮੋਸ਼ ਖ਼ਲਾਅ | 9 |
| ਭਗਤੀ ਤੇ ਸ਼ਕਤੀ ਦੇ ਸੁਮੇਲ ਗੁਰੂ ਹਰਿਗੋਬਿੰਦ ਸਾਹਿਬ ਜੀ | 11 |
| ਸ਼ਹੀਦ ਭਾਈ ਤਾਰੂ ਸਿੰਘ ਜੀ | 13 |
| ਬੰਦ ਬੰਦ ਕਟਵਾਉਣ ਵਾਲੇ ਸ਼ਹੀਦ ਭਾਈ ਮਨੀ ਸਿੰਘ ਜੀ | 14 |
| ਪੰਜਾਬ ਦਾ ਬੱਬਰ ਸ਼ੇਰ- ਮਹਾਰਾਜਾ ਰਣਜੀਤ ਸਿੰਘ | 16 |
| ਧਰਮ ਦਰਸ਼ਨ ਦਾ ਸਿਖਰ- ਗੁਰਮਤਿ | 19 |
| ਮਾਂ ਬੋਲੀ ਪੰਜਾਬੀ ਅਤੇ ਅਸੀਂ | 21 |
| ਨੰਨੇ ਵਾਰਸ | 22 |
| ਕਿਵੇਂ ਲੁੱਟ ਰਹੀਆਂ ਹਨ ਵੱਡੀਆਂ ਕੰਪਨੀਆਂ ਜਨਤਾ ਨੂੰ | 24 |
| ਨਸ਼ਿਆਂ ਤੋਂ ਬਚਾਅ | 26 |
| ਇਕੱਲੇਪਣ ਨੂੰ ਦੂਰ ਭਜਾਓ | 28 |
| ਕਾਵਿ ਕਿਆਰੀ | 29 |
| ਧਰਤੀ ਹੇਠਲੇ ਪਾਣੀ ਦੇ ਪੱਤਣਾਂ (ਐਕੂਈਫ਼ਰਜ਼) ਦਾ ਸੁੱਕ ਜਾਣਾ | 30 |
| ਪਰਦਾ ਗੁਲਾਮੀ ਨਹੀਂ ਹੁੰਦਾ, ਤਨ ਕੱਜਣਾ ਤਾਲਿਬਾਨੀ ਨਹੀਂ ਹੁੰਦਾ | 31 |
| **ਭਾਈ ਬਿਧੀ ਚੰਦ ਜੀ** | **32** |
| Bhai Mani Singh Ji Shaheed | 34 |
| ਸਾਡੀ ਖੇਤੀ | 36 |
| ਸਿਹਤ ਸੰਭਾਲ | 38 |
| ਗੁਰਮਤਿ ਸੰਜੋਗ | 40 |
| ਮਈ ਮਹੀਨੇ ਦੀਆਂ ਸਰਗਰਮੀਆਂ | 41 |





## ਜ਼ਰੂਰੀ ਸੂਚਨਾਵਾਂ


- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

## ਸੰਪਾਦਕੀ

# ਸ੍ਰੀ ਅਕਾਲ ਤਖਤ ਸਾਹਿਬ ਦੀ ਮਹਾਨਤਾ ਅਤੇ ਰਾਜਨੀਤਕ ਦਬਾਅ ਕਰਕੇ ਘਾਣ

ਮੀਰੀ ਪੀਰੀ ਦੇ ਸਿਰਜਕ ਗੁਰੂ ਨਾਨਕ ਸਾਹਿਬ ਜੀ ਹਨ। ਉਨ੍ਹਾਂ ਨੇ ਮੌਕੇ ਦੇ ਹਾਕਮ ਕਾਜ਼ੀ ਅਤੇ ਬਾਬਰ ਵਰਗੇ ਬਾਦਸ਼ਾਹ ਨੂੰ ਲਲਕਾਰਿਆਂ ਸੀ, ਗੁਰਬਾਣੀ ਦਾ ਫੁਰਮਾਨ ਹੈ-

**ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥**

**ਚਾਕਰ ਨਹਦਾ ਪਾਇਨਿ੍ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥ (1288)**

ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਮਾਜ ਵਿੱਚ ਮੀਰੀ ਪੀਰੀ ਦੇ ਸਿਧਾਂਤ ਨੂੰ ਅੱਗੇ ਵਧਾਉਂਦੇ ਹੋਏ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਕੀਤੀ। ਮੌਕੇ ਦੇ ਹਾਕਮਾਂ ਨਾਲ ਜੰਗਾਂ ਵੀ ਲੜੀਆਂ ਅਤੇ ਜਿੱਤਾਂ ਪ੍ਰਾਪਤ ਕੀਤੀਆਂ।

ਸ੍ਰੀ ਅਕਾਲ ਤਖਤ ਸਾਹਿਬ ਸਿੱਖਾਂ ਵਾਸਤੇ ਸਰਵਉੱਚ ਹੈ, ਜੋ ਪੀਰੀ ਦੇ ਨਾਲ ਮੀਰੀ ਦੇ ਸਿਧਾਂਤ ਦੀ ਅਗਵਾਈ ਕਰਦਾ ਹੈ। ਸਿੱਖਾਂ ਦਾ ਕੋਈ ਵੀ ਧਾਰਮਿਕ ਅਤੇ ਪੰਥਕ ਮਾਮਲਾ ਹੋਵੇ ਤਾਂ ਉਹ ਪੰਜਾਂ ਤਖਤਾਂ ਦੇ ਜਥੇਦਾਰ ਮਿਲ ਬੈਠ ਕੇ ਅਕਾਲ ਤਖਤ (ਅੰਮ੍ਰਿਤਸਰ) ਦੀ ਰਹਿਨੁਮਾਈ ਹੇਠ ਵਿਚਾਰ ਕਰਦੇ ਹਨ ਅਤੇ ਉਹ ਹੁਕਮ ਹਰ ਸਿੱਖ ਨੂੰ ਮੰਨਣਾ ਜਰੂਰੀ ਹੁੰਦਾ ਹੈ। ਜਦੋਂ ਦੀ ਇਹ ਪ੍ਰਥਾ ਚਲੀ ਆਉਂਦੀ ਹੈ, ਜਥੇਦਾਰ ਦੇ ਹੁਕਮ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਉਪਦੇਸ਼ ਹੀ ਸਮਝੇ ਜਾਂਦੇ ਸਨ। ਪਰ ਹੁਣ ਇਸ ਰਹੁਰੀਤ ਨੂੰ ਰਾਜਨੀਤਕ ਲੋਕਾਂ ਨੇ ਹੱਥਾਂ ਵਿੱਚ ਲੈ ਲਿਆ ਹੋਣ ਕਰਕੇ ਜਥੇਦਾਰਾਂ ਦੇ ਹੁਕਮਾਂ ਨੂੰ ਵੀ ਚੁਣੌਤੀਆਂ ਦਿੱਤੀਆਂ ਜਾ ਰਹੀਆਂ ਹਨ। ਹੱਥਲੇ ਲੇਖ ਵਿੱਚ ਗੁਰੂ ਪਾਤਸ਼ਾਹ ਦੇ ਤਖਤ ਦੀ ਰਾਜਸੀ ਵਰਤੋਂ ਦੀ ਗੱਲ ਕਰਨ ਤੋਂ ਪਹਿਲਾਂ ਕੁਝ ਇਸ ਮਹਾਨ ਤਖਤ ਬਾਰੇ ਜਾਨਣਾ ਵੀ ਜ਼ਰੂਰੀ ਹੈ।




ਕੈਪਟਨ ਅਵਤਾਰ ਸਿੰਘ
97819-90206


ਅਕਾਲ ਤਖ਼ਤ ਤੋਂ ਜਾਰੀ ਹੁਕਮਨਾਮੇ ਸਮੂਹ ਸਿੱਖ ਜਗਤ ਤੇ ਸਾਰੀਆਂ ਸਿੰਘ ਸਭਾਵਾਂ ਤੇ ਲਾਗੂ ਹੁੰਦੇ ਹਨ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਭਗਤੀ ਤੇ ਸ਼ਕਤੀ ਦੇ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਠੀਕ ਸਾਹਮਣੇ 1609 ਨੂੰ ਕੀਤੀ, ਅਕਾਲ ਤਖਤ ਦੀ ਸਿਰਜਣਾ ਤੋਂ ਪਹਿਲਾਂ ਉਹ ਖੁੱਲੀ ਥਾਂ ਸੀ, ਜਿਥੇ ਗੁਰੂ ਹਰਗੋਬਿੰਦ ਜੀ ਬਚਪਨ ਵਿੱਚ ਖੇਡਿਆ ਕਰਦੇ ਸਨ। ਉਥੇ ਮਿੱਟੀ ਦਾ ਇੱਕ 3.5 ਮੀਟਰ ਉੱਚ ਟਿੱਲਾ ਸੀ ਜਿਸ 'ਤੇ ਗੁਰੂ ਜੀ ਮੂਲ ਤਖ਼ਤ ਤੇ ਰਾਇਲਟੀ ਦੇ ਪ੍ਰਤੀਕ ਚਿੰਨ੍ਹ ਛਤਰ ਅਤੇ ਚੌਰ ਸਮੇਤ ਇੱਕ ਰਾਜਾ ਦੀ ਤਰ੍ਹਾਂ ਦਰਬਾਰ ਲਾਕੇ ਬੈਠ ਜਾਂਦੇ ਸਨ ਅਤੇ ਸੰਗਤਾਂ ਦੀਆਂ ਮੁਸ਼ਕਲਾਂ ਅਤੇ ਇਨਸਾਫ਼ ਕਰਨ ਦੇ ਆਲੀਸ਼ਾਨ ਕਾਰਜ ਕਰਦੇ। 1984 ਤੋਂ ਪਹਿਲਾਂ ਦਾ ਅਕਾਲ ਤਖ਼ਤ ਇੱਕ ਵੱਡੀ 5 ਮੰਜ਼ਿਲਾ ਆਧੁਨਿਕ ਇਮਾਰਤ ਸੀ (3 ਮੰਜ਼ਿਲਾ ਮਹਾਰਾਜਾ ਰਣਜੀਤ ਸਿੰਘ ਦੁਆਰਾ ਜੋੜੀਆਂ ਗਈਆਂ ਸਨ) ਜੋ ਸੰਗਮਰਮਰ ਨਾਲ ਜੜਿਆ ਹੈ ਅਤੇ ਗੁੰਬਦ ਦੀ ਉਸਾਰੀ ਸਰਦਾਰ ਹਰੀ ਸਿੰਘ ਨਲਵਾ ਨੇ ਕਰਵਾਈ ਸੀ। ਗੁੰਬਦ ਤੇ ਸੋਨੇ ਦੇ ਪਤਰੇ ਮੜ੍ਹੇ ਹੋਏ ਸਨ, ਇਹ ਗੁਰੂ ਹਰਗੋਬਿੰਦ ਸਾਹਿਬ ਦੇ ਸਰਲ ਤਖ਼ਤ ਦੇ ਡਿਜਾਇਨ ਵਾਲੇ ਨਹੀਂ ਸਨ। ਇਹ ਸਾਰੀ ਬਿਲਡਿੰਗ 1984 ਦੇ ਹਮਲੇ ਤੋਂ ਬਾਅਦ ਦੁਬਾਰਾ ਢਾਹ ਕੇ ਉਸਾਰੀ ਗਈ।

1984 ਦੇ ਘੱਲੂਘਾਰੇ ਤੋਂ ਪਹਿਲਾਂ ਸੁਹਣੀ ਪੇਂਟ ਕੀਤੀ ਚੂਨਾ ਪਲੱਸਤਰ ਦੀ ਇੱਕ ਤਹਿ ਨੰਗੀ ਹੋਈ ਸੀ ਜੋ ਮੂਲ ਤਖ਼ਤ ਦਾ ਹਿੱਸਾ ਹੋ ਸਕਦੀ ਹੈ। ਇਸ ਦੀਆਂ ਕੰਧਾਂ ਉੱਤੇ 19ਵੀਂ ਸਦੀ ਵਿੱਚ ਚਿੱਤਰ ਉਲੀਕੇ ਗਏ ਸਨ। ਇਨ੍ਹਾਂ ਕੰਧ-ਚਿੱਤਰਾਂ ਦੇ ਰੰਗ ਕੁਝ ਥਾਵਾਂ ਤੋਂ ਮਿਟ ਗਏ ਸਨ, ਪਰ ਸਾਂਭੇ ਜਾ ਸਕਣ ਦੀ ਸਥਿਤੀ ਵਿੱਚ ਸਨ। ਲਗਪਗ 30 ਚਿੱਤਰ ਪੇਂਟ ਕੀਤੇ ਗਏ ਸਨ। 1984 ਦੇ ਬਲਿਊ ਸਟਾਰ ਸਮੇਂ ਇਹ ਨਸ਼ਟ ਹੋ ਗਏ।

ਅਕਾਲ ਤਖਤ ਦੀ ਸਿਰਜਣਾ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਿੱਖੀ ਪ੍ਰਚਾਰ ਨਾਲ ਸਿੱਖ ਇਤਿਹਾਸ 'ਚ ਇੱਕ ਨਵਾਂ ਮੋੜ ਆਇਆ ਅਤੇ ਸਿੱਖਾਂ ਨੇ ਸ਼ਸਤਰ ਧਾਰਨੇ ਵੀ ਸ਼ੁਰੂ ਕਰ ਦਿੱਤੇ। 17ਵੀਂ ਅਤੇ 18ਵੀਂ ਸਦੀ ਦੇ ਸ਼ਾਸਕਾਂ ਦੇ ਜ਼ੁਲਮ ਅਤੇ ਬੇਰਹਿਮੀ ਦੇ ਖਿਲਾਫ ਰਾਜਨੀਤਕ ਅਤੇ ਸੈਨਿਕ ਪ੍ਰਤੀਰੋਧ ਦੇ ਪ੍ਰਤੀਕ ਵਜੋਂ ਇਹ ਖਾਸ ਰਿਹਾ। 18ਵੀਂ ਸਦੀ ਵਿੱਚ, ਅਹਿਮਦ ਸ਼ਾਹ ਅਬਦਾਲੀ ਅਤੇ ਮੱਸੇ ਰੰਘੜ ਨੇ ਅਕਾਲ ਤਖ਼ਤ ਉੱਤੇ ਹਮਲਿਆਂ ਦੀ ਅਗਵਾਈ ਕੀਤੀ ਸੀ। ਦਸੰਬਰ 1674 ਨੂੰ ਭਾਈ ਗੁਰਬਖ਼ਸ਼ ਸਿੰਘ 30 ਸਿੱਖਾਂ ਦੀ ਅਗਵਾਈ ਵਿੱਚ ਅਹਿਮਦ ਸ਼ਾਹ ਦੁਰਾਨੀ ਤੋਂ ਅਕਾਲ ਬੁੰਗੇ ਦੀ ਰੱਖਿਆ ਕਰਦੇ ਹੋਏ ਸ਼ਹੀਦ ਹੋ ਗਏ। ਗੁਰੂ ਹਰਗੋਬਿੰਦ ਸਾਹਿਬ ਦੇ 1635 ਵਿੱਚ ਸ੍ਰੀ ਕੀਰਤਪੁਰ ਸਾਹਿਬ ਚਲੇ ਜਾਣ ਉਪਰੰਤ ਅੰਮ੍ਰਿਤਸਰ ਸਾਹਿਬ ਦੇ ਪਵਿੱਤਰ ਅਸਥਾਨ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਪ੍ਰਿਥੀ ਚੰਦ ਦੇ ਵਾਰਸਾਂ ਦੇ ਹੱਥ ਵਿੱਚ ਚਲਾ ਗਿਆ। ਪ੍ਰਿਥੀ ਚੰਦ ਦੇ ਪੋਤਰੇ ਹਰ ਜੀ 1696 ਤਕ 55 ਸਾਲ ਲਈ ਤਖ਼ਤ ਦੇ ਸੰਚਾਲਕ ਰਹੇ। 1699 ਵਿੱਚ ਖਾਲਸਾ ਪੰਥ ਦੀ ਸਿਰਜਣਾ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਨੂੰ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧ ਲਈ ਭੇਜਿਆ। 1716 ਵਿੱਚ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਦਰਬਾਰ ਸਾਹਿਬ ਦਾ ਸਰੋਵਰ ਤੇ ਅਕਾਲ ਤਖਤ ਸਿੱਖਾਂ ਲਈ ਚੜ੍ਹਦੀ ਕਲਾ ਅਤੇ ਰੂਹਾਨੀ ਆਨੰਦ ਦੇ ਮੁੱਖ ਸਰੋਤ ਰਹੇ ਹਨ। ਦਿਵਾਲੀ ਤੇ ਵਿਸਾਖੀ ਨੂੰ ਇਥੇ ਸਰਬੱਤ ਖਾਲਸਾ ਦੀਵਾਨ ਸਜਦੇ ਤੇ ਗੁਰਮਤੇ ਰਾਹੀਂ ਗੰਭੀਰ ਪੰਥਕ ਮਸਲਿਆਂ ਤੇ ਫੈਸਲੈ ਲਏ ਜਾਂਦੇ। ਉਦਾਹਰਣ ਦੇ ਤੌਰ ਤੇ 4 ਅਕਤੂਬਰ 1745 ਨੂੰ ਗੁਰਮਤਾ ਕਰਕੇ ਖਾਲਸੇ ਦੀ 25 ਜੱਥਿਆਂ ਵਿੱਚ ਵੰਡ ਕੀਤੀ ਗਈ। 19 ਮਾਰਚ 1748 ਦੀ ਵਿਸਾਖੀ ਵਾਲੇ ਦਿਨ 11 ਮਿਸਲਾਂ ਬਣਾਉਣ ਦਾ ਗੁਰਮਤਾ ਕੀਤਾ ਗਿਆ। 10 ਅਪ੍ਰੈਲ 1765 ਨੂੰ ਗੁਰਮਤੇ ਵਿੱਚ ਮੁੜ ਉਸਾਰੀ ਦਾ ਫੈਸਲਾ ਲੈ ਕੇ 1774 ਤਕ ਜ਼ਮੀਨੀ ਤਲ ਤਕ ਅਕਾਲ ਬੁੰਗਾ ਮੁੜ ਉਸਾਰ ਲਿਆ ਗਿਆ। ਬਾਕੀ ਦੀ ਪੰਜ ਮੰਜ਼ਿਲਾ ਇਮਾਰਤ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿੱਚ ਮੁਕੰਮਲ ਹੋਈ। ਤੀਸਰੀ ਮੰਜ਼ਿਲ ਤੇ ਬਣੇ ਹਾਲ ਕਮਰੇ ਦਾ ਤੇਜਾ ਸਿੰਘ ਸਮੁੰਦਰੀ ਹਾਲ ਬਣਨ ਤਕ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਇਕੱਤਰਤਾਵਾਂ ਲਈ ਇਸਤੇਮਾਲ ਕੀਤਾ ਜਾਂਦਾ ਰਿਹਾ ਹੈ। ਜੂਨ 1984 ਵਿੱਚ ਅਕਾਲ ਬੁੰਗੇ ਦਾ ਮੱਥਾ ਇੱਕ ਵਾਰ ਫਿਰ ਬਲਿਊਸਟਾਰ ਆਪ੍ਰੇਸ਼ਨ ਦੌਰਾਨ ਹਿੰਦੁਸਤਾਨੀ ਫੌਜ ਦੁਆਰਾ ਬਰਬਾਦ ਕੀਤਾ ਗਿਆ। ਭਾਵੇਂ ਭਾਰਤ ਸਰਕਾਰ ਨੇ ਮੁੜ ਉਸਾਰੀ ਕਰਵਾਈ ਪਰ ਸਿੱਖਾਂ ਨੂੰ ਇਹ ਪ੍ਰਵਾਨ ਨਹੀਂ ਸੀ। 1986 ਵਿੱਚ ਇਮਾਰਤ ਨੂੰ ਢਾਹ ਕੇ ਕਾਰ ਸੇਵਾ ਰਾਹੀਂ ਅਕਾਲ ਬੁੰਗੇ ਦੀ ਮੁੜ ਉਸਾਰੀ ਕੀਤੀ ਗਈ ਹੈ ਜੋ ਕਿ ਅਜੋਕੀ ਇਮਾਰਤ ਹੈ।

1920 ਤੱਕ ਦਰਬਾਰ ਸਾਹਿਬ ਦੇ ਪੁਜਾਰੀ, ਅਖੌਤੀ-ਪਛੜੀਆਂ ਜਾਤਾਂ ਦੇ

ਸਿੱਖਾਂ ਦਾ ਪ੍ਰਸ਼ਾਦ ਨਹੀਂ ਸਨ ਕਬੂਲ ਕਰਦੇ। ਜਲ੍ਹਿਆਂ ਵਾਲੇ ਬਾਗ਼ ਵਿੱਚ, 11 ਅਕਤੂਬਰ ਨੂੰ ਰਾਤ ਵੇਲੇ ਮਤਾ ਪਾਸ ਹੋਇਆ ਕਿ ਅਗਲੀ ਸਵੇਰ ਨੂੰ ਅਖੌਤੀ-ਪਛੜੀਆਂ ਜਾਤਾਂ ਦੇ ਸਿੱਖ, ਪ੍ਰਸ਼ਾਦ ਲੈ ਕੇ ਦਰਬਾਰ ਸਾਹਿਬ ਜਾਣ। ਉਨ੍ਹਾਂ ਨਾਲ ਕਈ ਸਿੱਖ ਆਗੂ ਜਾਣ ਵਾਸਤੇ ਤਿਆਰ ਹੋ ਗਏ। ਅਗਲੇ ਦਿਨ ਅਖੌਤੀ-ਪਛੜੀਆਂ ਜਾਤਾਂ ਦੇ ਕਈ ਸਿੰਘਾਂ ਨੇ ਖੰਡੇ ਦੀ ਪਾਹੁਲ ਲਈ (ਅੰਮ੍ਰਿਤ ਛਕਿਆ)। ਦੀਵਾਨ ਖ਼ਤਮ ਹੋਣ ਤੋਂ ਬਾਅਦ, ਇਹ ਸਾਰੇ ਸਿੱਖ, ਇਕੱਠੇ ਹੋ ਕੇ, ਸੁੰਦਰ ਸਿੰਘ ਮਜੀਠੀਆ ਦੀ ਅਗਵਾਈ ਹੇਠ ਦਰਬਾਰ ਸਾਹਿਬ ਗਏ। ਜਿਹਾ ਕਿ ਉਮੀਦ ਸੀ, ਪੁਜਾਰੀਆਂ ਨੇ ਪ੍ਰਸ਼ਾਦ ਕਬੂਲ ਨਾ ਕੀਤਾ। ਪ੍ਰੋ. ਹਰਕਿਸ਼ਨ ਸਿੰਘ ਬਾਵਾ ਨੇ ਗਲ ਵਿੱਚ ਪੱਲਾ ਪਾ ਕੇ ਤਿੰਨ ਵਾਰ ਪੁਜਾਰੀਆਂ ਨੂੰ ਅਰਜ਼ ਕੀਤੀ ਕਿ ਉਹ ਪ੍ਰਸ਼ਾਦ ਕਬੂਲ ਕਰ ਲੈਣ। ਪਰ ਪੁਜਾਰੀਆਂ ਨੇ ਨੰਨਾ ਹੀ ਫੜੀ ਰਖਿਆ। ਏਨੇ ਚਿਰ ਵਿੱਚ ਜਥੇਦਾਰ ਕਰਤਾਰ ਸਿੰਘ ਝੱਬਰ ਅਤੇ ਜਥੇਦਾਰ ਤੇਜਾ ਸਿੰਘ ਭੁੱਚਰ ਵੀ ਪੁੱਜ ਗਏ। ਹੁਣ ਸੰਗਤ ਦੀ ਗਿਣਤੀ ਬਹੁਤ ਹੋ ਚੁੱਕੀ ਸੀ। ਸਿੱਖ ਲੀਡਰਾਂ ਅਤੇ ਸੰਗਤਾਂ ਦੇ ਜੋਰ ਅੱਗੇ ਪੁਜਾਰੀ ਹਾਰ ਗਏ, ਅਰਦਾਸ ਹੋਈ, ਹੁਕਮ ਲਿਆ ਗਿਆ।

**ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ ॥**
**ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ ॥**

**(638)**

ਗੁਰੂ ਗ੍ਰੰਥ ਸਾਹਿਬ ਦਾ ਹੁਕਮ ਸੁਣ ਕੇ ਸੰਗਤ ਵਿਸਮਾਦ ਵਿੱਚ ਆ ਗਈ। ਇਸ ਤੋਂ ਬਾਅਦ ਸੰਗਤ ਅਕਾਲ ਤਖ਼ਤ ਸਾਹਿਬ ਵੱਲ ਗਈ। ਸੰਗਤ ਨੂੰ ਆਉਂਦਿਆਂ ਵੇਖ ਕੇ ਪੁਜਾਰੀ, ਤਖ਼ਤ ਸਾਹਿਬ ਨੂੰ ਸੁੰਨਾ ਛੱਡ ਕੇ ਚਲੇ ਗਏ। ਉਨ੍ਹਾਂ ਦੇ ਜਾਣ ਮਗਰੋਂ ਸੰਗਤ ਨੇ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਲਈ। ਅਕਾਲ ਤਖ਼ਤ ਸਾਹਿਬ ਉਤੇ ਸਿੱਖ ਆਗੂਆਂ ਦੇ ਲੈਕਚਰ ਹੋਏ। ਬਾਅਦ ਵਿੱਚ ਹਾਜ਼ਰ ਸੰਗਤ ਨੇ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਵਾਸਤੇ 25 ਸਿੰਘਾਂ ਦਾ ਇੱਕ ਜੱਥਾ ਬਣਾਉਣ ਦਾ ਫ਼ੈਸਲਾ ਕੀਤਾ। ਇਸ ਤਰ੍ਹਾਂ ਪੁਜਾਰੀਆਂ ਨੂੰ ਲਾਂਭੇ ਕਰਕੇ ਕਮੇਟੀ ਨੇ ਅਕਾਲ ਤਖਤ ਦੀ ਸੇਵਾ ਸੰਭਾਲ ਲਈ।

ਸ੍ਰੀ ਦਰਬਾਰ ਸਾਹਿਬ ਦੇ ਅੰਮ੍ਰਿਤ ਵੇਲੇ ਕਿਵਾੜ ਖੁਲ੍ਹਣ ਤੋਂ ਇੱਕ ਘੰਟਾ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਿਵਾੜ ਖੁੱਲ੍ਹ ਜਾਂਦੇ ਹਨ। ਉਸ ਤੋਂ ਇੱਕ ਘੰਟਾ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉੱਪਰ ਨਗਾਰੇ 'ਤੇ ਨਗਾਰਚੀ ਚੋਟ ਲਗਾਉਂਦਾ ਹੈ। ਗੁਰੂ ਸਾਹਿਬ ਜੀ ਦੀ ਸਵਾਰੀ ਸ੍ਰੀ ਦਰਬਾਰ ਸਾਹਿਬ ਵਿਖੇ ਲੈ ਕੇ ਜਾਣ ਸੰਬੰਧੀ ਮਰਯਾਦਾ ਅਨੁਸਾਰ ਸਾਰੀ ਪ੍ਰਕਿਰਿਆ ਪੂਰੀ ਕਰਨ ਉਪਰੰਤ ਦਰਸ਼ਨੀ ਡਿਊਢੀ ਵਿੱਚ ਸੁਨਹਿਰੀ ਪਾਲਕੀ ਦੇ ਦਾਖਲ ਹੋਣ ਤੱਕ ਨਗਾਰਾ ਵੱਜਦਾ ਰਹਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਦੇ ਚਲੇ ਜਾਣ ਤੋਂ ਬਾਅਦ ਤਖ਼ਤ ਸਾਹਿਬ ਦੇ ਅੰਦਰਵਾਰ ਤੇ ਬਾਹਰਵਾਰ ਦੋਹਾਂ ਥਾਵਾਂ ਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦੇ ਦੋ ਪਾਵਨ ਸਰੂਪਾਂ ਦਾ ਸਤਿਕਾਰ ਸਹਿਤ ਪ੍ਰਕਾਸ਼ ਕੀਤਾ ਜਾਂਦਾ ਹੈ। ਫਿਰ ਇਤਿਹਾਸਕ ਸ਼ਸਤਰਾਂ ਦੇ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ। ਤਖ਼ਤ ਸਾਹਿਬ ਦੇ ਸਾਹਮਣੇ ਹੇਠ ਤਖ਼ਤ ਸਾਹਿਬ ਦਾ ਹਜ਼ੂਰੀ ਰਾਗੀ ਜੱਥਾ 'ਆਸਾ ਦੀ ਵਾਰ' ਦਾ ਕੀਰਤਨ ਕਰਦਾ ਹੈ।

**ਬਲਿਊ ਸਟਾਰ ਆਪ੍ਰੇਸ਼ਨ ਸਮੇਂ ਹੋਈ ਬਰਬਾਦੀ**

ਜੂਨ 1984 ਵਿੱਚ ਭਾਰਤੀ ਸੈਨਾ ਦੀ ਬਲਿਊ ਸਟਾਰ ਆਪ੍ਰੇਸ਼ਨ ਸਮੇਂ ਕੀਤੀ ਕਾਰਵਾਈ ਦੇ ਨਤੀਜੇ ਵਜੋਂ ਅਕਾਲ ਤਖ਼ਤ ਦਾ ਭਾਰੀ ਨੁਕਸਾਨ ਹੋਇਆ। 4 ਤੋਂ 6 ਜੂਨ 1984 ਨੂੰ ਭਾਰਤੀ ਸੈਨਾ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਤੇ ਉਸਦੇ ਹਥਿਆਰਬੰਦ ਹਮੈਤੀਆਂ ਨੂੰ ਕਾਬੂ ਕਰਨ ਲਈ ਟੈਂਕ ਤੱਕ ਇਸਤੇਮਾਲ ਕੀਤੇ ਸਨ।

......ਜੋ ਕੁਝ 1984 ਵਿੱਚ ਹੋਇਆ ਉਹ ਸਾਡੇ ਸੰਵਿਧਾਨ ਵਿੱਚ ਦਰਜ ਰਾਸ਼ਟਰ ਦੇ ਸੰਕਲਪ ਦਾ ਹੀ ਵਿਰੋਧ ਹੈ। ਅਤੀਤ ਸਾਡੇ ਪਿੱਛੇ ਰਹਿ ਗਿਆ ਹੈ। ਉਸਨੂੰ ਅਸੀਂ ਬਦਲ ਨਹੀਂ ਸਕਦੇ, ਲੇਕਿਨ ਭਵਿੱਖ ਨੂੰ ਅਸੀਂ ਲਿਖ ਸਕਦੇ ਹਾਂ। ਸਾਡੇ ਕੋਲ ਸਾਡੇ ਸਾਰਿਆਂ ਲਈ ਬਿਹਤਰ ਭਵਿੱਖ ਲਿਖ ਲੈਣ ਦੀ ਇੱਛਾ ਸ਼ਕਤੀ ਹੋਣੀ ਚਾਹੀਦੀ ਹੈ। 2005 ਵਿੱਚ ਕਾਂਗਰਸ ਪਾਰਟੀ ਵਲੋਂ ਬਣੇ ਦੇਸ਼ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਉਨ੍ਹਾਂ ਮੰਦਭਾਗੇ ਦਿਨਾਂ ਦੌਰਾਨ ਵਾਪਰੀਆਂ ਮਾੜੀਆਂ ਘਟਨਾਵਾਂ ਲਈ ਸਿੱਖਾਂ ਤੋਂ ਹੀ ਨਹੀਂ, ਸਾਰੇ ਰਾਸ਼ਟਰ ਤੋਂ ਮੁਆਫੀ ਮੰਗੀ ਸੀ।

ਬਹੁਤ ਸਾਰੇ ਵਿਦਵਾਨਾਂ ਦੀ ਰਾਇ ਹੈ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਦਾ ਕੋਈ ਅਹੁਦਾ ਪੱਕਾ ਨਹੀਂ ਸੀ ਜਦੋਂ ਵੀ ਕਿਤੇ ਕੋਈ ਪੰਥ ਵਿੱਚ ਦੁਬਿਧਾ ਆਉਂਦੀ ਸੀ ਤਿਆਰ ਬਰ ਤਿਆਰ ਪੰਜ ਸਿੰਘਾਂ ਦੀ ਚੋਣ ਕੀਤੀ ਜਾਂਦੀ ਸੀ ਅਤੇ ਉਹ ਪੰਜੇ ਸਿੰਘ ਵਿਚਾਰ ਕਰਕੇ ਬਿਨਾਂ ਕਿਸੇ ਭੇਦ ਭਾਵ ਦੇ ਫੈਸਲੇ ਕਰਦੇ ਸਨ, ਉਨ੍ਹਾਂ ਫੈਸਲਿਆਂ ਨੂੰ ਮੰਨਣਾ ਤਾਂ ਪੈਂਦਾ ਹੀ ਸੀ ਪਰ ਕੋਈ ਵੀ ਸਿੱਖ ਉਸ ਫੈਂਸਲੇ ਤੇ ਨੁਕਤਾਚੀਨੀ ਜਾਂ ਵਿਰੋਧ ਵਿੱਚ ਕੁਝ ਵੀ ਨਹੀਂ ਸੀ ਬੋਲਦਾ। ਭਾਵੇਂ ਉਹ ਫੈਸਲਾ ਕਿੰਨੇ ਵੀ ਵੱਡੇ ਰਸੂਖ ਵਾਲੇ ਨੂੰ ਸੁਣਾਇਆ ਹੋਵੇ। ਉਦਾਹਰਣ ਦੇ ਤੌਰ ਤੇ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਜਥੇਦਾਰ ਅਕਾਲੀ ਫੂਲਾ ਸਿੰਘ ਜੀ ਨੇ ਅਕਾਲ ਤਖਤ ਤੇ ਤਲਬ ਕੀਤਾ ਅਤੇ ਨੰਗੇ ਪਿੰਡੇ ਤੇ ਕੋੜੇ ਮਾਰਨ ਦਾ ਹੁਕਮ ਸੁਣਾਇਆ



**ਅਕਾਲ ਤਖਤ ਸਾਹਿਬ ਦੀ ਪ੍ਰਭੂਸੱਤਾ ਕਾਇਮ ਰੱਖਣ ਵਾਸਤੇ ਸਿਆਸੀ ਦਬਾਅ ਖਤਮ ਹੋਣਾ ਚਾਹੀਦਾ ਹੈ। ਵਿਧੀ ਵਿਧਾਨ ਬਣਾਏ ਜਾਣ ਅਤੇ ਉਨ੍ਹਾਂ ਉਤੇ ਅਮਲ ਕੀਤਾ ਜਾਵੇ, ਜਿਸ ਨਾਲ ਮੌਕੇ ਦੇ ਹਾਕਮ ਆਪਣੀ ਮਰਜੀ ਮੁਤਾਬਕ ਵਿਧੀ ਵਿਧਾਨ ਨਾਲ ਖਿਲਵਾੜ ਨਾ ਕਰ ਸਕਣ। ਸਾਰੇ ਸਿੱਖ ਪੰਥ ਵਿੱਚ ਮਹਾਨ ਹਸਤੀਆਂ ਨੂੰ ਏਨੇ ਉੱਚੇ ਅਹੁਦਿਆਂ 'ਤੇ ਬਿਠਾਇਆ ਜਾਵੇ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਿਧਾਂਤਾਂ ਉਤੇ ਪਹਿਰਾ ਦਿੰਦੇ ਹੋਇਆਂ ਹੀ ਅਕਾਲ ਤਖਤ ਦੀ ਫਸੀਲ ਤੋਂ ਫੈਸਲੇ ਲਏ ਜਾਣ ਤਾਂ ਹੀ ਉਹ ਪੁਰਾਣਾ ਰੁਤਬਾ ਹਾਸਲ ਹੋ ਸਕਦਾ ਹੈ। ਜਿਸ ਦੀ ਸਿੱਖ ਕੌਮ ਨੂੰ ਬਹੁਤ ਜਰੂਰਤ ਹੈ।**

ਸੀ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਬਿਨਾਂ ਕਿਸੇ ਹੀਲ ਹੁੱਜਤ ਦੇ ਪਿੱਠ ਨੰਗੀ ਕਰਕੇ ਖੜੇ ਹੋ ਗਏ ਸਨ। ਬੇਸ਼ੱਕ ਜਥੇਦਾਰ ਸਾਹਿਬ ਨੇ ਕੋੜੇ ਨਾ ਮਾਰ ਕੇ ਇਸ ਸਜਾ ਨੂੰ ਮਨਸੂਖ ਕਰ ਦਿੱਤਾ ਸੀ। ਪਰ ਸਮਾਂ ਬੀਤਦਾ ਗਿਆ। ਰਾਜਨੀਤਕ ਲੋਕਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀ ਜਥੇਦਾਰ ਦੀ ਚੋਣ ਕਰਕੇ ਪੱਕਾ ਜਥੇਦਾਰ ਥਾਪ ਦਿਤਾ ਗਿਆ। ਬਹੁਤ ਸਮਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਬਿਨਾਂ ਵੋਟਾਂ ਦੀ ਚੋਣ ਤੋਂ ਹੀ ਚੁਣੇ ਜਾਂਦੇ ਸਨ, ਪਰ ਕੁਝ ਰਾਜਨੀਤਕ ਇਨਸਾਨ ਵੀ ਇਸ ਕਮੇਟੀ ਵਿੱਚ ਆ ਗਏ ਅਤੇ ਆਮ ਚੋਣਾਂ ਦੀ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਚੁਣਿਆ ਜਾਣ ਲੱਗਾ। ਭਾਵੇਂ ਕਿ ਇਨ੍ਹਾਂ ਦੀ ਚੋਣ ਪੰਜ ਸਾਲ ਵਾਸਤੇ ਹੀ ਸੀ ਪਰ ਕਦੇ ਵੀ ਸਹੀ ਸਮੇਂ ਤੇ ਚੋਣਾਂ ਨਾ ਕਰਵਾਈਆਂ ਗਈਆਂ। ਸਮਾਂ ਪਾ ਕੇ ਇੱਕ ਪਰਿਵਾਰ ਦਾ ਦਬਦਬਾ ਏਨਾ ਵੱਧ ਗਿਆ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਿਸੇ ਵੀ ਸੰਵਿਧਾਨਕ ਅਹੁਦੇ ਤੇ ਨਾ ਹੋ ਕੇ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ

ਮਾਲਕ ਹੀ ਬਣ ਬੈਠੇ ਅਤੇ ਅੱਜ ਵੀ ਹਨ।

ਜਥੇਦਾਰ ਦਾ ਅਹੁਦਾ ਤਾਂ ਬਣਾ ਲਿਆ ਗਿਆ ਪਰ ਉਨ੍ਹਾਂ ਦੀ ਚੋਣ ਦਾ ਕੋਈ ਵੀ ਵਿਧੀ ਵਿਧਾਨ ਨਾ ਬਣਾਇਆ ਗਿਆ, ਜੋ ਕੁਝ ਥੋੜਾ ਬਹੁਤਾ ਸੀ ਉਸ ਉਤੇ ਅਮਲ ਨਾ ਕੀਤਾ ਗਿਆ, ਜਿਸ ਕਰਕੇ ਸਮੇਂ ਸਮੇਂ ਤੇ ਅਕਾਲੀ ਲੀਡਰਾਂ ਵਲੋਂ ਜਥੇਦਾਰ ਸਾਹਿਬਾਂ ਤੋਂ ਆਪਣੇ ਹਿੱਤ ਵਿੱਚ ਅਤੇ ਵਿਰੋਧੀਆਂ ਨੂੰ ਠਿੱਬੀ ਲਾਉਣ ਵਾਲੇ ਫੈਸਲੇ ਕਰਵਾਏ ਗਏ ਅਤੇ ਅੱਜ ਵੀ ਕਰਵਾਏ ਜਾ ਰਹੇ ਹਨ। ਬਹੁਤ ਸਤਿਕਾਰਤ ਅਹੁਦਾ ਹੋਣ ਕਰਕੇ ਜਥੇਦਾਰ ਸਾਹਿਬਾਂ ਨੂੰ ਬਹੁਤ ਸਾਰੀਆ ਸਹੂਲਤਾਂ ਦਿੱਤੀਆਂ ਗਈਆਂ। ਮੇਰੇ ਵਿਚਾਰ ਨਾਲ ਲੋੜੋਂ ਵੱਧ ਦਿੱਤੀਆਂ ਸਹੂਲਤਾਂ ਨੇ ਇਸ ਵਕਾਰੀ ਅਹੁਦੇ ਨੂੰ ਸੱਟ ਮਾਰੀ। ਅਕਾਲੀ ਦਲ ਦੇ ਅਹੁਦੇਦਾਰਾਂ ਵਲੋਂ ਜਦੋਂ ਵੀ ਕੋਈ ਫੈਸਲਾ (ਇਕਤਰਫਾ) ਕਰਵਾਇਆ ਗਿਆ। ਕੋਈ ਜਥੇਦਾਰ ਵੀ ਹੁਕਮਰਾਨਾਂ ਦੇ ਅੱਗੇ ਨਾ ਬੋਲਿਆ ਅਤੇ ਘੜੇ ਘੜਾਏ ਫੈਸਲੇ ਸੁਣਾਉਂਦੇ ਰਹੇ। ਸਮਾਂ ਲੰਘਣ ਤੋਂ ਬਾਅਦ ਜਾਂ ਥੋੜੀ ਬਹੁਤੀ ਜਮੀਰ ਜਾਗਣ ਉਪਰੰਤ ਜੇ ਜਥੇਦਾਰ ਸਾਹਿਬਾਨ ਨੇ ਕੋਈ ਆਨਾ ਕਾਨੀ ਜਾਂ ਕੋਈ ਬਿਆਨ ਉਸ ਪਰਿਵਾਰ ਦੇ ਵਿਰੋਧ ਵਿੱਚ ਦੇ ਦਿੱਤਾ ਤਾਂ ਰਾਤੋ ਰਾਤ ਅਤੇ ਬੜੀ ਬੇਕਦਰੀ ਨਾਲ ਜਥੇਦਾਰ ਸਾਹਿਬ ਨੂੰ ਬਦਲਿਆ ਗਿਆ। ਫਿਰ ਉਹਨਾਂ ਜਥੇਦਾਰ ਸਾਹਿਬਾਂ ਨੇ ਬਾਹਰ ਆ ਕੇ ਰੌਲਾ ਪਾਇਆ, ਪਰ ਆਮ ਸੰਗਤ ਨੇ ਉਨ੍ਹਾਂ ਨੂੰ ਸਵੀਕਾਰ ਨਾ ਕੀਤਾ ਸਗੋਂ ਇਹ ਵੀ ਕਿਹਾ ਕਿ ਜਦੋਂ ਕੁਰਸੀ ਤੇ ਬੈਠੇ ਸੀ, ਉਸ ਸਮੇਂ ਗਲਤ ਹੁਕਮਨਾਮੇ ਕਿਉਂ ਦਿਤੇ ਅਸਤੀਫਾ ਦੇ ਦਿੰਦੇ। ਮੇਰੇ ਖਿਆਲ ਵਿੱਚ ਕਿਸੇ ਵੀ ਜਥੇਦਾਰ ਨੇ ਰਾਜਨੀਤਕ ਦਬਾਅ ਦੇ ਵਿਰੁੱਧ ਜਾ ਕੇ ਅਸਤੀਫਾ ਨਹੀਂ ਦਿੱਤਾ-ਇੱਕ ਅੱਧੇ ਅਜੋਕੇ ਜਥੇਦਾਰ ਨੂੰ ਛੱਡ ਕੇ।

ਸੰਗਤਾਂ ਦੇ ਜਾਗਰੂਕ ਹੋਣ ਦੇ ਨਾਲ ਅਤੇ ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ ਦੇ ਦੋਸ਼ੀ ਸੌਦਾ ਸਾਧ ਨੂੰ ਬਿਨ ਮੰਗਿਆ ਅਕਾਲ ਤਖਤ ਤੇ ਪੇਸ਼ ਹੋਣ ਤੋਂ ਬਿਨਾਂ ਹੀ ਮੁਆਫੀ ਦੇਣ ਕਰਕੇ ਅਕਾਲ ਤਖਤ ਦੀ ਪ੍ਰਭੂਸੱਤਾ ਨੂੰ ਚੈਲੰਜ ਕਰਨ ਵਾਲੇ ਬਿਆਨ ਆਉਣੇ ਸ਼ੁਰੂ ਹੋ ਗਏ ਅਤੇ ਆਮ ਸੰਗਤ ਨੇ ਅਕਾਲੀ ਦਲ ਬਾਦਲ ਨੂੰ ਆਮ ਚੋਣਾਂ ਵਿੱਚ ਨਕਾਰ ਦਿੱਤਾ। ਉਸ ਮੁਆਫੀ ਨੂੰ ਸਹੀ ਸਿੱਧ ਕਰਨ ਵਾਸਤੇ 90 ਲੱਖ ਦੇ ਕਰੀਬ ਇਸ਼ਤਿਹਾਰ ਬਾਜੀ ਉਤੇ ਲਾ ਦਿੱਤੇ ਗਏ, ਜੋ ਗੁਰੂ ਦੀ ਗੋਲਕ ਦਾ ਪੈਸਾ ਸੀ। ਸੰਗਤਾਂ ਨੇ ਪੁਰ ਜੋਰ ਵਿਰੋਧ ਕੀਤਾ ਫਿਰ ਮੁਆਫੀ ਵਾਪਸ ਲੈ ਲਈ ਗਈ। ਇਹ ਸਾਰਾ ਕੁਝ ਸ: ਸੁਖਬੀਰ ਸਿੰਘ ਬਾਦਲ ਨੂੰ ਲਾਭ ਦੇਣ ਵਾਸਤੇ ਉਨ੍ਹਾਂ ਦੇ ਕਹੇ ਮੁਤਾਬਕ ਹੋਇਆ ਸੀ। ਅਸਲ ਵਿੱਚ ਸ: ਪ੍ਰਕਾਸ਼ ਸਿੰਘ ਬਾਦਲ ਨੇ ਅਕਾਲੀ ਪਾਰਟੀ ਨੂੰ ਪੰਜਾਬੀ ਪਾਰਟੀ ਦਾ ਨਾਂ ਦੇ ਦਿੱਤਾ ਅਤੇ ਪਾਰਟੀ ਨੇ ਆਪਣੇ ਭਾਵ ਅਕਾਲੀ ਦਲ ਵਲੋਂ ਪੰਥ ਦੀ ਅਗਵਾਈ ਕਰਨ ਅਤੇ ਸਿੱਖਾਂ ਦੇ ਹਿੱਤਾਂ ਦੀ ਪ੍ਰਵਾਹ ਕਰਨੀ ਛੱਡ ਦਿੱਤੀ, ਜਿਸ ਕਾਰਨ ਸੰਗਤਾਂ ਦਾ ਬਾਦਲ ਪਰਿਵਾਰ ਵਿਰੁੱਧ ਰੋਹ ਵੱਧਣ ਲੱਗਾ। ਇਸ ਵਧਦੇ ਰੋਹ ਨੇ ਅਕਾਲੀ ਦਲ ਬਾਦਲ ਨੂੰ ਰਾਜਨੀਤਕ ਹਾਸ਼ੀਏ ਤੇ ਲਿਆ ਖੜਾ ਕੀਤਾ। ਚੋਣਾਂ ਵਿੱਚ ਬੁਰੀ ਤਰ੍ਹਾਂ ਹਾਰ ਹੋਈ। ਪਾਰਟੀ ਦੇ ਨੇਤਾ ਵੀ ਲੋਕਾਂ ਦੇ ਵਿਰੋਧ ਕਾਰਨ ਪਾਰਟੀ ਭਾਵ ਬਾਦਲ ਨੂੰ ਛੱਡ ਗਏ ਅਤੇ ਅਕਾਲ ਤਖਤ ਤੇ ਪੇਸ਼ ਹੋ ਕੇ ਆਪਣੀਆਂ ਗਲਤੀਆਂ ਮੰਨ ਲਈਆਂ। ਅਕਾਲ ਤਖਤ ਦੇ ਜਥੇਦਾਰਾਂ ਭਾਈ ਰਘਬੀਰ ਸਿੰਘ, ਦਮਦਮਾ ਸਾਹਿਬ ਦੇ ਜਥੇਦਾਰ ਭਾਈ ਹਰਪ੍ਰੀਤ ਸਿੰਘ, ਕੇਸਗੜ੍ਹ ਦੇ ਜਥੇਦਾਰ ਭਾਈ ਸੁਲਤਾਨ ਸਿੰਘ ਜੀ ਸਮੇਤ ਮੁੱਖ ਗ੍ਰੰਥੀ ਦਰਬਾਰ ਸਾਹਿਬ ਪੰਜ ਜਥੇਦਾਰਾਂ ਨੇ ਸੱਚ ਤੇ ਪਹਿਰਾ ਦੇਣ ਦੀ ਕੋਸ਼ਿਸ਼ ਕਰਕੇ ਪਹਿਲੀ ਵਾਰ ਸ: ਸੁਖਬੀਰ ਸਿੰਘ ਬਾਦਲ ਨੂੰ ਦੋਸ਼ੀ ਕਰਾਰ ਦੇ ਦਿੱਤਾ। ਭਾਰੀ ਖਿਚੋਤਾਣ ਹੁੰਦੀ ਰਹੀ, ਅਖੀਰ 2 ਦਸੰਬਰ 2024 ਨੂੰ ਦੁਬਾਰਾ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਸੁਖਬੀਰ ਸਿੰਘ ਬਾਦਲ ਅਤੇ ਸਮੂਹ ਸੱਤਾ ਵਿੱਚ ਰਹੇ ਲੀਡਰਾਂ ਨੂੰ ਪੇਸ਼ ਹੋਣ ਦੇ ਹੁਕਮ ਦਿੱਤੇ ਗਏ ਅਤੇ ਬਹੁਤ ਹੀ ਇਤਿਹਾਸਕ ਫੈਸਲਾ ਸੁਣਾ ਦਿੱਤਾ ਗਿਆ। ਜਿਥੇ ਸੇਵਾ ਨੁਮਾ ਸਜਾਵਾਂ ਦਿਤੀਆਂ ਗਈਆਂ, ਉਥੇ ਸੁਖਬੀਰ ਸਿੰਘ ਬਾਦਲ ਦੁਆਰਾ ਸਾਰੀਆਂ ਗਲਤੀਆਂ ਨੂੰ ਮੰਨਿਆ ਅਤੇ ਸਿੰਘ ਸਾਹਿਬਾਨਾਂ ਅੱਗੇ ਨਾਟਕੀ ਢੰਗ ਨਾਲ ਸਿਰ ਝੁਕਾ ਦਿੱਤਾ। ਅਕਾਲੀ ਦਲ ਦੀ ਨਵੀਂ ਭਰਤੀ ਕਰਨ ਦੇ ਆਦੇਸ਼ ਦੇ ਨਾਲ ਨਾਲ ਸ: ਪ੍ਰਕਾਸ਼ ਸਿੰਘ ਬਾਦਲ ਤੋਂ ਫ਼ਖਰੇ-ਏ-ਕੌਮ ਖਿਤਾਬ ਵਾਪਸ ਲੈ ਲਿਆ ਗਿਆ। ਜੋ ਇਸ ਪਰਿਵਾਰ ਵਾਸਤੇ ਬਹੁਤ ਵੱਡੀ ਨਮੋਸ਼ੀ ਦਾ ਕਾਰਨ ਬਣਿਆ। ਇੰਝ ਲੱਗਦਾ ਸੀ ਕਿ ਹੁਣ ਡਿਗਿਆ ਹੋਇਆ ਵਿਕਾਰ ਫਿਰ ਬਹਾਲ ਹੋ ਜਾਵੇਗਾ ਅਤੇ ਜਥੇਦਾਰ ਅਕਾਲੀ ਫੂਲਾ ਸਿੰਘ ਸਾਹਿਬ ਵਰਗੇ ਫੈਸਲੇ ਹੋਣਗੇ। ਪਰ ਜੋ ਮੈਂ ਪਹਿਲਾਂ ਲਿਖ ਚੁੱਕਾ ਹਾਂ ਕਿ ਜਥੇਦਾਰ ਸਾਹਿਬਾ ਨੂੰ ਲਾਉਣ ਅਤੇ ਹਟਾਉਣ ਦਾ ਕੋਈ ਠੋਸ ਵਿਧੀ ਵਿਧਾਨ ਨਹੀਂ ਹੈ, ਜਿਸ ਕਰਕੇ ਸ: ਸੁਖਬੀਰ ਸਿੰਘ ਬਾਦਲ ਦੇ ਇਸ਼ਾਰੇ ਤੇ ਤਿੰਨੋਂ ਜਥੇਦਾਰਾਂ ਨੂੰ ਅਹੁਦਿਆਂ ਤੋਂ ਹਟਾ ਦਿੱਤਾ ਗਿਆ ਅਤੇ ਰਾਤ ਨੂੰ 3-4 ਵਜੇ ਨਵੇਂ ਜਥੇਦਾਰ ਦੀ ਤਾਜਪੋਸ਼ੀ ਕਰ ਦਿਤੀ। ਨਵੇਂ ਬਣੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਜੀ ਦਾ ਵਿਰੋਧ ਸ਼ੁਰੂ ਹੋ ਗਿਆ, ਜੋ ਅਸਲ ਵਿੱਚ ਜਥੇਦਾਰ ਕੁਲਦੀਪ ਸਿੰਘ ਗੜਗੱਜ ਜੀ ਦਾ ਵਿਰੋਧ ਨਹੀਂ, ਸਗੋਂ ਸ: ਸੁਖਬੀਰ ਸਿੰਘ ਬਾਦਲ ਦਾ ਅਤੇ ਮਰਿਯਾਦਾ ਤੋਂ ਬਾਹਰ ਹੋਣ ਦਾ ਜਿਆਦਾ ਵਿਰੋਧ ਹੋ ਰਿਹਾ ਹੈ। ਜੇ ਏਨੀ ਵੱਡੀ ਪਦਵੀ ਤੇ ਬੈਠਣ ਅਤੇ ਉਤਰਨ ਦੇ ਵਿਧੀ ਵਿਧਾਨ ਉਤੇ ਪਹਿਰਾ ਦਿੱਤਾ ਹੁੰਦਾ ਤਾਂ ਕੌਮ ਦੀ ਕਿਰਕਰੀ ਨਹੀਂ ਸੀ ਹੋਣੀ। 1984 ਦੇ ਸ਼ਹੀਦ ਸਿੰਘਾਂ ਦੇ ਨਾਂ ਤੇ ਸਿਆਸਤ ਹੋਈ ਅਤੇ ਚਲਦੀ ਆ ਰਹੀ ਮਰਿਯਾਦਾ ਤੋੜਨ ਵਿੱਚ ਬਾਬਾ ਹਰਨਾਮ ਸਿੰਘ ਧੁੰਮਾ ਜੀ ਪਹੁੰਚ ਗਏ। ਆਪ ਜਿਸ ਤਰੀਕੇ ਨਾਲ ਦਮਦਮੀ ਟਕਸਾਲ ਦੇ ਮੁਖੀ ਦੀ ਕੁਰਸੀ ਤੇ ਬੈਠੇ ਸਨ, ਉਹ ਭੁੱਲ ਗਏ। ਕਈ ਸਮਝੌਤੇ ਕਰਕੇ ਸ਼ਹੀਦੀ ਦਿਹਾੜਾ (1984) ਲੰਘਾਇਆ ਗਿਆ। ਅਖੇ ਏਨੀ ਸ਼ਾਂਤੀ ਨਾਲ ਕਦੇ ਵੀ ਪ੍ਰੋਗਰਾਮ ਸਿਰੇ ਨਹੀਂ ਚੜਿਆ। ਸਾਰਾ ਸਿੱਖ ਜਗਤ ਇਸ ਸ਼ਾਂਤੀ ਨੂੰ ਵੇਖ ਰਿਹਾ ਸੀ ਅਤੇ ਸਮਝ ਰਿਹਾ ਸੀ।

ਅਖੀਰ ਵਿੱਚ ਇਹ ਕਹਿਣਾ ਚਾਹਾਂਗਾ ਕਿ ਅਕਾਲ ਤਖਤ ਸਾਹਿਬ ਦੀ ਪ੍ਰਭੂਸੱਤਾ ਕਾਇਮ ਰੱਖਣ ਵਾਸਤੇ ਸਿਆਸੀ ਦਬਾਅ ਖਤਮ ਹੋਣਾ ਚਾਹੀਦਾ ਹੈ। ਵਿਧੀ ਵਿਧਾਨ ਬਣਾਏ ਜਾਣ ਅਤੇ ਉਨ੍ਹਾਂ ਉਤੇ ਅਮਲ ਕੀਤਾ ਜਾਵੇ, ਜਿਸ ਨਾਲ ਮੌਕੇ ਦੇ ਹਾਕਮ ਆਪਣੀ ਮਰਜੀ ਮੁਤਾਬਕ ਵਿਧੀ ਵਿਧਾਨ ਨਾਲ ਖਿਲਵਾੜ ਨਾ ਕਰ ਸਕਣ। ਸਾਰੇ ਸਿੱਖ ਪੰਥ ਵਿੱਚ ਮਹਾਨ ਹਸਤੀਆਂ ਨੂੰ ਏਨੇ ਉੱਚੇ ਅਹੁਦਿਆਂ ’ਤੇ ਬਿਠਾਇਆ ਜਾਵੇ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਿਧਾਂਤਾਂ ਉਤੇ ਪਹਿਰਾ ਦਿੰਦੇ ਹੋਇਆਂ ਹੀ ਅਕਾਲ ਤਖਤ ਦੀ ਫਸੀਲ ਤੋਂ ਫੈਸਲੇ ਲਏ ਜਾਣ ਤਾਂ ਹੀ ਉਹ ਪੁਰਾਣਾ ਰੁਤਬਾ ਹਾਸਲ ਹੋ ਸਕਦਾ ਹੈ। ਜਿਸ ਦੀ ਸਿੱਖ ਕੌਮ ਨੂੰ ਬਹੁਤ ਜਰੂਰਤ ਹੈ। ਗੁਰੂ ਸਾਹਿਬ ਆਪ ਹੀ ਕਿਰਪਾ ਕਰਨ ਅਤੇ ਸਿੱਖ ਪੰਥ ਦੀ ਚੜਦੀ ਕਲਾ ਹੋਵੇ।

-0-

# ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ ‘ਗੁਰਮਤਿ ਵਿਰਸਾ’ ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
**ਗੁਰਮਤਿ ਵਿਰਸਾ**
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ

**M:** 79733-70542
**Email:** gurmatvirsa@gmail.com

# ਪਾਠਕਾਂ ਦੇ ਸਵਾਲਾਂ ਦੇ ਜਵਾਬ

–ਗੁਰਮਤਿ ਵਿਰਸਾ
ਬਿਊਰੋ

**1. ਸਵਾਲ– ਧਰਮ ਰਾਜ ਤੋਂ ਕੀ ਭਾਵ ਹੈ?**

**ਜਵਾਬ**—ਸੰਸਕ੍ਰਿਤ ਗ੍ਰੰਥਾਂ ਵਿੱਚ ਧਰਮ ਅਤੇ ਧਰਮਰਾਜ ਨਾਮ ਯਮ ਅਥਵਾ ਯਮਰਾਜ ਦਾ ਹੈ, ਗੁਰਮਤਿ ਵਿੱਚ ਨਿਆਂਕਾਰੀ ਕਰਤਾਰ ਲਈ ਵਰਤਿਆ ਗਿਆ ਹੈ। ਪੌਰਾਣਿਕ ਧਰਮ ਰਾਜ ਨਾਲ ਸਿੱਖਾਂ ਨਾਲ ਵਾਸਤਾ ਨਹੀਂ ਪੈਂਦਾ ਅਰ ਨਾ ਹੀ ਸਿੱਖਾਂ ਨੂੰ ਕੋਈ ਯਮ ਦਾ ਭੈ ਸੰਤਾਪ ਹੈ—

**ਧਰਮ ਰਾਇ ਨੋ ਹੁਕਮੁ ਹੈ**
**ਬਹਿ ਸਚਾ ਧਰਮੁ ਬੀਚਾਰਿ॥**
**ਦੂਜੈ ਭਾਇ ਦੁਸਟੁ ਆਤਮਾ**
**ਓਹੁ ਤੇਰੀ ਸਰਕਾਰ॥ (38)**

ਧਰਮ ਰਾਇ ਮਨੁੱਖ ਦੇ ਦਿਮਾਗ ਵਿਚ ਹੀ ਹੈ, ਜਦੋਂ ਮਨੁੱਖ ਨੂੰ ਭੈੜੇ ਕਰਮ ਦੀ ਸਮਝ ਆਉਂਦੀ ਹੈ ਤਾਂ ਭੈੜੇ ਕਰਮ ਵਾਲਾ ਕਾਗਜ਼ ਪਾੜ ਦਿੰਦਾ ਹੈ—

**ਜਿਨ ਕਉ ਕ੍ਰਿਪਾ ਕਰੀ ਜਗਜੀਵਨਿ**
**ਹਰਿ ਉਰਿ ਧਾਰਿਓ ਮਨ ਮਾਝਾ॥**
**ਧਰਮ ਰਾਇ ਦਰਿ ਕਾਗਦ ਫਾਰੇ**
**ਜਨ ਨਾਨਕ ਲੇਖਾ ਸਮਝਾ॥ (698)**

**2. ਸਵਾਲ– ਚਿਤ੍ਰ ਗੁਪਤ ਤੋਂ ਕੀ ਭਾਵ ਹੈ?**

**ਜਵਾਬ**—ਗੁਰਮਤਿ ਅਨੁਸਾਰ ਸਾਡੀ ਆਤਮਾ, ਜ਼ਮੀਰ ਜੋ ਗੁਪਤ ਰੀਤ ਨਾਲ ਸ਼ੁਭ ਅਸ਼ੁਭ ਕਰਮਾ ਨੂੰ ਪਾਲਦਾ ਹੈ ਉਸ ਨੂੰ ਗੁਪਤ ਕਹਿਆ ਜਾਂਦਾ ਹੈ। ਸ਼ੁਭ ਤੇ ਅਸ਼ੁਭ ਕਰਮ ਨੂੰ ਜਦੋਂ ਅਮਲੀ ਜਾਮਾ ਪਹਿਨਾਉਂਦਾ ਹੈ ਤਾਂ ਉ ਹਚਿੱਤ੍ਰ ਬਣਦਾ ਹੈ। ਗੁਰੂ ਆਸ਼ੇ ਅਨੁਸਾਰ ਚਲਣ ਵਾਲਾ ਅੰਦਰੋਂ ਬਾਹਰੋਂ ਇਕੋ ਜੇਹਾ ਹੁੰਦਾ ਹੈ—

**ਚਿਤ੍ਰ ਗੁਪਤ ਕਾ ਕਾਗਦੁ ਫਾਰਿਆ**
**ਜਮਦੂਤਾ ਕਛੂ ਨ ਚਲੀ॥**
**ਨਾਨਕੁ ਸਿਖ ਦੇਇ ਮਨ ਪ੍ਰੀਤਮ**
**ਹਰਿ ਲਦੇ ਖੇਪ ਸਵਲੀ॥ (79)**

**3. ਸਵਾਲ– ਪੁਰਾਣਾ ਅਨੁਸਾਰ ਚਿਤ੍ਰ ਗੁਪਤ ਕੀ ਹੈ?**

**ਜਵਾਬ**—ਹਿੰਦੂ ਦੇ ਗ੍ਰੰਥ ਪਰਾਣ ਅਨੁਸਾਰ ਧਰਮਰਾਜ ਦੇ ਦੋ ਚਿਤ੍ਰ ਗੁਪਤ ਮੁਨਸ਼ੀ ਹਨ ਜੋ ਮਨੁੱਖਾਂ ਦਾ ਗੁਪਤ ਹਿਸਾਬ ਕਿਤਾਬ ਲਿਖਦੇ ਹਨ। ਗੁਰਮਤਿ ਸਮਝਾਉਂਦੀ ਹੈ—

**ਚਿਤ੍ਰ ਗੁਪਤੁ ਸਭ ਲਿਖਤੇ ਲੇਖਾ॥**
**ਭਗਤ ਜਨਾ ਕਉ ਦ੍ਰਿਸਟਿ ਨ ਪੇਖਾ॥**
**(393)**

**4. ਸਵਾਲ– ਕੀ ਧਰਤੀ ਨੂੰ ਕਿਸੇ ਬਲਦ ਨੇ ਚੁੱਕਿਆ ਹੋਇਆ ਹੈ?**

**ਜਵਾਬ**—ਧਰਤੀ ਨੂੰ ਚੁੱਕਣ ਵਾਲਾ ਕੋਈ ਚਿੱਟਾ ਬਲਦ ਨਹੀਂ ਹੈ। ਧਰਤੀ ਨੂੰ ਧਰਮ ਰੂਪੀ ਬਲਦ ਨੇ ਚੁੱਕਿਆ ਹੋਇਆ ਹੈ ਜੇਹਾ ਕਿ

**ਧੌਲੁ ਧਰਮੁ ਦਇਆ ਕਾ ਪੂਤੁ॥**
**ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ (3)**

**5. ਸਵਾਲ– ਕੀ ਸਿੱਖ ਧਰਮ ਵਿਚ ਕੋਈ ਨਸ਼ਾ ਜਾਂ ਭੰਗ ਆਦਿ ਦਾ ਸੇਵਨ ਕੀਤਾ ਜਾ ਸਕਦਾ ਹੈ?**

**ਜਵਾਬ**—ਗੁਰਮਤਿ ਮਾਰਤੰਡ ਦੇ ਪੰਨਾ 611 ਤੇ ਲਿਖਿਆ ਹੈ ਸਿੱਖ ਧਰਮ ਅਨੁਸਾਰ, ਬਲ ਬੁੱਧੀ ਵਿਨਾਸ਼ਕ ਨਸ਼ੇ ਜਿੰਨ੍ਹਾਂ ਤੋਂ ਪ੍ਰਾਧੀਨਤਾ, ਆਲਸ, ਕਮਜ਼ੋਰੀ ਅਤੇ ਕਈ ਰੋਗ ਤਥਾ ਵਿਕਾਰ ਉਪਜਦੇ ਹਨ, ਪੂਰੀ ਤਰ੍ਹਾਂ ਨਿਸ਼ੇਧ ਕੀਤੇ ਗਏ ਹਨ। ਗੁਰਦੇਵ ਪਿਤਾ ਜੀ ਨੇ ਆਤਮਕ ਸ਼ਰਾਬ ਸਬੰਧੀ ਬੜਾ ਪਿਆਰਾ ਉਪਦੇਸ਼ ਕੀਤਾ ਹੈ—

**ਸਚੁ ਸਰਾ ਗੁੜ ਬਾਹਰਾ**
**ਜਿਸੁ ਵਿਚਿ ਸਚਾ ਨਾਉ॥**
**ਸੁਣਹਿ ਵਖਾਣਹਿ ਜੇਤੜੇ**
**ਹਉ ਤਿਨ ਬਲਿਹਾਰੈ ਜਾਉ॥**
**ਤਾ ਮਨੁ ਖੀਵਾ ਜਾਣੀਐ**
**ਜਾ ਮਹਲੀ ਪਾਏ ਥਾਉ॥ (15)**

**6. ਸਵਾਲ—ਨਗਰ ਕੀਰਤਨ ਤੋਂ ਕੀ ਭਾਵ ਹੈ?**

**ਜਵਾਬ**- ਖ਼ਾਸ ਉਤਸਵਾਂ 'ਤੇ ਨਗਰ ਵਿੱਚ ਫਿਰ ਕੇ ਵਾਜੇ ਗਾਜੇ ਨਾਲ ਕੀਰਤਨ, ਉਪਦੇਸ਼ ਆਦਿ ਕਰਨ ਦੀ ਰੀਤੀ ਪੈ ਗਈ ਹੈ, ਜੋ ਧਰਮ ਪ੍ਰਚਾਰ ਲਈ ਬੁਰੀ ਨਹੀਂ, ਪਰ ਕਦੇ ਨਾਦਾਨ ਜੋਸ਼ੀਲੇ ਲੋਕਾਂ ਦੀ ਕ੍ਰਿਪਾ ਨਾਲ ਉਪੱਦਰ ਮਚ ਜਾਂਦੇ ਹਨ, ਵਿਚਾਰਵਾਨ ਪ੍ਰਬੰਧਕਾਂ ਨੂੰ ਇਹਨਾਂ ਗੱਲਾਂ ਦਾ ਖਾਸ ਧਿਆਨ ਰੱਖਣਾ ਚਾਹੀਏ।

(ੳ)--ਸ਼ਬਦ ਉਹ ਗਾਏ ਜਾਣ ਜਿੰਨ੍ਹਾਂ ਵਿੱਚ ਭਗਤੀ, ਸੇਵਾ, ਪ੍ਰੇਮ ਸ਼ਰਧਾ ਆਦਿ ਦਾ ਉਪਦੇਸ਼ ਹੋਵੇ।

(ਅ) ਵਖਿਆਨ ਕੋਮਲ ਸ਼ਬਦਾਂ ਵਿੱਚ, ਹਿੱਤ ਭਰੇ, ਪਰਸਪਰ ਪ੍ਰੀਤੀ ਵਧਾਉਣ ਵਾਲੇ ਹੋਣ।

(ੲ) ਤਰਕਵਾਦ ਦਾ ਪੂਰਾ ਤਿਆਗ ਹੋਵੇ।

(ਸ) ਖ਼ਿਮਾ ਧੀਰਜ ਸ਼ਾਤੀ ਦਾ ਕਿਸੇ ਦੇ ਭੜਕਾਉਣ 'ਤੇ ਭੀ ਤਿਆਗ ਨਾ ਕੀਤਾ ਜਾਵੇ।

(ਹ) ਨਗਾਰਾ ਨਿਸ਼ਾਨ ਜੋ ਖ਼ਾਲਸੇ ਦਾ ਮੁੱਖ ਚਿੰਨ੍ਹ ਹੈ, ਉਹ ਜੱਥੇ ਦੇ ਅੱਗੇ ਹੋਵੇ ਅਰ ਰੌਲੂ ਵਾਜਿਆਂ ਦਾ ਤਿਆਗ ਕੀਤਾ ਜਾਵੇ।

(ਕ) ਕੀਰਤਨ ਵਿੱਚ ਭੀ ਪ੍ਰਾਚੀਨ ਸਾਜ ਵਰਤੇ ਜਾਣ।

(ਖ) ਜੇ ਕਿਸੇ ਪ੍ਰਸਿੱਧ ਗੁਰਦੁਆਰੇ ਤੋਂ ਮਹੱਲੇ ਦੀ ਸ਼ਕਲ ਵਿੱਚ ਸੰਗਤ ਜਾਵੇ, ਤਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਾਥੀ ਪਾਲਕੀ ਜਾਂ ਨਵੀਂ ਤਕਨੀਕ ਟਰਾਲੇ ਆਦਿ ਨੂੰ ਸਵਾਰ ਕੇ ਗੁਰੂ ਗ੍ਰੰਥ ਸਾਹਿਬ ਅਸਥਾਪਨ ਕਰ ਕੇ ਤਾਂ ਲਿਆਂਦਾ ਜਾਵੇ, ਮਾਮੂਲੀ ਗਲੀਆਂ ਵਿੱਚ ਲੈ ਕੇ ਜਾਣੋ ਸੰਕੋਚ ਕਰਨਾ ਚਾਹੀਏ।

**7. ਸਵਾਲ– ਨਗਾਰਾ ਨਿਸ਼ਾਨ ਤੋਂ ਕੀ ਭਾਵ ਹੈ?**

**ਜਵਾਬ**—ਪੰਜ ਸਤਿਗੁਰਾਂ ਵੇਲੇ ਨਗਾਰਾ ਨਿਸ਼ਾਨ ਗੁਰ ਦਰਬਾਰ ਵਿਚ ਨਹੀਂ ਸੀ, ਲੰਗਰ ਤਿਆਰ ਹੋਣ ਵੇਲੇ ਉੱਚੀ ਅਵਾਜ਼ ਨਾਲ ਹੋਕਾ (ਸਦ) ਦਿੱਤਾ ਜਾਂਦਾ ਸੀ। ਆਸਾ ਦੀ ਵਾਰ ਅਤੇ ਸੋਦਰੁ ਦੇ ਭੋਗ ਤੇ ਰਣਸਿੰਗਾ ਅਤੇ ਸੰਖ ਵਜਾਇਆ ਜਾਂਦਾ ਸੀ। ਗੁਰੂ ਹਰਿ ਗੋਬਿੰਦ ਸਾਹਿਬ ਨੇ ਨਗਾਰਾ ਅਤੇ ਨਿਸ਼ਾਨ ਗੁਰੂ ਘਰ ਵਿਚ ਪ੍ਰਵਿਰਤ ਕੀਤਾ (ਗੁਰਮਤਿ ਮਾਰਤੰਡ ਪੰਨਾ 616)

ਸਭ ਤੋਂ ਪਹਿਲਾਂ ਨਿਸ਼ਾਨ ਸੰਮਤ 1665 ਵਿੱਚ ਅਕਾਲ ਬੁੰਗੇ ਦੇ ਉੱਪਰ ਛੇਵੇਂ ਪਾਤਸ਼ਾਹ ਨੇ ਫਹਿਰਾਇਆ। ਸੰਮਤ 1829 ਵਿੱਚ ਭੰਗੀਆਂ ਦੀ ਮਿਸਲ ਦੇ ਜੱਥੇਦਾਰ ਝੰਡਾ ਸਿੰਘ ਨੇ ਦਰਬਾਰ 'ਤੇ ਝੰਡਾ ਸਥਾਪਿਤ ਕੀਤਾ। ਸੰਮਤ 1833 ਵਿੱਚ ਬਾਵਾ ਸੰਤੋਖ ਦਾਸ ਅਤੇ ਪ੍ਰੀਤਮ ਦਾਸ ਜੀ ਉਦਾਸੀ ਸਾਧੂਆਂ ਨੇ ਵੱਡੇ ਉੱਚੇ ਨਿਸ਼ਾਨ (ਇਕ ਦਰਬਾਰ ਸਾਹਿਬ ਦਾ ਦੂਜਾ ਅਕਾਲ ਬੁੰਗੇ ਦੇ ਨਾਮ ਦਾ) ਦਰਸ਼ਨੀ ਡਿਓਢੀ ਉੱਤੇ ਅਕਾਲ ਬੁੰਗੇ ਦੇ ਸਾਹਮਣੇ ਵਿਹੜੇ ਵਿਚ ਖੜੇ ਕੀਤੇ। (ਇਹਨਾਂ ਨਿਸ਼ਾਨਾਂ ਪਾਸ ਜੋ ਖਾਲਸੇ ਨੇ ਬੁੰਗਾ ਬਣਾਇਆ, ਉਸ ਦਾ ਨਾਂ ਝੰਡਾ ਬੁੰਗਾ ਹੋ ਗਿਆ ਗੁਰਮਤਿ ਮਾਰਤੰਡ ਪੰਨਾ 616)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ, ਮਹੱਲੇ, ਖਾਲਸਾ ਦਲ, ਜੱਥੇ, ਸਿੱਖ ਸੰਗਤ ਦੇ ਅੱਗੇ ਨਿਸ਼ਾਨ ਹੋਣਾ ਜ਼ਰੂਰੀ ਹੈ। ਉਂਝ ਹਰ ਗੁਰਦੁਆਰਾ ਸਾਹਿਬ ਵਿਚ ਉੱਚੀ ਥਾਂ ਪੁਰ ਲੱਗਿਆ ਹੋਣਾ ਚਾਹੀਦਾ ਹੈ।

ਦੀਵਾਨ ਦੀ ਅਰਦਾਸ ਪਾਠ ਦੇ ਭੋਗ ਪੁਰਮ ਜੱਥੇ ਦੇ ਕੂਚ ਕਰਨ ਵੇਲੇ, ਲੰਗਰ ਵਰਤਣ ਸਮੇਂ ਨਗਾਰੇ ਦੀ ਧੁਨਿ ਕਰਨੀ ਸਿੱਖ ਪੰਥ ਦੀ ਪ੍ਰਪੱਕ ਮਰਿਯਾਦਾ ਹੈ।

ਕਵੀ ਨਿਹਾਲ ਸਿੰਘ ਜੀ ਲਿਖਦੇ ਹਨ—

ਵਾਹਨ ਸਿੰਗਾਰੇ ਰਹੇਂ ਬਾਜਤੇ ਨਗਾਰੇ ਰਹੇਂ,
ਦੁੱਜਨ ਡਰਾਰੇ ਰਹੇਂ, ਭਾਗੇ ਭੀਮ ਰਾਹ ਕੇ।
ਸੰਗਤ ਅਬਾਦ ਰਹੇਂ, ਆਵਤੇ ਪ੍ਰਸਾਦ ਰਹੇਂ,
ਲਾਖੋਂ ਅਹਲਾਦ ਰਹੇਂ, ਦੇਖੀਏ ਉਮਾਹ ਕੇ।
ਗਾਦੀਆਂ ਅਟੱਲ ਰਹੇਂ, ਚੌਕੀਆਂ ਅਚੱਲ ਰਹੇਂ,
ਬੁੰਗੇ ਝਲਾ-ਝੱਲ ਰਹੇਂ ਉਤਸ਼ਾਹ ਕੇ।
ਲਾਗਤੇ ਦਿਵਾਨ ਰਹੇਂ, ਗਾਵਤੇ ਸੁਜਾਨ ਰਹੇਂ,
ਝੂਲਤੇ ਨਿਸ਼ਾਨ ਰਹੇਂ ਸਾਚੇ ਪਾਤਸ਼ਾਹ ਕੇ।

-0-




# ਤੇਹ

ਜਦੋਂ ਮਨੁੱਖ ਨੂੰ ਪਿਆਸ ਲਗਦੀ ਹੈ ਤਾਂ ਉਹ ਪਾਣੀ ਲੱਭਦਾ ਹੈ। ਪਾਣੀ ਮਿਲਦਿਆਂ ਸਾਰ ਹੀ ਬੰਦਾ ਪਾਣੀ ਪੀਣ ਦਾ ਯਤਨ ਕਰਦਾ ਹੈ। ਵਿਕਸਤ ਹੋਇਆ ਸਮਾਜ ਰਾਹਾਂ ਵਿੱਚ ਛਬੀਲਾਂ ਲਗਾ ਕੇ ਪਿਆਸਿਆਂ ਦੀ ਪਿਆਸ ਬੁਝਾਉਣ ਦਾ ਹਮੇਸ਼ਾਂ ਯਤਨ ਕਰਦਾ ਰਹਿੰਦਾ ਹੈ। ਅੱਜ ਕਲ੍ਹ ਮਨੁੱਖ ਘਰੋਂ ਤੁਰਨ ਲੱਗਾ ਪਾਣੀ ਵਾਲੀ ਬੋਤਲ ਨਾਲ ਹੀ ਲੈ ਲੈਂਦਾ ਹੈ। ਮਨੁੱਖ ਦੀ ਪਿਆਸ ਬੁਝਾਉਣ ਲਈ ਵਪਾਰੀ ਤਬਕੇ ਨੇ ਪਾਣੀ ਦੇ ਕਈ ਰੂਪ ਤਿਆਰ ਕਰ ਦਿੱਤੇ ਹਨ। ਪਾਣੀ ਅਤੇ ਪਾਣੀ ਦੇ ਕਈ ਰੂਪ ਬਜ਼ਾਰਾਂ ਵਿੱਚ ਮੁੱਲ ਮਿਲਦੇ ਹਨ। ਪਾਣੀ ਸਬੰਧੀ ਜਾਣਕਾਰੀ ਰੱਖਣ ਵਾਲੇ ਸੂਝਵਾਨਾਂ ਨੂੰ ਹਮੇਸ਼ਾਂ ਖਦਸ਼ਾ ਬਣਿਆ ਰਹਿੰਦਾ ਹੈ ਕਿ ਜੇ ਪਾਣੀ ਦੀ ਸੰਭਾਲ ਨਾ ਕੀਤੀ ਗਈ ਤਾਂ ਹੋ ਸਕਦਾ ਹੈ ਸੰਸਾਰ ਦੀ ਤੀਜੀ ਲੜਾਈ ਪਾਣੀ ਦੀ ਵੰਡ ਕਰਕੇ ਹੀ ਹੋਵੇ। ਸਰੀਰ ਦੀ ਪਿਆਸ ਇੱਕ ਵਾਰ ਪਾਣੀ ਪੀਣ ਨਾਲ ਬੁੱਝ ਜਾਂਦੀ ਹੈ ਜੇ ਮਨੁੱਖ ਨੂੰ ਅੰਦਰੋਂ ਸੱਚ ਸਮਝਣ ਦੀ ਪਿਆਸ ਲੱਗ ਜਾਏ ਤਾਂ ਉਹ ਬੁੱਝਦੀ ਨਹੀਂ ਹੈ ਸਗੋਂ ਹੋਰ ਚੇਟਕ ਵਧਦੀ ਹੈ। ਏਸੇ ਚੇਟਕ ਸਦਕਾ ਹੀ ਵਿਗਿਆਨ ਨੇ ਬੇ-ਓੜਕਾ ਤਰੱਕੀਆਂ ਦੇ ਪੰਧ ਹਾਸਲ ਕੀਤੇ ਹਨ---



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

**ਰਮਣੰ ਕੇਵਲੰ ਕੀਰਤਨੰ ਸੁਧਰਮੰ ਦੇਹ ਧਾਰਣਹ ॥**
**ਅੰਮ੍ਰਿਤ ਨਾਮੁ ਨਾਰਾਇਣ ਨਾਨਕ ਪੀਵਤੰ ਸੰਤ ਨ ਤ੍ਰਿਪ੍ਯਤੇ ॥ (1356)**

**ਅੱਖਰੀਂ ਅਰਥ**-- ਕੇਵਲ ਸਿਫ਼ਤਿ-ਸਾਲਾਹ ਕਰਨੀ ਮਨੁੱਖਾਂ ਦਾ ਸ੍ਰੇਸ਼ਟ ਧਰਮ ਹੈ। ਹੇ ਨਾਨਕ! ਸੰਤ ਜਨ ਪਰਮਾਤਮਾ ਦਾ ਆਤਮਿਕ ਜੀਵਨ ਦੇਣ ਵਾਲਾ ਨਾਮ ਜਲ ਪੀਂਦਿਆਂ ਰਜਦੇ ਨਹੀਂ।

**ਵਿਚਾਰ ਚਰਚਾ—**

1. ਪ੍ਰਭੂ ਦਾ ਕੀਰਤਨ ਕਰਕੇ ਮਨੁੱਖ ਹਮੇਸ਼ਾਂ ਸੁਖੀ ਰਹਿ ਸਕਦਾ ਹੈ। ਭਾਵ ਸ਼ੁੱਭ ਗੁਣਾਂ ਦਾ ਧਾਰਨੀ ਹੋਣ ਨਾਲ ਸੁਖੀ ਜੀਵਨ ਬਤੀਤ ਕਰਦਾ ਹੈ।

2. ਸਾਰੀ ਦੁਨੀਆਂ ਕੀਰਤਨ ਨਹੀਂ ਕਰ ਸਕਦੀ ਹੈ। ਇਸ ਦਾ ਭਾਵ ਹੈ ਰੱਬੀ ਨਿਯਮਾਵਲੀ ਵਿੱਚ ਤੁਰਨ ਵਾਲਾ ਰੱਬੀ ਕੀਰਤਨ ਕਰ ਰਿਹਾ ਹੈ।

3. ਜਿਹੜੇ ਕੀਰਤਨ ਨਹੀਂ ਕਰਦੇ ਉਹ ਕੀਰਤਨ, ਸ਼ਬਦ-ਵੀਚਾਰ ਸੁਣ ਕੇ ਆਤਮਿਕ ਸੂਝ ਪੈਦਾ ਕਰ ਸਕਦੇ ਹਨ।

4. ਰਹਿਤ ਮਰਿਯਾਦਾ ਅਨੁਸਾਰ ਗੁਰਬਾਣੀ ਨੂੰ ਰਾਗਾਂ ਅਨੁਸਾਰ ਗਾਉਣ ਨੂੰ ਕੀਰਤਨ ਕਿਹਾ ਗਿਆ ਹੈ।

5. ਕੀਰਤਨ, ਕੀਰਤੀ ਸ਼ਬਦ ਤੋਂ ਬਣਿਆ ਹੈ ਤੇ ਇਸ ਦਾ ਅਰਥ ਹੈ ਰੱਬ ਦੀ ਸਿਫਤ ਸਲਾਹ ਕਰਨੀ। ਗੁਰਬਾਣੀ ਨੂੰ ਸਮਝਣ ਲਈ ਸ਼ਬਦ ਕੀਰਤਨ ਅਤੇ ਸ਼ਬਦ ਦੀ ਵਿਚਾਰ ਦੋ ਮਾਧਿਅਮ ਵਿੱਚ ਆਉਂਦੀ ਹੈ।

6. ਰੱਬ ਜੀ ਦੀ ਸਿਫਤ ਸਲਾਹ ਕਰਨੀ ਹੀ ਮਨੁੱਖਾਂ ਦਾ ਸ੍ਰੇਸ਼ਟ ਧਰਮ ਹੈ।

7. ਰੱਬੀ ਸੱਚ ਅਨੁਸਾਰ, ਰੱਬੀ ਹੁਕਮ ਵਿੱਚ ਤੁਰਨਾ, ਇਮਾਨਦਾਰੀ ਰੱਖਣੀ, ਜੀਵਨ ਵਿੱਚ ਮਿਹਨਤ ਕਰਨੀ, ਸਮਾਜ ਦੀ ਸੇਵਾ ਵਿੱਚ ਜੁੜੇ ਰਹਿਣਾ ਅਤੇ ਆਪਣੀ ਜ਼ਿੰਮੇਵਾਰੀ ਨੂੰ ਸੰਭਾਲਣਾ ਹੀ ਅਸਲੀ ਰੱਬ ਜੀ ਦਾ ਕੀਰਤਨ ਹੈ ਤੇ ਇਸ ਕੀਰਤਨ ਨੂੰ ਹਰ ਵੇਲੇ ਕਰਨ ਦੀ ਤਾਗੀਦ ਕੀਤੀ ਗਈ ਹੈ।

8. ਕੀਰਤਨ ਰਾਗ ਤਾਲ ਵਿੱਚ ਹੁੰਦਾ ਹੈ ਤੇ ਮਨੁੱਖ ਨੇ ਵੀ ਆਪਣੇ ਆਪ ਵਿੱਚ ਤਾਲ ਅਤੇ ਪਿਆਰ ਦੀ ਭਾਵਨਾ ਨੂੰ ਪੈਦਾ ਕਰਨਾ ਚਾਹੀਦਾ ਹੈ।

9. ਹਾਂ ਸੱਚਾਈ ਦੇ ਰਸਤੇ 'ਤੇ ਤੁਰਨ ਦੀ ਜਿਸ ਨੂੰ ਸਮਝ ਆ ਜਾਂਦੀ ਹੈ ਉਸ ਦੀ ਤਾਂਘ ਤਥਾ ਪਿਆਸ ਹਰ ਰੋਜ਼ ਵਧਦੀ ਹੀ ਜਾਂਦੀ ਹੈ ਜੋ ਕਦੇ ਵੀ ਨਹੀਂ ਘਟਦੀ ਹੈ।

10. ਜਿਵੇਂ ਜਿਵੇਂ ਸੱਚਾਈ ਦੇ ਰਸਤੇ 'ਤੇ ਮਨੁੱਖ ਤੁਰਦਾ ਹੈ ਤਿਵੇਂ ਤਿਵੇਂ ਆਤਮਿਕ ਅਨੰਦ ਮਿਲਦਾ ਜਾਂਦਾ ਹੈ।

11. ਕਹਿ ਸਕਦੇ ਹਾਂ ਕਿ ਜਿਸ ਮਨੁੱਖ ਨੇ ਵੀ ਮਨੁੱਖੀ ਕਰਤੱਵ ਦੇ ਮਹੱਤਵ ਅਤੇ ਰੱਬੀ ਹੁਕਮ ਦੀ ਕਾਰ ਸਮਝ ਲਈ ਹੈ ਉਹ ਮਨੁੱਖ ਆਤਮਿਕ ਖੇੜੇ ਵਿੱਚ ਰਹਿੰਦਾ ਹੈ ਤੇ ਇਸੇ ਨੂੰ ਨਾਮ ਰਸ ਕਿਹਾ ਹੈ---

**ਸਤਿਗੁਰੁ ਸੇਵਨਿ ਸੇ ਵਡਭਾਗੀ ॥ ਸਚੈ ਸਬਦਿ ਜਿਨ੍ਾ ਏਕ ਲਿਵ ਲਾਗੀ ॥ ਗਿਰਹ ਕੁਟੰਬ ਮਹਿ ਸਹਜਿ ਸਮਾਧੀ ॥ ਨਾਨਕ ਨਾਮਿ ਰਤੇ ਸੇ ਸਚੇ ਬੈਰਾਗੀ ॥੧॥ (1246)**

ਕਵਿਤਾ

## ਨਾਨਕ ਦੇ ਸੱਚੇ ਬੋਲਾਂ ਨੂੰ

**ਨਵਗੀਤ ਕੌਰ (ਲੁਧਿਆਣਾ)**

ਲੋੜ ਹੈ ਨਾਨਕ ਬਾਣੀ ਦੀ, ਅੱਜ ਕੌਮ ਦੀ ਨਵੀਂ ਪਨੀਰੀ ਨੂੰ।
ਸ਼ਬਦ ਸਾਂਝ ਦੀ ਤਾਕਤ ਸਾਂਭੋ, ਰੂਹ ਦੀ ਅਸਲ ਅਮੀਰੀ ਨੂੰ।
ਮੁੜ ਤੋਂ ਦ੍ਰਿੜ੍ਹ ਕਰਵਾਉ ਖ਼ੁਦ ਨੂੰ, ਕਿਰਤ, ਸ਼ਬਦ, ਵੰਡ ਮੇਲ।
ਜਗੇ ਚਿਰਾਗ ਕਦੇ ਨਾ ਜੱਗ ਤੇ, ਬਿਨ ਬੱਤੀ ਬਿਨ ਤੇਲ।
ਲੋੜ ਹੈ ਸੌਦਾ ਖਰਾ ਸਿਖਾਉਣਾ, ਦੇਸ਼ ਦੇ ਧਨੀ ਅਮੀਰਾਂ ਨੂੰ।
ਸ਼ਬਦ ਹਲੂਣਾ ਦੇਵੋ ਹੁਣ ਤਾਂ, ਸੁੱਤੀਆਂ ਸਰਦ ਜ਼ਮੀਰਾਂ ਨੂੰ।
ਕਾਮੇ ਦੀ ਸੁੱਚੀ ਮਿਹਨਤ ਨੂੰ, ਲੁੱਟਦੇ ਸ਼ਾਹੂਕਾਰਾਂ ਨੂੰ।
ਲੋੜ ਹੈ ਨਾਨਕ ਬਾਣੀ ਦੀ ਅੱਜ, ਧਰਮ ਦੇ ਠੇਕੇਦਾਰਾਂ ਨੂੰ।
ਛੱਡ ਕੇ ਮੰਦਿਰ ਮਸਜਿਦ ਝਗੜੇ, ਅੰਦਰ ਝਾਤ ਪਵਾਉਂਦਾ ਜਾਹ।
ਸਰਬ ਧਰਮ ਸਤਿਕਾਰ ਦੇ ਬੂਟੇ, ਬੰਜਰ ਮਨ ਵਿੱਚ ਲਾਉਂਦਾ ਜਾਹ।
ਸੱਜਣ ਠੱਗ ਤੇ ਕੌਡੇ ਰਾਖ਼ਸ਼, ਖ਼ੂਨ ਦੀ ਭੱਠ ਤਪਾਉਂਦੇ ਨੇ।
ਖ਼ੂਨ ਗ਼ਰੀਬ ਦਾ ਕਾੜ੍ਹ ਕਾੜ੍ਹ ਕੇ, ਆਪਣੀ ਪਿਆਸ ਮਿਟਾਉਂਦੇ ਨੇ।
ਚੰਦਰੀ ਖ਼ੂਨੀ ਦੀ ਭੱਠੀ ਉੱਤੇ, ਪਿਆਰ ਦਾ ਮੀਂਹ ਵਰਸਾਉਂਦਾ ਜਾਹ।
ਬਣ ਜਾ ਸਿੱਖ ਅਸਲ ਸਤਿਗੁਰ ਦਾ, ਤਜ ਦੇ ਭੋਜਨ ਭਾਗੋਆਂ ਦਾ।
ਭਾਈ ਲਾਲੋ ਬਣ ਜਾ ਬੰਦਿਆ ! ਹੱਕ ਦੀ ਅੱਧੀ ਖਾਂਦਾ ਜਾਹ।
ਦੇਸ਼ ਦੀ ਹੱਦ, ਬੋਲੀ ਦੇ ਝਗੜੇ, ਕਿਉਂ ਇਹ ਕਰਦੇ ਫਿਰਦੇ ਓ।
ਲੋਕਾਂ ਵੱਲ ਜਾਂ ਜੋਕਾਂ ਵੱਲ, ਦੱਸੋ ਜੀ ਕਿਹੜੀ ਧਿਰ ਦੇ ਓ।
ਇਕੋ ਮਾਲਕ ਦੇ ਧੀ ਪੁੱਤ ਹਾਂ, ਸਮਝ ਦਾ ਪਾਠ ਪੜ੍ਹਾਉਂਦਾ ਜਾਹ।
ਮਾਂ ਬੋਲੀ ਵੱਲ ਜੋ ਪਿੱਠ ਕਰਦਾ, ਜੀਂਦੇ ਜੀਅ ਮਰ ਜਾਂਦਾ ਏ।
ਮਾਂ ਬੋਲੀ ਦਾ ਸਰਵਣ ਪੁੱਤ ਬਣ, ਇਹ ਸੁਨੇਹਾ ਲਾਉਂਦਾ ਜਾਹ।
ਕਰ ਅਰਦਾਸ ਅਗੰਮੀ ਬੋਲ 'ਚੋਂ, ਆਸ ਕਦੇ ਵੀ ਮੁੱਕਦੀ ਨਹੀਂ।
ਇਸ ਜੀਵਨ 'ਚੋਂ ਹਿੰਮਤ ਨੂੰ, ਧਰਵਾਸ ਦੀ ਟਾਹਣੀ ਸੁੱਕਦੀ ਨਹੀਂ।
ਪਵਣੁ ਗੁਰੂ, ਪਾਣੀ ਹੈ ਪਿਤਾ, ਧਰਤੀ ਮਾਤ ਬੁਲਾਉਂਦਾ ਜਾਹ।
ਨਾਨਕ ਦੇ ਸੱਚੇ ਬੋਲਾਂ ਨੂੰ, ਆਪਣੇ ਹਿਰਦੇ 'ਚ ਵਸਾਉਂਦਾ ਜਾਹ। -0-

# ਜੂਨ 1984 ਤੋਂ ਪਹਿਲਾਂ ਤੇ ਬਾਅਦ

# ਖਾਮੋਸ਼ ਖ਼ਲਾਅ

ਗਿ: ਕੇਵਲ ਸਿੰਘ ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ # 95920-93472

ਪੰਥਕ ਇਤਿਹਾਸ ਦੀਆਂ ਡੂੰਘੀਆਂ ਪੈੜਾਂ ਅਮਿੱਟ ਹਨ। ਗੁਰੂ ਸਾਹਿਬ ਜੀ ਦੀ ਸਰੀਰਕ ਹਯਾਤੀ ਦੇ ਸਮੇਂ ਤੋਂ ਲੈ ਕੇ ਅੱਜ ਤੱਕ ਗੁਰੂ ਸਾਹਿਬ ਜੀ ਵੱਲੋਂ ਬਖਸ਼ੀ ਅਕਾਲੀ ਵਿਚਾਰਧਾਰਾ ਦੇ ਸਾਹਮਣੇ ਸਮੇਂ ਦੇ ਹੁਕਮਰਾਨਾਂ ਵੱਲੋਂ ਨਵੀਆਂ ਤੋਂ ਨਵੀਆਂ ਭਿਆਨਕ ਤੋਂ ਭਿਆਨਕ ਚੁਣੌਤੀਆਂ ਖੜ੍ਹੀਆਂ ਕੀਤੀਆਂ ਗਈਆਂ ਹਨ ਤਥਾ ਕੀਤੀਆਂ ਜਾ ਰਹੀਆਂ ਹਨ। ਮਹਾਨ ਸਤਿਗੁਰੂ ਦੇ ਸਿੱਖ ਸੇਵਕ ਸਮੇਂ ਦੀਆਂ ਵੰਗਾਰਾਂ ਪੈਦਾ ਕਰਨ ਵਾਲਿਆਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਹੱਕ ਸੱਚ ਨੂੰ ਬੇਬਾਕੀ ਨਾਲ ਰੱਖਦੇ ਆ ਰਹੇ ਹਨ ਅਤੇ ਰੱਖਦੇ ਰਹਿਣਗੇ।

ਜੂਨ 84 ਕੀ ਹੈ ? ਕਿਉਂ ਹੈ ? ਭਾਰਤੀ ਹਕੂਮਤ ਦਾ ਇਹ ਵਰਤਾਇਆ ਕਾਲਾ ਕਾਰਾ ਸੁਭਾਵਿਕ ਹੈ ਲੰਮੀ ਮਿਥੀ ਰਣਨੀਤੀ ਦਾ ਹਕੀਕੀ ਪ੍ਰਗਟਾਅ ਹੈ! ਕੀ ਸਿੱਖ ਭਾਰਤੀ ਹਕੂਮਤ ਨੂੰ ਸਮਝਣ ਲਈ 1947 ਉਪਰੰਤ ਯੋਗ ਨਹੀਂ ਹੋ ਸਕੇ? ਸਿੱਖਾਂ ਨੇ ਭਾਰਤ ਵਿਚ ਆਪਣੇ ਆਪੇ ਨੂੰ ਠੀਕ ਤਰ੍ਹਾਂ ਨ ਖ਼ੁਦ ਕਿਆਸ ਕੀਤਾ ਨ ਹੀ ਭਾਰਤੀ ਨੀਤੀਆਂ ਦਾ ਠੀਕ ਤਰ੍ਹਾਂ ਵਰਤਾਰਾ ਸਮਝਿਆ।



ਜੂਨ 84 ਤੇ ਮਗਰੋਂ ਹੋਰ ਵਰਤੇ ਕਹਿਰ ਤੋਂ ਸਿੱਖ ਆਗੂ ਨਾ ਤਾਂ ਆਪਣੇ ਲਈ ਸਹੀ ਸਬਕ ਲੈ ਸਕੇ ਨਾ ਹੀ ਆਪਣੀਆਂ ਪੀੜ੍ਹੀਆਂ ਨੂੰ ਕੋਈ ਲੰਮੀ ਸੋਚ ਤੇ ਪ੍ਰਾਪਤੀ ਵਾਲਾ ਸਬਕ ਹੀ ਦ੍ਰਿੜ੍ਹ ਕਰਵਾ ਸਕੇ! ਪੀੜ੍ਹੀਆਂ ਨਾਲ ਭਾਰਤੀ ਹਕੂਮਤ ਦਾ ਜ਼ਾਲਮਾਨਾ ਵਰਤਾਓ ਸਭ ਦੀਆਂ ਅੱਖਾਂ ਸਾਹਮਣੇ ਵਰਤਾਇਆ ਗਿਆ, ਵਰਤ ਰਿਹਾ ਹੈ ਤੇ ਜਾਰੀ ਹੈ। ਅੱਜ ਸਿੱਖਾਂ ਕੋਲ ਕੋਈ ਖਾਲਸਾਈ ਵਿਰਸੇ ਨੂੰ ਸਮਝਣ ਤਥਾ ਜੀਊਣ ਵਾਲੀ ਕੋਈ ਸਿਆਸੀ ਜਥੇਬੰਦੀ ਹੀ ਨਹੀਂ ਹੈ। ਸੰਪਰਦਾ ਦਾ ਰੋਗ ਖ਼ਾਲਸਾ ਪੰਥ ਵਿਚ ਨਾਮੁਰਾਦ ਬਿਮਾਰੀ ਬਣ ਕੇ ਖ਼ਾਲਸਾਈ ਸਿਧਾਂਤਾਂ ਦਾ ਇਨ੍ਹਾਂ ਹੱਥੋਂ ਮਲੀਆਮੇਟ ਕਰਵਾ ਰਿਹਾ ਹੈ। ਤਖ਼ਤਾਂ ਦੀ ਸੰਸਥਾ ਬਾਦਲਕਿਆਂ ਦੀ ਗੰਦੀ ਸਿਆਸਤ ਨੇ ਬੇਭਰੋਸਗੀ ਦੇ ਆਲਮ ਵਿਚ ਮੁੜ ਪਹੁੰਚਾ ਦਿੱਤੀ ਹੈ।

ਸਿੱਖ ਵਿਰਸੇ ਵਿਰਾਸਤ ਕਰਕੇ ਸੰਸਾਰ ਦੀ ਮਨੁੱਖੀ ਹੱਕਾਂ ਖਾਤਰ ਸਮੇਂ ਦੇ ਜ਼ੋਰ ਜ਼ੁਲਮ ਨਾਲ ਜ਼ਾਤ ਮਜ਼੍ਹਬ ਰੰਗ ਨਸਲ ਸਭ ਕਾਸੇ ਤੋਂ ਉੱਪਰ ਉੱਠ ਕੇ ਜੂਝਣ ਵਾਲੀ ਅਣਖੀਲੀ ਜਮਾਤ ਹੈ। ਜਿਸ ਅੰਦਰ ਨਿਜ ਨਹੀਂ ਸਵਾਰਥ ਨਹੀਂ । ਇਹ ਹਮੇਸ਼ਾਂ ਸੰਸਾਰ ਅੰਦਰ ਹਲੀਮੀ ਰਾਜ ਪ੍ਰਬੰਧ ਦੀ ਇੱਛਕ ਰਹੇ ਤੇ ਇਸ ਨੇ ਰਹਿਣਾ ਹੈ। ਵਕਤ ਦੀਆਂ ਰਾਜਸੀ ਇਛਾਵਾਂ ਰੱਖਣ ਵਾਲੀਆਂ ਜਮਾਤਾਂ ਕਪਟੀ ਰਾਜਨੀਤੀ 'ਤੇ ਯਕੀਨ ਰੱਖਣ ਤੋਂ ਰਤਾ ਸੰਕੋਚ ਨਹੀਂ ਕਰਦੀਆਂ।

ਖਾਲਸਾ ਹੱਕ ਸੱਚ ਦੀ ਨਿਡਰਤਾ ਨਾਲ ਆਵਾਜ਼ ਬੁਲੰਦ ਕਰਦਾ ਰਿਹਾ ਹੈ ਤੇ ਇਸ ਨੇ ਨਿਰਸੰਦੇਹ ਸਦਾ ਹੀ ਕਰਦੇ ਰਹਿਣਾ ਹੈ। ਮੌਤ ਜਿਸ ਤੋਂ ਸੰਸਾਰ ਭੈ ਭੀਤ ਹੁੰਦਾ ਹੈ ਇਸ ਦਾ ਸਫ਼ਰ ਮੌਤ ਨੂੰ ਸਵੀਕਾਰਨ ਨਾਲ ਆਰੰਭ ਹੁੰਦਾ ਹੈ।

ਭਾਰਤ ਦੇਸ਼ ਦੀ ਜੰਗਿ ਆਜ਼ਾਦੀ ਦੀ ਲੜਾਈ, ਲੜੀ ਵੀ ਸਿੱਖਾਂ ਨੇ ਤੇ ਜਿੱਤੀ ਵੀ ਸਿੱਖਾਂ ਨੇ ਹੀ। ਇਹ ਭਾਰਤੀ ਕਪਟੀ ਰਾਜਨੀਤੀ ਦੇ ਪਿੱਠੂਆਂ ਦੀ ਅੱਖ ਵਿਚ ਨਸੂਰ ਬਣਕੇ ਰੜਕਦਾ ਸੀ ਤੇ ਹੈ। ਭਵਿੱਖ ਵਿਚ ਵੀ ਰੜਕਦਾ ਰਹੇਗਾ।

1984 ਦਾ ਘੱਲੂਘਾਰਾ ਵਿਉਂਤ ਕੇ ਸਿਰੇ ਚਾੜਿਆ ਭਾਰਤੀ ਸਲਤਨਤ ਦਾ ਭਿਅੰਕਰ ਕਾਰਾ ਹੈ। ਸਾਡੇ ਪਾਸੋਂ 1947 ਉਪਰੰਤ ਭਾਰਤੀ ਹਾਕਮਾਂ ਦੀਆਂ ਕਰੂਰ ਕਿਰਿਆਵਾਂ ਨੂੰ ਸਮਝਣ ਵਿਚ ਜੱਥੇਬੰਦਕ ਰੂਪ ਕੁਤਾਹੀ ਹੋਈ ਹੈ। ਸਾਡੀ ਸਿਆਸੀ ਧਿਰ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਕੁਰਸੀ ਦੀ ਇੱਛਾ ਵੱਲ ਵਧੇਰੇ ਖਿੱਚੇ ਗਏ। ਆਪਸੀ ਵਿਚਾਰ ਅੰਤਰ ਤੇ ਵਿਰੋਧ ਵਿੱਚੋਂ ਬਾਹਰ ਨ ਨਿਕਲ ਸਕੇ। ਭਾਰਤੀ ਹਕੂਮਤ ਦੀਆਂ ਚਾਲਬਾਜ਼ੀਆਂ ਨੂੰ ਸਮਝਣ ਲਈ ਜੋ ਏਕਾ ਇਤਫ਼ਾਕ ਆਪਸ ਵਿਚ ਸਿਰਜਣਾ ਚਾਹੀਦਾ ਸੀ ਉਹ ਸਿਰਜਿਆ ਨ ਗਿਆ। ਬਾਬਾ ਹਰਚੰਦ ਸਿੰਘ ਲੌਂਗੋਂਵਾਲ ਤੇ ਬਾਬਾ ਜਰਨੈਲ ਸਿੰਘ ਜੀ ਇਕ ਥਾਂ ਰਹਿ ਕੇ ਇਕ ਨ ਹੋ ਸਕੇ। ਸੋਚ ਤੇ ਕਿਰਿਆ ਵਿਚ ਜ਼ਮੀਨ ਅਸਮਾਨ ਦਾ ਪਾੜਾ ਹਕੂਮਤ ਦੇ ਮਨਸੂਬਿਆਂ ਨੂੰ ਪੂਰਿਆਂ ਕਰਨ ਲਈ ਹਵਾ ਦੇਣ ਵਿਚ ਕਾਫ਼ੀ ਸੀ ਤੇ ਸੱਚੀਂ ਕਾਫ਼ੀ ਹੀ ਸਾਬਤ ਹੋਇਆ। ਦਲੀਲਾਂ ਕਿਸੇ ਪੱਖ ਦੀਆਂ ਦੇ ਕੇ ਕਿਸੇ ਵੀ ਕਿਰਿਆ ਨੂੰ ਠੀਕ ਜਾਂ ਗ਼ਲਤ ਠਹਿਰਾਇਆ ਜਾ ਸਕਦਾ ਸੀ ਤੇ ਠਹਿਰਾਉਣ ਲਈ ਅੱਜ ਤੱਕ ਬੁੱਧੀ ਦਾ ਘੋਲ ਜਾਰੀ ਹੈ।

ਦਾਸ ਉਸ ਵਕਤ "ਨ ਤਿੰਨਾਂ ਵਿਚ ਸੀ ਨ ਤੇਰਾਂ ਵਿਚ।" ਗੁਰਦੁਆਰਾ ਸਾਹਿਬ ਵਿਖੇ ਇਕ ਝਾੜੂ ਬਰਦਾਰ ਦੀ ਸੇਵਾ ਤੇ ਜਲੰਧਰ ਹਾਜ਼ਰ ਸਾਂ। ਗੁਰੂ ਦਰ ਦੇ ਕਣ ਚੁਗ ਚੁਗ ਪ੍ਰਾਪਤ ਹੋਈ ਥੋੜ੍ਹੀ ਜੇਹੀ ਚੇਤਨਾ ਵਿਚੋਂ ਉਸ ਸਮੇਂ ਵਰਤਮਾਨ ਨੂੰ ਪੜ੍ਹ ਤੇ ਜੀਵ ਰਿਹਾ ਸਾਂ। ਕਿਸੇ ਵੀ ਆਗੂ ਤੱਕ ਪਹੁੰਚ ਦਾ ਪੱਖ ਸਿਫ਼ਰ 'ਤੇ ਖੜ੍ਹਾ ਸੀ। ਅਜੀਤ ਸਮੂਹ ਦੇ ਬਾਨੀ

ਸਰਦਾਰ ਸਾਧੂ ਸਿੰਘ ਜੀ ਹਮਦਰਦ ਪਾਸ ਨਹਿਰੂ ਗਾਰਡਨ ਸੜਕ ਜਲੰਧਰ ਚਲਾ ਜਾਇਆ ਕਰਦਾ ਸਾਂ। ਜਿਸ ਰੋਜ਼ ਫਿਲਵਾਂ ਬੱਸ ਕਾਂਡ ਹੋਇਆ ਸੀ ਉਸ ਦਿਨ ਵੀ ਇਸ ਮਹਾਨ ਚਿੰਤਕ ਸਰਦਾਰ ਸਾਧੂ ਸਿੰਘ ਜੀ ਹਮਦਰਦ ਪਾਸ ਗਿਆ ਸਾਂ। ਉਹ ਰੋ ਰਹੇ ਸਨ। ਬਹੁਤ ਦੁਖੀ ਤੇ ਭਰੇ ਮਨ ਨਾਲ ਕਹਿ ਰਹੇ ਮੇਰੇ ਵਰਗੇ ਮੂਰਖ ਨੂੰ ਮੁਖ਼ਾਤਬ ਹੋ ਕੇ ਬੇਟਾ ! ਜੇ ਪਹੁੰਚ ਹੈ ਤਾਂ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ ਨੂੰ ਕਹੋ ਕਿ ਹੁਣ ਅੰਦੋਲਨ ਵਿਚ ਭਾਰਤੀ ਏਜੰਸੀਆਂ ਸ਼ਾਮਲ ਹੋ ਗਈਆਂ ਹਨ ਇਸ ਲਈ ਧਰਮ ਯੁੱਧ ਮੋਰਚਾ ਵਾਪਸ ਲੈ ਲਉ। ਕੱਲ੍ਹ ਬੜਾ ਦੁੱਖਦਾਈ ਹੋਵੇਗਾ। ਇਹ ਇਕ ਦੂਰਅੰਦੇਸ਼ ਅਨੁਭਵੀ ਸਿੱਖ ਦੇ ਬੋਲ ਸਨ।

ਕਾਸ਼! ਦਾਸ ਪਾਸ ਹਿੰਮਤ, ਸਮਰੱਥਾ ਤੇ ਕੋਈ ਪਹੁੰਚ ਸ਼ਕਤੀ ਹੁੰਦੀ ਤਾਂ ਸਮੇਂ ਦੇ ਧਰਮ ਯੁੱਧ ਮੋਰਚੇ ਆਗੂਆਂ ਨੂੰ ਇਹ ਗੱਲ ਸਮਝਾ ਸਕਦਾ। ਐਸਾ ਨਾ ਕਰ ਸਕਣ ਦਾ ਤੇ ਕਿਸੇ ਹੋਰ ਪਾਸਿਓ ਇਸ ਤਰ੍ਹਾਂ ਸੋਚ ਕੇ ਮੋਰਚਾ ਵਾਪਸ ਨ ਲੈ ਸਕਣ ਦਾ ਅੱਜ ਵੀ ਮਨ ਵਿਚ ਘੋਰ ਅਫ਼ਸੋਸ ਹੈ।

ਮੋਰਚੇ ਦੀਆਂ ਦੋ ਵਿਪਰੀਤ ਧਿਰਾਂ ਬਣ ਗਈਆਂ ਸਨ। ਇਕ ਸ਼੍ਰੋਮਣੀ ਅਕਾਲੀ ਦਲ ਦੀ ਧਿਰ ਜਿਸ ਦੀ ਜ਼ਿੰਮੇਵਾਰੀ ਉਸ ਦੇ ਪ੍ਰਧਾਨ ਮੋਰਚਾ ਡਿਕਟੇਟਰ ਹਰਚੰਦ ਸਿੰਘ ਲੌਂਗੋਵਾਲ ਤੇ ਦੂਜੀ ਧਿਰ ਗਰਮਦਲੀ ਵਿਚਾਰ ਦੀ ਬਾਬਾ ਜਰਨੈਲ ਸਿੰਘ ਦੀ। ਦੋਵਾਂ ਦੀਆਂ ਸੋਚ ਦਿਸ਼ਾਵਾਂ ਪੂਰਬ ਪੱਛਮ ਵਰਗਾ ਅਜੋੜ ਰੱਖਦੀਆਂ ਸਨ। ਭਾਰਤੀ ਹਕੂਮਤ ਇਨ੍ਹਾਂ ਧਿਰਾਂ ਦੀਆਂ ਦੂਰੀਆਂ ਨੂੰ ਆਪਣੇ ਮਨਸੂਬੇ ਦੇ ਹਿਤ ਵਿਚ ਮੰਨ ਕੇ ਮਾਰੂ ਵਿਉਂਤਬੰਦੀ ਦੇ ਰਾਹ ਪੈ ਕੇ ਇੱਛਾ ਪੂਰਤੀ ਵੱਲ ਵਧ ਰਹੀ ਸੀ। ਸਿਧਾਂਤ ਦੀ ਥਾਂ ਜਜ਼ਬਾਤ ਵਧੇਰੇ ਕਰਕੇ ਭਾਰੂ ਹੋ ਜਾਂਦੇ ਹਨ। ਜਜਬਾਤਾਂ ਦਾ ਭਾਰੂਪਨ ਵਕਤੀ ਤੌਰ ਜਿੱਥੇ ਪ੍ਰਭਾਵਿਤ ਕਰ ਰਿਹਾ ਹੁੰਦਾ ਹੈ ਓੱਥੇ ਲੰਮਾ ਸੋਚਣ ਤੋਂ ਰੋਕ ਵੀ ਰਿਹਾ ਹੁੰਦਾ ਹੈ। ਵੱਡੇ ਨੁਕਸਾਨ ਜਜ਼ਬਾਤਾਂ ਦੀਆਂ ਘੁੰਮਣਘੇਰੀਆਂ ਹੀ ਕਰਵਾਉਂਦੀਆਂ ਹਨ। ਸੋਚ ਸਿਧਾਂਤ ਦੀ ਗੱਲ ਨੂੰ ਗੱਲ ਦੇ ਮਹੱਤਵ ਨੂੰ ਸਮਝਣ ਵਾਲੇ ਜ਼ਜ਼ਬਾਤਾਂ ਦੇ ਸ਼ੋਰ ਸ਼ਰਾਬੇ ਸਾਹਮਣੇ ਖਾਮੋਸ਼ ਹੋ ਕੇ ਅਣਕਿਆਸੇ ਕਹਿਰ ਵਿਚ ਝੁਕਣ ਲਈ ਜਿੱਥੇ ਖ਼ੁਦ ਮਜ਼ਬੂਰ ਹੋ ਜਾਂਦੇ ਹਨ ਓੱਥੇ ਸਮਾਜ ਦਾ ਵਰਤਮਾਨ ਤੇ ਭਵਿੱਖ ਦਾਅ ਤੇ ਲਾਉਣ ਦੀ ਇਤਿਹਾਸਕ ਭੁੱਲ ਕਰ ਰਹੇ ਹੁੰਦੇ ਹਨ।

ਭਾਰਤੀ ਹਕੂਮਤ ਦਾ ਅਕਾਲੀਆਂ ਨੂੰ ਗੱਲਾਂ ਬਾਤਾਂ ਦੇ ਭਰਮ ਪਾਊ ਜਾਲ਼ ਵਿਚ ਉਲਝਾਈ ਰੱਖਣਾ ਤਬਾਹੀ ਵਾਸਤੇ ਵਕਤ ਦੀ ਉਡੀਕ ਲਈ ਸੀ।

ਪੰਜਾਬ ਦੀ ਸਿਆਸਤ ਦੇ ਮੋਹਰੇ ਕਾਂਗਰਸੀ ਧੜੇ ਗਿਆਨੀ ਜ਼ੈਲ ਸਿੰਘ ਤੇ ਦਰਬਾਰਾ ਸਿੰਘ ਆਪਣੀ ਟੈਂ ਦੇ ਹੰਕਾਰ ਨੂੰ ਪੰਜਾਬ ਦੇ ਭਲੇ ਲਈ ਨ ਛੱਡ ਸਕੇ। ਜੇਕਰ ਇਹ ਧੜੇ ਕਦੀ ਪੰਜਾਬ ਲਈ ਸੁਹਿਰਦ ਹੋ ਜਾਂਦੇ। ਪੰਜਾਬ ਦੀਆਂ ਮੰਗਾਂ ਲਈ ਚੱਲ ਰਹੇ ਧਰਮ ਯੁੱਧ ਮੋਰਚੇ ਨਾਲ ਖੜ ਕੇ ਕੇਂਦਰੀ



ਹਕੂਮਤ ਨੂੰ ਸਿੱਧੇ ਵੰਗਾਰ ਕੇ ਮੰਗਾਂ ਮੰਨਣ ਲਈ ਮਜ਼ਬੂਰ ਕਰ ਲੈਂਦੇ। ਜੂਨ 84 ਦੇ ਵੱਡੇ ਕਹਿਰ ਤੋਂ ਸਿੱਖਾਂ ਤੇ ਪੰਜਾਬ ਨੂੰ ਬਚਾਇਆ ਜਾ ਸਕਦਾ ਸੀ। ਦਿੱਲੀ ਅੰਦਰ ਪੰਜਾਬ ਦੇ ਹਿਤ ਵਾਲੀ ਨ ਅਫ਼ਸਰੀ ਜਮਾਤ ਸੀ ਨ ਹੀ ਭਾਰਤ ਦੀਆਂ ਸਿਆਸੀ ਧਿਰਾਂ ਦੀ ਪੰਜਾਬ ਦੀ ਅਣਖੀਲੀ ਸੋਚ ਨਾਲ ਖੜ੍ਹੇ ਹੋ ਸਕਣ ਮਨਸ਼ਾ ਬਣ ਸਕੀ।

ਐਮਰਜੈਂਸੀ ਵਿਚੋਂ ਦੇਸ਼ ਨੂੰ ਮੁਕਤੀ ਕਿਸ ਨੇ ਦਿਵਾਈ ਸੀ? ਇਸ ਦਾ ਹੁਣ ਉਲੇਖ ਹੀ ਬਿਲਕੁਲ ਬੰਦ ਹੈ । ਇਹ ਮਹਾਂਸ਼ਕਤੀ ਸ਼੍ਰੋਮਣੀ ਅਕਾਲੀ ਦਲ ਹੀ ਬਣ ਕੇ ਉਭਰਿਆ ਸੀ। ਜਿਸ ਨੇ ਪੰਜਾਬ ਦੇ ਹਿਤ ਤੇ ਸਿੱਖਾਂ ਨਾਲ ਸਬੰਧਤ ਮੰਗਾਂ 47 ਤੋਂ ਜੋ ਲਟਕ ਰਹੀਆਂ ਸਨ ਪਾਸੇ ਧਰ ਕੇ, ਭਾਰਤੀ ਲੋਕਤੰਤਰ ਦੀ ਰਾਖੀ ਲਈ ਆਪਣੇ ਆਪ ਨੂੰ ਬਲੀ ਦਾ ਬੱਕਰਾ ਬਣਾਇਆ ਸੀ। ਜੇਕਰ ਅਕਾਲੀ ਦਲ ਐਮਰਜੈਂਸੀ ਦੇ ਵਿਰੋਧ ਮੋਰਚਾ ਨ ਲਾਕੇ ਪੰਜਾਬ ਲਈ ਸਵਾਰਥੀ ਬਿਰਤੀ ਅਖ਼ਤਿਆਰ ਕਰਦਾ ਤਾਂ ਹੋ ਸਕਦਾ ਸਮੇਂ ਦੀ ਹਕੂਮਤ ਪੰਜਾਬ ਦੀਆਂ ਮੰਗਾ ਮੰਨ ਲੈਂਦੀ। ਮਗਰ ਸਿੱਖ ਸੋਚ ਦਾ ਵਾਰਸ ਅਕਾਲੀ ਦਲ ਇਸ ਤਰ੍ਹਾਂ ਆਪਣੇ ਵਿਰਸੇ ਸੁਭਾਅ ਤੇ ਗੁਰੂ ਬਖਸ਼ੇ ਸਿਧਾਂਤ ਕਰਕੇ ਕਰ ਹੀ ਨਹੀਂ ਸਕਦਾ ਸੀ।

84 ਦੇ ਕਹਿਰ ਨੂੰ ਜੋ ਦੋ ਵਾਰ ਇਕੋ ਹੀ ਵਰੇ ਢਾਹਿਆ ਗਿਆ ਆਪਣੇ ਪਿੰਡੇ ਤੇ ਸਿੱਖਾਂ ਨੇ ਹੰਢਾਇਆ ਹੈ। ਇਸ ਦੀ ਪੀੜ ਭਾਰਤ ਦੀਆਂ ਉਨ੍ਹਾਂ ਸਿਆਸੀ ਜਮਾਤਾਂ ਨੇ ਕਦੀ ਆਪਣੇ ਸੀਨੇ ਵਿਚ ਮਹਿਸੂਸ ਨ ਕੀਤੀ ਜਿਨ੍ਹਾਂ ਨੂੰ ਐਮਰਜੈਂਸੀ ਤੋਂ ਅਕਾਲੀਆਂ ਨੇ ਮੁਸੀਬਤ ਦੇ ਮੂੰਹ ਵਿਚੋਂ ਬਾਹਰ ਕੱਢ ਕੇ ਭਾਰਤੀ ਸੱਤਾ ਲਈ ਬੂਹੇ ਖੋਲ੍ਹੇ ਸਨ। ਕਾਂਗਰਸ ਵਿਰੋਧੀ ਧਿਰਾਂ ਸੱਤਾ ਵਿਚ ਆਈਆਂ। ਉਨ੍ਹਾਂ ਵੀ ਪੰਜਾਬ ਨੂੰ ਕੱਖ ਨਹੀਂ ਦਿੱਤਾ । ਇਨ੍ਹਾਂ ਵਿਚੋਂ ਬਹੁਤੇ 84 ਸਿੱਖਾਂ ਤੇ ਢਾਹੇ ਜਾਣ ਵਾਲੇ ਹਕੂਮਤੀ ਕਹਿਰ ਦੇ ਪੱਕੇ ਸਮਰਥੱਕ ਹੋ ਕੇ ਜੀਵੇ ਤੇ ਤੁਰੇ।

ਅੱਜ ਜੂਨ 84 ਤੇ ਮਗਰੋਂ ਹੋਰ ਵਰਤੇ ਕਹਿਰ ਤੋਂ ਸਿੱਖ ਆਗੂ ਨਾ ਤਾਂ ਆਪਣੇ ਲਈ ਸਹੀ ਸਬਕ ਲੈ ਸਕੇ ਨਾ ਹੀ ਆਪਣੀਆਂ ਪੀੜ੍ਹੀਆਂ ਨੂੰ ਕੋਈ ਲੰਮੀ ਸੋਚ ਤੇ ਪ੍ਰਾਪਤੀ ਵਾਲਾ ਸਬਕ ਹੀ ਦ੍ਰਿੜ੍ਹ ਕਰਵਾ ਸਕੇ ! ਪੀੜ੍ਹੀਆਂ ਨਾਲ ਭਾਰਤੀ ਹਕੂਮਤ ਦਾ ਜ਼ਾਲਮਾਨਾ ਵਰਤਾਓ ਸਭ ਦੀਆਂ ਅੱਖਾਂ ਸਾਹਮਣੇ ਵਰਤਾਇਆ ਗਿਆ, ਵਰਤ ਰਿਹਾ ਹੈ ਤੇ ਜਾਰੀ ਹੈ। ਅੱਜ ਸਿੱਖਾਂ ਕੋਲ ਕੋਈ ਖਾਲਸਾਈ ਵਿਰਸੇ ਨੂੰ ਸਮਝਣ ਤਥਾ ਜੀਊਣ ਵਾਲੀ ਕੋਈ ਸਿਆਸੀ ਜਥੇਬੰਦੀ ਹੀ ਨਹੀਂ ਹੈ। ਸੰਪਰਦਾ ਦਾ ਰੋਗ ਖ਼ਾਲਸਾ ਪੰਥ ਵਿਚ ਨਾਮੁਰਾਦ ਬਿਮਾਰੀ ਬਣ ਕੇ ਖ਼ਾਲਸਾਈ ਸਿਧਾਂਤਾਂ ਦਾ ਇਨ੍ਹਾਂ ਹੱਥੋਂ ਮਲੀਆਮੇਟ ਕਰਵਾ ਰਿਹਾ ਹੈ। ਤਖ਼ਤਾਂ ਦੀ ਸੰਸਥਾ ਬਾਦਲਕਿਆਂ ਦੀ ਗੰਦੀ ਸਿਆਸਤ ਨੇ ਬੇਭਰੋਸਗੀ ਦੇ ਆਲਮ ਵਿਚ ਮੁੜ ਪਹੁੰਚਾ ਦਿੱਤੀ ਹੈ।

ਅਸੀਂ ਕੀ ਕਰ ਰਹੇ ਸਭ ਦੇ ਸਾਹਮਣੇ ਹੈ? ਸਾਨੂੰ ਕੀ ਕਰਨਾ ਚਾਹੀਦਾ ਹੈ ਉਹ ਸਾਡੇ ਧਿਆਨ ਦਾ ਹਿੱਸਾ ਹੀ ਨਹੀਂ ਬਣਨ ਦਿੱਤਾ ਜਾਂਦਾ।

ਤਖਤਾਂ ਦੇ ਜੱਥੇਦਾਰ ਸਿਆਸੀ ਧੜਿਆਂ ਦੇ ਜ਼ਰਖਰੀਦ ਹੋ ਕੇ ਵਿਚਰਨ ਲੱਗੇ ਹਨ। ਆਪਣੀ ਹੋਂਦ ਤੇ ਹਉਮੈ ਖਾਤਰ ਜੋ ਕੁਝ ਕਰ ਰਹੇ ਹਾਂ ਉਸ ਨਾਲ ਖ਼ਾਲਸਾ ਪੰਥ ਦਾ ਜਾਗਰੂਕ ਹਿੱਸਾ ਬੇਬਸੀ ਦੀ ਹਾਲਤ ਦਾ ਸ਼ਿਕਾਰ ਬਣਾ ਦਿੱਤਾ ਹੈ।

ਸਿੱਖ ਵਿਚਾਰਵਾਨ ਹੁਣ ਪਹਿਲ ਕਰਨ ਨਿਰਭਉ ਨਿਰਵੈਰ ਨਿਰਪੱਖ ਬਿਰਤੀ ਨਾਲ ਅਕਾਲ ਤਖ਼ਤ ਸਾਹਿਬ ਦੀ ਪ੍ਰਭੂਸੱਤਾ ਦੀ ਸਲਾਮਤੀ ਨੂੰ ਬਰਕਰਾਰ ਰੱਖਣ ਲਈ ਦਰੁਸਤ ਕਦਮ ਪੁੱਟਣ।

-0-

## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...

ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।




ਵੱਲੋਂ ਅਦਾਰਾ 'ਗੁਰਮਤਿ ਵਿਰਸਾ'

**5 ਜੁਲਾਈ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼**

## ਭਗਤੀ ਤੇ ਸ਼ਕਤੀ ਦੇ ਸੁਮੇਲ

# ਗੁਰੂ ਹਰਿਗੋਬਿੰਦ ਸਾਹਿਬ ਜੀ





**ਡਾ: ਰਣਜੀਤ ਸਿੰਘ**

**ਜਹਾਂਗੀਰ ਦੀ ਮੌਤ ਪਿੱਛੋਂ ਸ਼ਾਹ ਜਹਾਨ ਤਖ਼ਤ ਉਤੇ ਬੈਠਿਆ। ਉਸ ਦਾ ਹੁਕਮ ਸੀ ਕਿ ਇਸਲਾਮ ਤੋਂ ਬਗੈਰ ਹੋਰ ਕਿਸੇ ਧਰਮ ਦਾ ਪ੍ਰਚਾਰ ਨਾ ਹੋਣ ਦਿੱਤਾ ਜਾਵੇ। ਉਦੋਂ ਲਾਹੌਰ ਦਾ ਗਵਰਨਰ ਕੁਲੀਜ ਖਾਨ ਸੀ ਜਿਹੜਾ ਗੁਰੂ ਘਰ ਦਾ ਵਿਰੋਧੀ ਸੀ। ਜਦੋਂ ਸ਼ਾਹ ਜਹਾਨ 1633 ਵਿੱਚ ਲਾਹੌਰ ਆਇਆ ਤਾਂ ਉਸ ਕੋਲੋਂ ਗੁਰੂ ਜੀ ਵਿਰੁੱਧ ਕਾਰਵਾਈ ਕਰਨ ਦਾ ਹੁਕਮ ਪ੍ਰਾਪਤ ਕਰ ਲਿਆ। ਗੁਰੂ ਜੀ ਨੂੰ ਫੜਨ ਲਈ ਮੁਰਤਜ਼ਾ ਖਾਨ ਦੀ ਅਗਵਾਈ ਹੇਠ ਆਈ ਮੁਗਲ ਫ਼ੌਜ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਇਸੇ ਤਰ੍ਹਾਂ ਲੱਲਾ ਬੇਗ, ਕਮਰ ਬੇਗ ਤੇ ਪੈਂਦੇ ਖਾਨ ਦੀ ਅਗਵਾਈ ਹੇਠ ਹਮਲੇ ਕੀਤੇ ਗਏ। ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਦੇ ਤਿੰਨ ਦਹਾਕਿਆਂ ਪਿਛੋਂ ਹੀ ਗੁਰੂ ਦੇ ਸਿੱਖਾਂ ਨੇ ਸ਼ਾਹੀ ਫੌਜਾਂ ਦਾ ਮੂੰਹ ਤੋੜ ਜਵਾਬ ਦਿੱਤਾ ਅਤੇ ਸੱਚ ਤੇ ਹੱਕ ਦੀ ਰਾਖੀ ਲਈ ਆਪਣੀਆਂ ਜਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਮੈਦਾਨ-ਏ-ਜੰਗ ਵਿਚ ਕੁੱਦੇ ਅਤੇ ਸ਼ਾਹੀ ਫੌਜਾਂ ਨੂੰ ਕਰਾਰੀ ਹਾਰ ਦਾ ਮੂੰਹ ਵੇਖਣਾ ਪਿਆ।**

ਗੁਰੂ ਨਾਨਕ ਸਾਹਿਬ ਦੀ ਪੰਜਵੀਂ ਜੋਤ ਗੁਰੂ ਅਰਜਨ ਸਾਹਿਬ ਜੀ ਨੇ ਜਿਥੇ ਸਿੱਖਾਂ ਨੂੰ ਸ਼ਬਦ ਗੁਰੂ ਅਤੇ ਹਰਿਮੰਦਰ ਦੀ ਬਖਸ਼ਿਸ਼ ਕੀਤੀ, ਉਥੇ ਆਪਣਾ ਬਲੀਦਾਨ ਦੇ ਕੇ ਦੱਬੇ-ਕੁਚਲੇ, ਨੀਵੇਂ ਤੇ ਨਿਤਾਣੇ ਸਮਝੇ ਜਾਂਦੇ ਲੋਕਾਂ ਦੇ ਮਨਾਂ ਵਿਚੋਂ ਮੌਤ ਦੇ ਭੈਅ ਨੂੰ ਦੂਰ ਕੀਤਾ। ਉਨ੍ਹਾਂ ਸ਼ਹਾਦਤ ਸਮੇਂ ਆਪਣੇ ਸਰੀਰ ਉੱਤੇ ਏਨੇ ਭਿਆਨਕ ਜ਼ੁਲਮ ਝੱਲੇ, ਸੰਸਾਰ ਦੇ ਇਤਿਹਾਸ ਵਿੱਚ ਪਹਿਲਾਂ ਕਿਸੇ ਯੁੱਗ ਪੁਰਸ਼ ਨੇ ਨਹੀਂ ਝੱਲੇ ਸਨ। ਮੌਕੇ ਦੀ ਹਕੂਮਤ ਨੇ ਸੋਚਿਆ ਕਿ ਇਸ ਭਿਆਨਕ ਸ਼ਹੀਦੀ ਨੂੰ ਵੇਖ ਕੇ ਸਿੱਖੀ ਦੇ ਰੂਪ ਵਿਚ ਸੱਚ, ਹੱਕ ਦੀ ਰਾਖੀ ਅਤੇ ਜ਼ੁਲਮ ਵਿਰੁੱਧ ਖੜ੍ਹੀ ਹੋਈ ਲਹਿਰ ਰੁਕ ਜਾਵੇਗੀ ਅਤੇ ਹੌਲੀ-ਹੌਲੀ ਮੁੱਕ ਜਾਵੇਗੀ। ਪਰ ਇਹ ਉਨ੍ਹਾਂ ਦੀ ਗ਼ਲਤਫਹਿਮੀ ਸੀ। ਸ਼ਹਾਦਤ ਨੇ ਤਾਂ ਸਗੋਂ ਬਲਦੀ ਉੱਥੇ ਘੀ ਦਾ ਕੰਮ ਕੀਤਾ। ਗੁਰੂ ਅਰਜਨ ਸਾਹਿਬ ਜੀ ਨੇ ਸ਼ਹਾਦਤ ਲਈ ਲਾਹੌਰ ਜਾਣ ਤੋਂ ਪਹਿਲਾਂ ਗੁਰਗੱਦੀ ਸਾਹਿਬਜ਼ਾਦੇ ਹਰਿਗੋਬਿੰਦ ਨੂੰ ਸੌਂਪ ਦਿੱਤੀ। ਬਾਬਾ ਬੁੱਢਾ ਜੀ ਜਿਨ੍ਹਾਂ ਨੂੰ ਪੰਜ ਗੁਰੂ ਸਾਹਿਬਾਨ ਨੂੰ ਗੁਰਗੱਦੀ ਦਾ ਤਿਲਕ ਲਗਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ, ਨੇ ਹਰਿਗੋਬਿੰਦ ਸਾਹਿਬ ਨੂੰ ਗੁਰਗੱਦੀ ਦਿੰਦੇ ਸਮੇਂ ਦੋ ਤਲਵਾਰਾਂ ਵੀ ਦਿੱਤੀਆਂ। ਇੰਝ ਮੀਰੀ ਤੇ ਪੀਰੀ ਦਾ ਸੁਮੇਲ ਹੋਇਆ। ਇਤਿਹਾਸ ਵਿੱਚ ਇਹ ਇਕ ਨਵਾਂ ਮੋੜ ਸੀ। ਹਰਿਗੋਬਿੰਦ ਸਾਹਿਬ ਕੇਵਲ 11 ਵਰ੍ਹਿਆਂ ਦੀ ਉਮਰ ਵਿੱਚ 25 ਮਈ, 1606 ਨੂੰ ਗੁਰਗੱਦੀ ਉਤੇ ਬੈਠੇ। ਗੁਰਗੱਦੀ ਸੌਂਪਦੇ ਸਮੇਂ ਗੁਰੂ ਅਰਜਨ ਸਾਹਿਬ ਜੀ ਦੇ ਬਚਨ ਸਨ, 'ਕਰੜੇ ਸਮੇਂ ਆ ਰਹੇ ਹਨ। ਗੁਰੂ ਨਾਨਕ ਸਾਹਿਬ ਵਲੋਂ ਸੱਚ, ਹੱਕ ਤੇ ਬਰਾਬਰੀ ਦੀ ਸ਼ੁਰੂ ਕੀਤੀ ਲਹਿਰ ਦੀਆਂ ਜੜ੍ਹਾਂ ਕੱਟਣ ਲਈ ਬਦੀ ਆਪਣਾ ਪੂਰਾ ਜ਼ੋਰ ਲਗਾ ਰਹੀ ਹੈ। ਗੁਰੂ ਨਾਨਕ ਦਾ ਘਰ ਹੁਣ ਤੀਕ ਸੱਚ, ਹੱਕ, ਪ੍ਰੇਮ, ਅਣਖ, ਬਰਾਬਰੀ ਅਤੇ ਆਜ਼ਾਦੀ ਦੀ ਰਾਖੀ ਲਈ ਲੋਕ ਲਹਿਰ ਨੂੰ ਅਮਨ ਅਤੇ ਸ਼ਾਂਤਮਈ ਢੰਗ ਨਾਲ ਮਜ਼ਬੂਤ ਕਰਦਾ ਰਿਹਾ ਹੈ। ਜੇਕਰ ਜਾਬਰ ਇਸ ਨੂੰ ਸਾਡੀ ਕਮਜ਼ੋਰੀ ਸਮਝਦਾ ਹੈ ਤਾਂ ਇਹ ਉਸ ਦੀ ਭੁੱਲ ਹੈ। ਸਾਡੀ ਸ਼ਹਾਦਤ ਲੋਕ ਮਨਾਂ ਵਿਚੋਂ ਜ਼ੁਲਮ ਅਤੇ ਮੌਤ ਦੇ ਭੈਅ ਨੂੰ ਦੂਰ ਕਰ ਸਾਹਿਬੇਗੀ ਤੇ ਉਹ ਇਸ ਧਰਮ ਯੁੱਧ ਵਿੱਚ ਆਪਣੀਆਂ ਜਾਨਾਂ ਵਾਰਨ ਤੋਂ ਵੀ ਕਦੇ ਗੁਰੇਜ਼ ਨਹੀਂ ਕਰਨਗੇ।'

ਗੁਰੂ ਹਰਿਗੋਬਿੰਦ ਸਾਹਿਬ ਨੇ ਜ਼ੁਲਮ ਦਾ ਟਾਕਰਾ ਕਰਨ ਲਈ ਫ਼ੌਜ ਤਿਆਰ ਕਰਨੀ ਸ਼ੁਰੂ ਕੀਤੀ। ਨੌਜਵਾਨ ਗੁਰੂ ਜੀ ਦੀ ਫ਼ੌਜ ਵਿੱਚ ਉਤਸ਼ਾਹ ਨਾਲ ਭਰਤੀ ਹੋਣ ਲੱਗ ਪਏ। ਗੁਰੂ ਜੀ ਨੇ ਆਪਣਾ ਪਹਿਰਾਵਾ ਸ਼ਹਿਨਸ਼ਾਹਾਂ ਵਾਲਾ ਬਣਾਇਆ। ਪਗੜੀ ਵਿੱਚ ਕਲਗੀ ਸਜਾਈ। ਪਰਮਾਤਮਾ ਦੇ ਤਖ਼ਤ ਸਾਹਿਬ ਸ੍ਰੀ ਅਕਾਲ ਤਖ਼ਤ ਦੀ ਉਸਾਰੀ ਕਰਵਾਈ। ਇਸ ਦਾ ਨੀਂਹ ਪੱਥਰ ਉਨ੍ਹਾਂ 1806 ਵਿੱਚ ਰੱਖਿਆ ਅਤੇ ਸਾਰੀ ਉਸਾਰੀ ਬਾਬਾ ਬੁੱਢਾ

ਜੀ ਅਤੇ ਭਾਈ ਗੁਰਦਾਸ ਜੀ ਦੀ ਦੇਖ-ਭਾਲ ਵਿੱਚ ਹੋਈ। ਅਕਾਲ ਤਖ਼ਤ ਦੀ ਸਥਾਪਨਾ ਨਾਲ ਸਿੱਖਾਂ ਨੂੰ ਸੱਚੇ ਪਾਤਿਸ਼ਾਹ ਦਾ ਤਖ਼ਤ ਮਿਲ ਗਿਆ ਤੇ ਉਨ੍ਹਾਂ ਦੇ ਮਨੋਂ ਦੁਨਿਆਵੀਂ ਤਖ਼ਤ ਦਾ ਡਰ ਜਾਂਦਾ ਰਿਹਾ। ਜਿਥੇ ਹਰਿਮੰਦਰ ਸਾਹਿਬ ਵਿਖੇ ਨਿਰੋਲ ਗੁਰਬਾਣੀ ਦਾ ਕੀਰਤਨ ਹੁੰਦਾ ਸੀ, ਉਥੇ ਅਕਾਲ ਤਖ਼ਤ ਸਾਹਿਬ ਸਾਹਮਣੇ ਸ਼ਸਤਰਾਂ ਦੀਆਂ ਮਸ਼ਕਾਂ ਹੋਣ ਲੱਗੀਆਂ। ਰਾਗੀ ਅਤੇ ਢਾਡੀ ਬੀਰ ਰਸ ਦੀਆਂ ਵਾਰਾਂ ਗਾਉਣ ਲੱਗ ਪਏ। ਭਾਈ ਸੱਤਾ ਤੇ ਬਲਵੰਤ ਨੂੰ ਵਿਸ਼ੇਸ਼ ਰੂਪ ਵਿੱਚ ਵਾਰਾਂ ਗਾਉਣ 'ਤੇ ਲਗਾਇਆ ਗਿਆ। ਗੁਰੂ ਸਾਹਿਬ ਆਪਣਾ ਦਰਬਾਰ ਅਕਾਲ ਤਖ਼ਤ ਉਤੇ ਲਗਾਉਂਦੇ, ਫਰਿਆਦੀਆਂ ਦੀਆਂ ਫਰਿਆਦਾਂ ਸੁਣਦੇ ਤੇ ਫ਼ੈਸਲੇ ਸੁਣਾਉਂਦੇ। ਉਨ੍ਹਾਂ ਚੰਦੋਆ ਲਗਾਉਣਾ ਅਤੇ ਨਗਾਰਾ ਵਜਾਉਣਾ ਵੀ ਸ਼ੁਰੂ ਕਰ ਦਿੱਤਾ। ਗੁਰੂ ਜੀ ਨੇ 52 ਚੋਣਵੇਂ ਨੌਜਵਾਨਾਂ ਨੂੰ ਆਪਣੇ ਨਿੱਜੀ ਅੰਗ ਰਖਿਅਕ ਬਣਾਇਆ। ਸਾਰੀ ਫ਼ੌਜ ਨੂੰ ਪੰਜ ਜਥਿਆਂ ਵਿੱਚ ਵੰਡ ਦਿੱਤਾ ਗਿਆ। ਭਾਈ ਬਿਧੀ ਚੰਦ, ਭਾਈ ਪੈੜਾ, ਭਾਈ ਪਿਰਾਣਾ, ਭਾਈ ਲੰਗਾਹ ਤੇ ਭਾਈ ਪਰਾਗ ਛਿੱਬਰ ਨੂੰ ਇਨ੍ਹਾਂ ਜਥਿਆਂ ਦੇ ਜਥੇਦਾਰ ਥਾਪਿਆ। ਅੰਮ੍ਰਿਤਸਰ ਸਾਹਿਬ ਇਕ ਤਰ੍ਹਾਂ ਨਾਲ ਸਿੱਖਾਂ ਦੀ ਰਾਜਧਾਨੀ ਬਣ ਗਿਆ।

ਜਦੋਂ ਮੁਰਤਜ਼ਾ ਖਾਨ ਲਾਹੌਰ ਦਾ ਗਵਰਨਰ ਬਣਿਆ ਤਾਂ ਉਸ ਨੇ ਬਾਦਸ਼ਾਹ ਜਹਾਂਗੀਰ ਕੋਲ ਗੁਰੂ ਜੀ ਵਿਰੁੱਧ ਸ਼ਿਕਾਇਤ ਕੀਤੀ। ਉਹ ਗੁਰੂ ਘਰ ਦਾ ਵਿਰੋਧੀ ਸੀ ਤੇ ਉਸ ਨੇ ਬਾਦਸ਼ਾਹ ਪਾਸੋਂ ਗੁਰੂ ਜੀ ਦੀ ਗ੍ਰਿਫ਼ਤਾਰੀ ਦੇ ਹੁਕਮ ਪ੍ਰਾਪਤ ਕਰ ਲਏ। ਗੁਰੂ ਜੀ ਦਾ ਫ਼ੌਜ ਰਖਣਾ, ਬਾਦਸ਼ਾਹਾਂ ਵਾਂਗ ਤਖ਼ਤ ਉਤੇ ਬੈਠ ਕੇ ਦਰਬਾਰ ਸਜਾਉਣਾ, ਕਿਲੇ ਦੀ ਉਸਾਰੀ, ਹਾਰੇ ਹੋਏ ਰਾਜਿਆਂ ਤੇ ਸਰਦਾਰਾਂ ਨੂੰ ਆਪਣੀ ਸ਼ਰਨ ਵਿੱਚ ਲੈਣਾ, ਸੰਗਤਾਂ ਨੂੰ ਕੇਵਲ ਅਕਾਲ ਪੁਰਖ ਦਾ ਹੁਕਮ ਮੰਨਣ ਦਾ ਆਦੇਸ਼ ਦੇਣਾ, ਜਬਰ ਜ਼ੁਲਮ ਦਾ ਵਿਰੋਧ ਕਰਨਾ, ਲੋਕਾਂ ਨੂੰ ਸੱਚ, ਹੱਕ, ਆਜ਼ਾਦੀ ਤੇ ਅਣਖ ਲਈ ਜੂਝਣ ਦੀ ਪ੍ਰੇਰਨਾ ਦੇਣਾ ਆਦਿ ਉਨ੍ਹਾਂ ਦੀ ਗ੍ਰਿਫਤਾਰੀ ਲਈ ਬਹਾਨੇ ਬਣ ਗਏ। ਲਾਹੌਰ ਦੇ ਗਵਰਨਰ ਨੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਵਜ਼ੀਰ ਖਾਨ ਤੇ ਗੁੰਚਾ ਬੇਗ ਨੂੰ ਗੁਰੂ ਜੀ ਵੱਲ ਭੇਜਿਆ। ਵਜ਼ੀਰ ਖ਼ਾਨ ਗੁਰੂ ਘਰ ਦਾ ਸ਼ਰਧਾਲੂ ਸੀ। ਉਸ ਨੂੰ ਪਤਾ ਸੀ ਕਿ ਜੇਕਰ ਗੁਰੂ ਜੀ ਲਾਹੌਰ ਗਏ ਤਾਂ ਗਵਰਨਰ ਨੇ ਉਨ੍ਹਾਂ ਨਾਲ ਭਲੀ ਨਹੀਂ ਕਰਨੀ। ਉਨ੍ਹਾਂ ਗੁਰੂ ਜੀ ਨੂੰ ਆਗਰੇ ਜਾਣ ਦੀ ਬੇਨਤੀ ਕੀਤੀ। ਗੁਰੂ ਜੀ ਕੇਵਲ 17 ਵਰ੍ਹਿਆਂ ਦੇ ਸਨ ਜਦੋਂ ਆਪ ਜੀ ਨੇ ਆਗਰੇ ਵੱਲ ਚਾਲੇ ਪਾਏ। ਦਿੱਲੀ ਪੁੱਜ ਕੇ ਉਨ੍ਹਾਂ ਨੇ ਮਜਨੂੰ ਦੇ ਟਿੱਲੇ ਉਤੇ ਪੜਾਅ ਕੀਤਾ ਤੇ ਇਥੇ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਕੈਦ ਦਾ ਹੁਕਮ ਸੁਣਾ ਕੇ ਗਵਾਲੀਅਰ ਦੇ ਕਿਲ੍ਹੇ ਵਿੱਚ ਭੇਜ ਦਿੱਤਾ। ਇਸ ਕਿਲ੍ਹੇ ਵਿੱਚ ਕੇਵਲ ਸ਼ਾਹੀ ਕੈਦੀ ਹੀ ਰੱਖੇ ਜਾਂਦੇ ਸਨ। ਇਥੇ ਪਹਿਲਾਂ ਹੀ 101 ਰਾਜੇ ਕੈਦ ਸਨ। ਗੁਰੂ ਜੀ ਨੇ ਆਪਣੇ ਸਾਥੀਆਂ ਨੂੰ ਵਾਪਸ ਅੰਮ੍ਰਿਤਸਰ ਭੇਜ ਦਿੱਤਾ ਤਾਂ ਜੋ ਧਰਮ ਪ੍ਰਚਾਰ ਦਾ ਕੰਮ ਜਾਰੀ ਰੱਖਿਆ ਜਾ ਸਕੇ। ਗੁਰੂ ਜੀ ਨੇ ਕਿਲ੍ਹੇ ਦੇ ਅੰਦਰ ਹੀ ਦੀਵਾਨ ਸਜਾਉਣੇ ਸ਼ੁਰੂ ਕਰ ਦਿੱਤੇ। ਦੂਜੇ ਪਾਸੇ ਵਜ਼ੀਰ ਖ਼ਾਨ, ਸਾਈਂ ਮੀਆਂ ਮੀਰ ਤੇ ਨਿਜ਼ਾਮਉਦੀਨ ਔਲੀਆ ਨੇ ਜਹਾਂਗੀਰ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਕਰਵਾਉਣ ਦੀਆਂ ਕੋਸ਼ਿਸ਼ਾਂ ਆਰੰਭ ਕਰ ਦਿੱਤੀਆਂ। ਉਨ੍ਹਾਂ ਨੂਰਜਹਾਂ ਨੂੰ ਵੀ ਗੁਰੂ ਜੀ ਦੇ ਹੱਕ ਵਿੱਚ ਕਰ ਲਿਆ। ਹੁਣ ਜਹਾਂਗੀਰ ਬਿਮਾਰ ਰਹਿਣ ਲੱਗ ਪਿਆ। ਉਸ ਨੂੰ ਦੱਸਿਆ ਗਿਆ ਕਿ ਇਸ ਬਿਮਾਰੀ ਦਾ ਮੁੱਖ ਕਾਰਨ ਕਿਸੇ ਪੀਰ ਨੂੰ ਦੁੱਖ ਦੇਣਾ ਹੈ। ਜਹਾਂਗੀਰ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋ ਗਿਆ ਤੇ ਉਸ ਨੇ ਗੁਰੂ ਜੀ ਦੀ ਰਿਹਾਈ ਦਾ ਹੁਕਮ ਜਾਰੀ ਕਰ ਦਿੱਤਾ, 'ਜਹਾਂ ਤਬੀਅਤ ਹੋਇ ਜਾਈਏ, ਜਹਾਂ ਖੁਸ਼ੀ ਹੋਏ ਰਹੀਏ।'

ਗੁਰੂ ਜੀ ਜਦੋਂ ਕਿਲ੍ਹਾ ਛੱਡਣ ਲੱਗੇ ਤਾਂ ਉਥੇ ਕੈਦ ਰਾਜਿਆਂ ਨੇ ਬੇਨਤੀ ਕੀਤੀ, 'ਮਹਾਰਾਜ ਸਾਨੂੰ ਕਿਸ ਦੇ ਸਹਾਰੇ ਛੱਡ ਕੇ ਜਾ ਰਹੇ ਹੋ?' ਗੁਰੂ ਜੀ ਨੇ ਜਹਾਂਗੀਰ ਨੂੰ ਆਖਿਆ ਕਿ ਮੈਂ ਉਦੋਂ ਤੱਕ ਕਿਲ੍ਹੇ ਵਿਚੋਂ ਨਹੀਂ ਜਾਵਾਂਗਾ ਜਦੋਂ ਤੱਕ ਇਨ੍ਹਾਂ ਸਾਰਿਆਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ। ਜਹਾਂਗੀਰ ਨੇ ਹੁਕਮ ਦਿੱਤਾ ਕਿ ਛੋਟੇ ਰਾਜਿਆਂ ਨੂੰ ਛੱਡ ਦਿੱਤਾ ਜਾਵੇ। ਬਾਕੀ ਜਿੰਨੇ ਗੁਰੂ ਜੀ ਦੇ ਚੋਲੇ ਨੂੰ ਫੜ ਸਕਣ ਉਹ ਬਾਹਰ ਆ ਸਕਦੇ ਹਨ। ਉਦੋਂ ਕੈਦ ਵਿੱਚ 49 ਛੋਟੇ ਰਾਜੇ ਸਨ, ਬਾਕੀ 52 ਰਾਜਿਆਂ ਦੀ ਰਿਹਾਈ ਲਈ ਗੁਰੂ ਜੀ ਨੇ 52 ਕਲੀਆਂ ਵਾਲਾ ਚੋਗਾ ਬਣਵਾਇਆ ਤੇ ਸਾਰੇ ਰਾਜਿਆਂ ਦੀ ਰਿਹਾਈ ਹੋਈ। ਉਦੋਂ ਤੋਂ ਹੀ ਗੁਰੂ ਜੀ ਨੂੰ ਬੰਦੀ ਛੋੜ ਆਖਿਆ ਜਾਣ ਲੱਗ ਪਿਆ। ਗੁਰੂ ਜੀ ਗਵਾਲੀਅਰ ਤੋਂ ਦਿੱਲੀ ਤੇ ਡਰੋਲੀ ਹੁੰਦੇ ਹੋਏ ਅੰਮ੍ਰਿਤਸਰ ਪੁੱਜੇ। ਸੰਗਤਾਂ ਨੇ ਦੀਪਮਾਲਾ ਕਰਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ। ਇਸ ਪਿੱਛੋਂ ਜਹਾਂਗੀਰ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ। ਗੁਰੂ ਹਰਿਗੋਬਿੰਦ ਸਾਹਿਬ ਨੇ ਧਰਮ ਪ੍ਰਚਾਰ ਲਈ ਵੱਡੀਆਂ ਯਾਤਰਾਵਾਂ ਕੀਤੀਆਂ ਅਤੇ ਥਾਂ ਥਾਂ ਸੰਗਤ ਦੀ ਸਥਾਪਨਾ ਕੀਤੀ।

**ਜਹਾਂਗੀਰ ਦੀ ਮੌਤ ਪਿੱਛੋਂ ਸ਼ਾਹ ਜਹਾਨ ਤਖ਼ਤ ਉਤੇ ਬੈਠਿਆ। ਉਸ ਦਾ ਹੁਕਮ ਸੀ ਕਿ ਇਸਲਾਮ ਤੋਂ ਬਗੈਰ ਹੋਰ ਕਿਸੇ ਧਰਮ ਦਾ ਪ੍ਰਚਾਰ ਨਾ ਹੋਣ ਦਿੱਤਾ ਜਾਵੇ। ਉਦੋਂ ਲਾਹੌਰ ਦਾ ਗਵਰਨਰ ਕੁਲੀਜ ਖਾਨ ਸੀ ਜਿਹੜਾ ਗੁਰੂ ਘਰ ਦਾ ਵਿਰੋਧੀ ਸੀ। ਜਦੋਂ ਸ਼ਾਹ ਜਹਾਨ 1633 ਵਿੱਚ ਲਾਹੌਰ ਆਇਆ ਤਾਂ ਉਸ ਕੋਲੋਂ ਗੁਰੂ ਜੀ ਵਿਰੁੱਧ ਕਾਰਵਾਈ ਕਰਨ ਦਾ ਹੁਕਮ ਪ੍ਰਾਪਤ ਕਰ ਲਿਆ। ਗੁਰੂ ਜੀ ਨੂੰ ਫੜਨ ਲਈ ਮੁਰਤਜ਼ਾ ਖਾਨ ਦੀ ਅਗਵਾਈ ਹੇਠ ਆਈ ਮੁਗਲ ਫ਼ੌਜ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਇਸੇ ਤਰ੍ਹਾਂ ਲੱਲਾ ਬੇਗ, ਕਮਰ ਬੇਗ ਤੇ ਪੈਂਦੇ ਖਾਨ ਦੀ ਅਗਵਾਈ ਹੇਠ ਹਮਲੇ ਕੀਤੇ ਗਏ। ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਦੇ ਤਿੰਨ ਦਹਾਕਿਆਂ ਪਿਛੋਂ ਹੀ ਗੁਰੂ ਦੇ ਸਿੱਖਾਂ ਨੇ ਸ਼ਾਹੀ ਫੌਜਾਂ ਦਾ ਮੂੰਹ ਤੋੜ ਜਵਾਬ ਦਿੱਤਾ ਅਤੇ ਸੱਚ ਤੇ ਹੱਕ ਦੀ ਰਾਖੀ ਲਈ ਆਪਣੀਆਂ ਜਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਮੈਦਾਨ-ਏ-ਜੰਗ ਵਿਚ ਕੁੱਦੇ ਅਤੇ ਸ਼ਾਹੀ ਫੌਜਾਂ ਨੂੰ ਕਰਾਰੀ ਹਾਰ ਦਾ ਮੂੰਹ ਵੇਖਣਾ ਪਿਆ।**

ਜਹਾਂਗੀਰ ਦੀ ਮੌਤ ਪਿੱਛੋਂ ਸ਼ਾਹ ਜਹਾਨ ਤਖ਼ਤ ਉਤੇ ਬੈਠਿਆ। ਉਸ ਦਾ ਹੁਕਮ ਸੀ ਕਿ ਇਸਲਾਮ ਤੋਂ ਬਗੈਰ ਹੋਰ ਕਿਸੇ ਧਰਮ ਦਾ ਪ੍ਰਚਾਰ ਨਾ ਹੋਣ ਦਿੱਤਾ ਜਾਵੇ। ਉਦੋਂ ਲਾਹੌਰ ਦਾ ਗਵਰਨਰ ਕੁਲੀਜ ਖਾਨ ਸੀ ਜਿਹੜਾ ਗੁਰੂ ਘਰ ਦਾ ਵਿਰੋਧੀ ਸੀ। ਜਦੋਂ ਸ਼ਾਹ ਜਹਾਨ 1633 ਵਿੱਚ ਲਾਹੌਰ ਆਇਆ ਤਾਂ ਉਸ ਕੋਲੋਂ ਗੁਰੂ ਜੀ ਵਿਰੁੱਧ ਕਾਰਵਾਈ ਕਰਨ ਦਾ ਹੁਕਮ ਪ੍ਰਾਪਤ ਕਰ ਲਿਆ। ਗੁਰੂ ਜੀ ਨੂੰ ਫੜਨ ਲਈ ਮੁਰਤਜ਼ਾ ਖਾਨ ਦੀ ਅਗਵਾਈ ਹੇਠ ਆਈ ਮੁਗਲ ਫ਼ੌਜ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਇਸੇ ਤਰ੍ਹਾਂ ਲੱਲਾ ਬੇਗ, ਕਮਰ ਬੇਗ ਤੇ ਪੈਂਦੇ ਖਾਨ ਦੀ ਅਗਵਾਈ ਹੇਠ ਹਮਲੇ ਕੀਤੇ ਗਏ। ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਦੇ ਤਿੰਨ ਦਹਾਕਿਆਂ ਪਿਛੋਂ ਹੀ ਗੁਰੂ ਦੇ ਸਿੱਖਾਂ ਨੇ ਸ਼ਾਹੀ ਫੌਜਾਂ ਦਾ ਮੂੰਹ ਤੋੜ ਜਵਾਬ ਦਿੱਤਾ ਅਤੇ ਸੱਚ ਤੇ ਹੱਕ ਦੀ ਰਾਖੀ ਲਈ ਆਪਣੀਆਂ ਜਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਮੈਦਾਨ-ਏ-ਜੰਗ ਵਿਚ ਕੁੱਦੇ ਅਤੇ ਸ਼ਾਹੀ ਫੌਜਾਂ ਨੂੰ ਕਰਾਰੀ ਹਾਰ ਦਾ ਮੂੰਹ ਵੇਖਣਾ ਪਿਆ।

ਨਿੱਤ ਦੀਆਂ ਲੜਾਈਆਂ ਦਾ ਧਰਮ ਪ੍ਰਚਾਰ ਉਤੇ ਅਸਰ ਪੈ ਰਿਹਾ ਸੀ। ਗੁਰੂ ਜੀ ਨੇ ਅੰਮ੍ਰਿਤਸਰ ਨੂੰ ਤਿਆਗ ਕੇ ਕੀਰਤਪੁਰ ਸਾਹਿਬ ਰਹਿਣ ਦਾ ਫ਼ੈਸਲਾ ਕੀਤਾ। ਕੀਰਤਪੁਰ ਸਾਹਿਬ ਦਰਿਆ ਸਤਲੁਜ ਦੇ ਕੰਢੇ ਪਹਾੜੀਆਂ ਦੀ ਗੋਦ ਵਿੱਚ ਜੰਗਲਾਂ ਨਾਲ ਘਿਰਿਆ ਰਮਣੀਕ ਥਾਂ ਸੀ। ਇਸ ਨੂੰ ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ ਨੇ ਵਸਾਇਆ ਸੀ। ਗੁਰੂ ਸਾਹਿਬ 1635 ਵਿੱਚ ਕੀਰਤਪੁਰ ਸਾਹਿਬ ਆਏ ਅਤੇ ਆਖਰੀ ਸਮੇਂ ਤੱਕ ਇਥੇ ਰਹਿ ਧਰਮ ਪ੍ਰਚਾਰ ਕਰਦੇ ਰਹੇ। ਗੁਰੂ ਜੀ ਤਿੰਨ ਮਾਰਚ, 1644 ਨੂੰ ਜੋਤੀ ਜੋਤ ਸਮਾ ਗਏ। ਆਪ ਜੀ ਦਾ ਅੰਤਮ ਸੰਸਕਾਰ ਦਰਿਆ ਸਤਲੁਜ ਦੇ ਕੰਢੇ ਗੁਰਦੁਆਰਾ ਪਤਾਲਪੁਰੀ ਵਾਲੀ ਥਾਂ 'ਤੇ ਕੀਤਾ ਗਿਆ। ਗੁਰੂ ਜੀ ਗੁਰਗੱਦੀ ਬਾਬਾ ਗੁਰਦਿੱਤਾ ਜੀ ਦੇ ਪੁੱਤਰ ਤੇ ਆਪਣੇ ਪੋਤਰੇ ਗੁਰੂ ਹਰਿ ਰਾਏ ਜੀ ਨੂੰ ਸੌਂਪ ਗਏ। ਜਬਰ, ਜ਼ੁਲਮ, ਨਾ-ਬਰਾਬਰੀ ਅਤੇ ਅਨਿਆਂ ਵਿਰੁੱਧ ਜਿਹੜੀ ਸ਼ਾਂਤਮਈ ਮੁਹਿੰਮ ਗੁਰੂ ਨਾਨਕ ਸਾਹਿਬ ਨੇ ਸ਼ੁਰੂ ਕੀਤੀ ਸੀ ਉਸ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਨਵਾਂ ਮੋੜ ਦਿੱਤਾ। ਉਨ੍ਹਾਂ ਜ਼ੁਲਮ ਦਾ ਟਾਕਰਾ ਕਰਨ ਲਈ ਹਥਿਆਰ ਚੁੱਕੇ ਅਤੇ ਆਪਣੇ ਸਿੱਖਾਂ ਨੂੰ ਸੱਚ ਤੇ ਹੱਕ ਦੀ ਲੜਾਈ ਲੜਨ ਲਈ ਤਿਆਰ ਕੀਤਾ।

-0-

16 ਜੁਲਾਈ ਸ਼ਹੀਦੀ ਪੁਰਬ 'ਤੇ ਵਿਸ਼ੇਸ਼

# ਸ਼ਹੀਦ ਭਾਈ ਤਾਰੂ ਸਿੰਘ ਜੀ

**ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥ ਖੇਤ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥**



**ਕੈਪਟਨ ਅਵਤਾਰ ਸਿੰਘ**
**97819-90206**

ਦੁਨੀਆਂ ਵਿਚ ਬਹੁਤ ਸਾਰੀਆਂ ਅਜਿਹੀਆਂ ਕੌਮਾਂ ਹੋਈਆਂ ਹਨ ਜਿਨ੍ਹਾਂ ਦੇ ਸਿਰਾਂ 'ਤੇ ਬਿਪਤਾ ਰੂਪੀ ਬਦਲ ਅਕਸਰ ਮੰਡਰਾਉਂਦੇ ਰਹੇ ਹਨ। ਇਨ੍ਹਾਂ ਕੌਮਾਂ ਵਿਚ ਪੰਜਾਬੀ (ਵਿਸ਼ੇਸ਼ ਕਰਕੇ ਸਿੱਖ) ਕੌਮ ਦਾ ਨਾਮ ਉੱਭਰਵੇਂ ਰੂਪ ਵਿੱਚ ਲਿਆ ਜਾ ਸਕਦਾ ਹੈ। ਸੰਕਟਾਂ ਦੀ ਜਿਹੜੀ ਬਦਲਵਾਈ ਸਿੱਖ ਕੌਮ ਦੇ ਰਹਿਬਰਾਂ ਅਤੇ ਪੈਰੋਕਾਰਾਂ ਉਪਰ ਛਾਈ ਰਹੀ ਹੈ, ਉਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਬਹੁਤ ਹੀ ਘੱਟ ਮਿਲਦੀ ਹੈ। ਜਿਥੇ ਸਿੱਖ ਧਰਮ ਦੇ ਗੁਰੂ ਸਾਹਿਬਾਨਾਂ ਨੂੰ ਆਪਣੇ ਦ੍ਰਿੜ ਇਰਾਦੇ ਅਤੇ ਉਚੀ ਪਹੁੰਚ ਸਦਕਾ ਤੱਤੀਆਂ ਤਵੀਆਂ ਦੇ ਸੇਕ ਨੂੰ ਠੰਢਿਆਂ ਕਰਨਾ ਪਿਆ ਉਥੇ ਇਸ ਧਰਮ ਦੇ ਪੈਰੋਕਾਰਾਂ/ਸੇਵਕਾਂ ਨੂੰ ਵੀ ਆਪਣੀ ਸਿਦਕਦਿਲੀ ਦੇ ਸਰਮਾਏ ਨਾਲ ਰੰਬੀ ਦੀਆਂ ਤਿੱਖੀਆਂ ਧਾਰਾਂ ਦਾ ਮੂੰਹ ਮੋੜਨਾ ਪਿਆ। ਨਿਰਭਉ ਜਪ ਕੇ ਸਗਲ ਭਉ ਮਿਟਾਉਣ ਵਾਲੇ ਅਤੇ ਮਰਨ ਨੂੰ ਸੱਚ ਤੇ ਜਿਊਣ ਨੂੰ ਝੂਠ ਸਮਝਕੇ ਚੱਲਣ ਵਾਲੇ ਇਹ ਮਰਜੀਵੜੇ ਮੌਤ ਨੂੰ ਵੀ ਮਖੌਲ ਕਰਦੇ ਰਹੇ ਹਨ। ਜਿਥੇ ਆਮ ਮਨੁੱਖ ਮੌਤ ਦੇ ਨਾਮ ਤੋਂ ਥਰ-ਥਰ ਕੰਬਦਾ ਹੈ ਉਥੇ ਕਲਗੀਧਰ ਤੋਂ ਥਾਪੜਾ ਲੈ ਕੇ ਜੂਝਣ ਵਾਲੇ ਇਨ੍ਹਾਂ ਯੋਧਿਆਂ ਤੋਂ ਇੱਕ ਵਾਰ ਤਾਂ ਮੌਤ ਵੀ ਭੈਅ ਖਾ ਜਾਂਦੀ ਰਹੀ ਹੈ। ਆਪਣੇ ਤਨ ਅਤੇ ਮਨ ਨੂੰ ਉਸ ਅਕਾਲ-ਪੁਰਖ ਦੀ ਅਮਾਨਤ ਸਮਝਣ ਵਾਲੇ ਇਹ ਸੂਰਮੇ ਜਦੋਂ ਕਿਸੇ ਉੱਚੇ ਅਤੇ ਸੁੱਚੇ ਆਸ਼ੇ ਦੀ ਪੂਰਤੀ ਹਿੱਤ ਮੈਦਾਨ ਵਿਚ ਆ ਜਾਂਦੇ ਹਨ ਤਾਂ ਉਸ ਆਸ਼ੇ ਦੀ ਪੂਰਤੀ ਤੋਂ ਬਗ਼ੈਰ ਮੈਦਾਨ ਨੂੰ ਵੇਹਲਾ ਨਹੀਂ ਕਰਦੇ। ਅਜਿਹਾ ਕਰਦਿਆਂ ਬੇਸ਼ੱਕ ਉਨ੍ਹਾਂ ਨੂੰ ਆਪਣੇ ਸਿਰਾਂ ਦੀਆਂ ਖੋਪਰੀਆਂ ਵੀ ਲਹਾਉਣੀਆਂ ਪੈ ਜਾਣ। ਕੁਰਬਾਨੀ ਦਾ ਪੁੰਜ ਬਣਨ ਵਾਲਿਆ ਇਨ੍ਹਾਂ ਸਿੰਘਾਂ ਵਿਚ ਹੀ ਸ਼ਾਮਿਲ ਹੈ ਸ਼ਹੀਦ ਭਾਈ ਤਾਰੂ ਸਿੰਘ ਦਾ ਨਾਮ।

ਭਾਈ ਤਾਰੂ ਸਿੰਘ ਜੀ ਦਾ ਜਨਮ ਪਿੰਡ ਪੂਹਲਾ ਜ਼ਿਲ੍ਹਾ ਅੰਮ੍ਰਿਤਸਰ (ਹੁਣ ਤਰਨਤਾਰਨ) ਵਿਖੇ ਇੱਕ ਕਿਰਸਾਣ ਪਰਿਵਾਰ ਵਿੱਚ ਹੋਇਆ। ਬਾਲ ਵਰੇਸ ਵਿੱਚ ਹੀ ਆਪ ਜੀ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ ਸਨ। ਆਪ ਜੀ ਦੀ ਮਾਤਾ ਜੀ ਬਹੁਤ ਹੀ ਨੇਕ ਸੁਭਾਅ ਅਤੇ ਭਜਨੀਕ ਕਿਸਮ ਦੀ ਔਰਤ ਸੀ। ਉਸ ਨੇ ਭਾਈ ਤਾਰੂ ਸਿੰਘ ਦੇ ਮਨ ਵਿੱਚ ਗੁਰੂ ਸਾਹਿਬਾਨ, ਗੁਰਬਾਣੀ ਅਤੇ ਸਿੱਖ ਇਤਿਹਾਸ ਪ੍ਰਤੀ ਅਜਿਹਾ ਸਤਿਕਾਰ ਪੈਦਾ ਕੀਤਾ ਕਿ ਭਾਈ ਸਾਹਿਬ ਆਪਣੀ ਕਿਰਤ-ਕਮਾਈ ਵਿਚੋਂ ਗੁਰੂ ਘਰ ਦੇ ਪ੍ਰੇਮੀਆਂ ਦੀ ਸੇਵਾ ਲਈ ਹਮੇਸ਼ਾਂ ਤੱਤਪਰ ਰਹਿਣ ਲੱਗ ਪਏ। ਲੋੜਵੰਦ ਗੁਰਮੁਖ ਪਿਆਰੇ ਉਨ੍ਹਾਂ ਦੇ ਘਰ ਕਈ-ਕਈ ਦਿਨ ਠਹਿਰ ਕੇ ਪ੍ਰਸ਼ਾਦਾ-ਪਾਣੀ ਛੱਕਦੇ ਸਨ। ਕਦੇ-ਕਦੇ ਭਾਈ ਸਾਹਿਬ ਬਾਬਾ ਬੁੱਢਾ ਜੀ ਨੇੜਲੇ ਜੰਗਲਾਂ ਵਿੱਚ ਵਸਦੇ ਸਿੰਘ ਨੂੰ ਰਸਦਾਂ ਵੀ ਪਹੁੰਚਾਇਆ ਕਰਦੇ ਸਨ। ਪਰਉਪਕਾਰੀ ਅਤੇ ਨੇਕਬਖ਼ਤ ਹੋਣ ਕਰਕੇ ਆਲੇ-ਦੁਆਲੇ ਦੇ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਵੀ ਉਨ੍ਹਾਂ ਦਾ ਬਰਾਬਰ ਦਾ ਸਤਿਕਾਰ ਸੀ। ਇਸ ਸਤਿਕਾਰ ਸਦਕਾ ਹੀ ਭਾਈ ਤਾਰੂ ਸਿੰਘ ਜੀ ਸੰਕਟ ਦੇ ਸਮੇਂ ਆਪਣੇ ਨਗਰ ਖੇੜੇ ਵਿਚ ਬੇਖ਼ੌਫ਼ ਵਿਚਰਦੇ ਰਹੇ ਹਨ।

ਜੰਡਿਆਲੇ ਦਾ ਵਸਨੀਕ ਹਰਭਗਤ ਨਿਰੰਜਨੀਆਂ, ਜਿਸ ਦੇ ਵਡੇਰਿਆਂ ਦੀ ਬਾਂਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਫੜੀ ਸੀ, ਉਹ ਗੁਰੂ ਨਾਨਕ ਦੇ ਘਰ ਦਾ ਅਕ੍ਰਿਤਘਣ ਸਾਬਤ ਹੋ ਗਿਆ। ਬਾਬੇਕਿਆਂ ਦਾ ਧੰਨਵਾਦੀ ਹੋਣ ਦੀ ਬਜਾਏ ਉਹ ਗੁਰੂ ਘਰ ਦੇ ਪਿਆਰਿਆਂ ਲਈ ਘਾਤਕੀ ਬਣ ਬੈਠਾ। ਇਸ ਘਾਤਿਕਮਈ ਪੈਂਤੜੇ ਤੋਂ ਹੀ ਉਸ ਨੇ ਲਾਹੌਰ ਦੇ ਗਵਰਨਰ ਜ਼ਕਰੀਆਂ ਖ਼ਾਨ ਨੂੰ ਜਾ ਕੇ ਮੂੰਹ ਮਾਰਿਆ ਕਿ, "ਪੂਹਲੇ ਪਿੰਡ ਵਿਚ ਵਸਦਾ ਤਾਰੂ ਸਿੰਘ ਆਪਣੇ ਘਰ ਆਏ ਡਾਕੂਆਂ ਨੂੰ ਜਲਪਾਨ ਕਰਵਾਉਂਦਾ ਹੈ ਅਤੇ ਰਾਤ ਰਹਿਣ ਦੀ ਠਹਿਰ ਤੱਕ ਵੀ ਦਿੰਦਾ ਹੈ। ਉਸ ਦੇ ਇਸ ਤਰ੍ਹਾਂ ਕਰਨ ਨਾਲ ਪਿੰਡ ਦੇ ਲੋਕਾਂ ਨੂੰ ਆਪਣੀ ਜਾਨ ਅਤੇ ਮਾਲ ਦਾ ਖ਼ਤਰਾ ਅਕਸਰ ਬਣਿਆ ਰਹਿੰਦਾ ਹੈ। ਹਕੂਮਤ ਦੇ ਬਾਗੀਆਂ ਦੀ ਮਦਦ ਕਰਨ ਦੇ ਨਾਲ-ਨਾਲ ਇਹ (ਤਾਰੂ ਸਿੰਘ) ਮੁਖ਼ਬਰੀ ਦਾ ਕੰਮ ਵੀ ਕਰਦਾ ਹੈ।" ਇਥੇ ਹੀ ਬੱਸ ਨਹੀਂ ਹੋਰ ਵੀ ਕਈ ਤਰ੍ਹਾਂ ਦੀਆਂ ਝੂਠੀਆਂ ਕਹਾਣੀਆਂ ਘੜ ਕੇ ਨਿਰੰਜਨੀਏ ਨੇ ਜ਼ਕਰੀਆਂ ਖ਼ਾਨ ਦੇ ਕੰਨ ਚੰਗੀ ਤਰ੍ਹਾਂ ਭਰ ਦਿੱਤੇ।

ਦੂਜੇ ਪਾਸੇ ਸਰਕਾਰ ਤਾਂ ਇਹ ਉਮੀਦ ਲਗਾਈ ਬੈਠੀ ਸੀ ਕਿ ਪਿੰਡਾਂ ਵਿਚ ਰਹਿਣ ਵਾਲੇ ਵਿਰਲੇ-ਟਾਵੇਂ ਸਿੱਖ ਜਿੱਥੇ ਸਰਕਾਰ ਦੀ ਹਾਂ ਵਿਚ ਹਾਂ ਮਿਲਾ ਕੇ ਚੱਲਣ ਉੱਥੇ ਸਰਕਾਰੀ ਨਿਜ਼ਾਮ ਦੇ ਪ੍ਰਤੀ ਵਫ਼ਾਦਾਰ ਵੀ ਰਹਿਣ। ਪਰ ਸਰਕਾਰੀ ਉਮੀਦ ਤੋਂ ਬਿਲਕੁਲ ਉਲਟ ਭਾਈ ਤਾਰੂ ਸਿੰਘ ਵਰਗੇ ਸਿੱਖ ਕੇਵਲ ਆਪਣੀ ਸੁਖ-ਸ਼ਾਂਤੀ ਖ਼ਾਤਰ ਹੀ ਨਹੀਂ ਜੀ ਰਹੇ ਸਨ ਸਗੋਂ ਉਹ ਆਪਣੇ ਸਿਰਲੱਖ/ਸੂਰਮੇਂ ਭਰਾਵਾਂ ਦੀ ਲੋੜ ਪੈਣ 'ਤੇ ਡੱਟਵੀਂ ਸਹਾਇਤਾ ਵੀ ਕਰਦੇ ਰਹਿੰਦੇ ਸਨ। ਇਸ ਤੋਂ ਛੁੱਟ ਉਨ੍ਹਾਂ ਵੀਰਾਂ ਨੂੰ ਆਉਣ ਵਾਲੇ ਖ਼ਤਰਿਆਂ ਦੀ ਆਮਦ ਤੋਂ ਵੀ ਗਿਆਤ ਕਰਵਾਉਂਦੇ ਰਹਿੰਦੇ ਸਨ।

ਸੂਬੇਦਾਰ ਜ਼ਕਰੀਆਂ ਖ਼ਾਨ ਨੇ ਹਰ ਭਗਤ ਨਿਰੰਜਨੀਏ ਦੀ ਚੁਗਲੀ ਦੀ ਚੁੱਕ ਵਿਚ ਆ ਕੇ ਅਤੇ ਬਗ਼ੈਰ ਕਿਸੇ ਪੁੱਛ-ਪੜਤਾਲ ਤੋਂ ਭਾਈ ਤਾਰੂ ਸਿੰਘ ਦੀ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਕਰ ਦਿੱਤਾ। ਇਸ ਹੁਕਮ ਤਹਿਤ ਹੀ ਲੱਗਭਗ ਡੇਢ ਕੁ ਦਰਜਨ ਪੁਲਸੀਏ ਪੈਦਲ ਚੱਲ ਕੇ ਪੂਹਲੇ ਪਿੰਡ ਆਏ ਅਤੇ ਭਾਈ ਤਾਰੂ ਸਿੰਘ ਗ੍ਰਿਫ਼ਤਾਰ ਕਰ ਲਿਆ ਗਿਆ।

ਜਦੋਂ ਭਾਈ ਤਾਰੂ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਲੈ ਜਾ ਰਹੇ ਸਨ ਤਾਂ ਪੂਹਲੇ ਪਿੰਡ ਦੇ ਵਸਨੀਕਾਂ ਨੇ ਭਾਈ ਸਾਹਿਬ ਦੀਆਂ ਨੇਕੀਆਂ ਨੂੰ ਸਨਮੁੱਖ ਰੱਖ ਕੇ ਉਨ੍ਹਾਂ ਦੀ ਨਜ਼ਾਇਜ ਪਕੜ ਦੇ ਖਿਲਾਫ਼ ਹਾਅ ਦਾ ਨਾਅਰਾ ਵੀ ਮਾਰਿਆ ਪਰ ਇਸ ਨਾਅਰੇ ਦੀ ਆਵਾਜ਼ ਦਾ ਹਕੂਮਤ ਦੇ ਬੋਲੇ ਕੰਨਾਂ 'ਤੇ ਕੋਈ ਅਸਰ ਨਹੀਂ ਹੋਇਆ। ਰਸਤੇ ਵਿਚ ਪਿੰਡ ਭੜਾਣੇ ਦੇ ਸਿੱਖਾਂ ਨੇ ਨਿਰਦੋਸ਼ ਭਾਈ ਤਾਰੂ ਸਿੰਘ ਨੂੰ ਛੁਡਾਉਣ ਲਈ ਜਦੋਂ ਪੁਲਸੀਆਂ ਨਾਲ ਦੋ ਹੱਥ ਕਰਨੇ ਚਾਹੇ ਤਾਂ ਭਾਈ ਸਾਹਿਬ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਵਰਜ ਦਿੱਤਾ।

ਲਾਹੌਰ ਲੈ ਜਾ ਕੇ ਭਾਈ ਤਾਰੂ ਸਿੰਘ ਨੂੰ ਜ਼ੇਲ੍ਹ ਵਿਚ ਡੱਕ ਦਿੱਤਾ ਗਿਆ। ਜੇਲ੍ਹ ਵਿਚ ਭਾਈ ਜੀ ਨੂੰ ਕਈ ਅਸਹਿ ਅਤੇ ਅਕਹਿ ਤਸੀਹੇ ਦਿੱਤੇ ਗਏ। ਪਰ ਜਿਵੇਂ-ਜਿਵੇਂ ਹਕੂਮਤੀ ਕਰਿੰਦਿਆਂ ਵੱਲੋਂ ਭਾਈ ਸਾਹਿਬ ਨੂੰ ਸਤਾਇਆ ਜਾ ਰਿਹਾ ਸੀ ਤਿਵੇਂ-ਤਿਵੇਂ ਉਨ੍ਹਾਂ ਦੇ ਚਿਹਰੇ ਦੀ ਚਮਕ ਚੜ੍ਹਦੀਕਲਾ ਵਾਲੀ ਹੋਈ ਜਾ ਰਹੀ ਸੀ।

ਅਖੀਰ ਭਾਈ ਤਾਰੂ ਸਿੰਘ ਨੂੰ ਨਵਾਬ ਜ਼ਕਰੀਆਂ ਖ਼ਾਨ ਦੇ ਸਾਹਮਣੇ ਪੇਸ਼ ਕੀਤਾ ਗਿਆ। ਨਿੱਧੜਕਤਾ ਦੇ ਨਾਲ ਭਾਈ ਸਾਹਿਬ ਨੇ ਖ਼ਾਨ ਨੂੰ ਕਿਹਾ, "ਅਸੀਂ ਜ਼ਮੀਨ ਦਾ ਮਾਲੀਆ ਅਤੇ ਟੈਕਸ ਸਰਕਾਰ ਨੂੰ ਦਿੰਦੇ ਹਾਂ ਬਾਕੀ ਮਿਹਨਤ ਜੋ ਸਾਡੇ ਪੱਲੇ ਪੈਂਦੀ ਹੈ ਉਸ ਵਿੱਚੋਂ ਅਸੀਂ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਦੇ ਹਾਂ। ਹੇ ਨਵਾਬ! ਤੂੰ ਦੱਸ ਕਿ ਇਸ ਵਿੱਚ ਤੇਰੀ ਜੇਬ ਵਿੱਚੋਂ ਕੀ ਜਾਂਦਾ ਹੈ ਜਿਸ ਦੀ ਤੂੰ ਸਾਨੂੰ ਸਜ਼ਾ ਦੇ ਰਿਹਾ ਹੈ?

ਭਾਈ ਤਾਰੂ ਸਿੰਘ ਦੀਆਂ ਖ਼ਰੀਆਂ-ਖ਼ਰੀਆਂ

ਸੁਣ ਕੇ ਨਵਾਬ ਜ਼ਕਰੀਆਂ ਖ਼ਾਨ ਦੇ ਸੱਤੀ ਕਪੜੀਂ ਅੱਗ ਲਗ ਗਈ। ਕੋਈ ਦਲੀਲਪੂਰਵਕ ਉਤਰ ਦੇਣ ਦੀ ਬਜਾਏ ਉਹ ਕਹਿਣ ਲੱਗਾ ਕਿ , "ਤੇਰੀ ਜਾਨ ਕੇਵਲ ਮੁਸਲਮਾਨ ਬਣਨ ਨਾਲ ਹੀ ਬਖਸ਼ੀ ਜਾ ਸਕਦੀ ਹੈ।" ਭਾਈ ਤਾਰੂ ਸਿੰਘ ਜੀ ਨੇ ਦਲੇਰਾਨਾ ਜਵਾਬ ਵਿਚ ਕਿਹਾ ਕਿ, "ਕੀ ਮੁਸਲਮਾਨ ਬਣਕੇ ਮੈਨੂੰ ਮੌਤ ਨਹੀਂ ਆਵੇਗੀ? ਕੀ ਮੁਸਲਮਾਨ ਕਦੀ ਮਰਦੇ ਨਹੀਂ ਹਨ? ਜੇਕਰ ਮੌਤ ਨੇ ਇਕ ਦਿਨ ਆ ਹੀ ਜਾਣਾ ਹੈ ਤਾਂ ਮੈਂ ਆਪਣੇ ਗੁਰੂ/ਧਰਮ ਤੋਂ ਕਿਉਂ ਬੇਮੁੱਖ ਹੋਵਾਂ। ਇਸ ਬੇਮੁੱਖਤਾ ਕਾਰਨ ਮੈਂ ਦਰਗਾਹ ਵਿਚ ਕੀ ਮੂੰਹ ਲੈ ਕੇ ਜਾਵਾਂਗਾ।"

ਭਾਈ ਤਾਰੂ ਸਿੰਘ ਦੀ ਨਿਡਰਤਾ ਨੂੰ ਦੇਖ ਕੇ ਸੂਬੇਦਾਰ ਖ਼ਾਨ ਦੇ ਦੰਦ ਜੁੜ ਗਏ। ਜਨੂੰਨ ਦੀ ਅੱਗ ਵਿਚ ਮੱਚਿਆ ਹੋਣ ਕਰਕੇ ਭਾਈ ਤਾਰੂ ਸਿੰਘ ਨੂੰ ਕਹਿਣ ਲੱਗਾ ਕਿ, "ਮੈਂ ਦੇਖਦਾ ਹਾਂ ਕਿ ਤੂੰ ਆਪਣੀ ਇਸ ਸਿੱਖੀ ਨੂੰ ਕਿਸ ਤਰ੍ਹਾ ਕਾਇਮ ਰੱਖਦਾ ਹੈ।" ਇਹ ਆਖ ਕੇ ਖ਼ਾਨ ਨੇ ਇਕ ਜਲਾਦ ਨੂੰ ਬੁਲਾ ਲਿਆ ਅਤੇ ਹੁਕਮ ਕੀਤਾ ਇਸ ਬਾਗੀ ਦੀ ਖੋਪਰੀ ਕੇਸ਼ਾਂ ਸਮੇਤ ਸਿਰ ਤੋਂ ਵੱਖ ਕਰ ਦਿੱਤੀ ਜਾਵੇ।

ਭਾਈ ਤਾਰੂ ਸਿੰਘ ਨੇ ਧਰਮ ਨੂੰ ਹਾਰਨ ਦੀ ਬਜਾਏ ਸਰੀਰ ਨੂੰ ਹਾਰਨਾ ਪ੍ਰਵਾਨ ਕਰ ਲਿਆ। ਹਜ਼ਾਰਾਂ ਲੋਕਾਂ ਦੀ ਹਾਜ਼ਰੀ ਵਿਚ ਮੋਚੀ ਨੇ ਆਪਣੀ ਤੇਜ਼ ਧਾਰ ਵਾਲੀ ਰੰਬੀ ਨਾਲ ਭਾਈ ਸਾਹਿਬ ਦੀ ਖੋਪਰੀ ਕੇਸ਼ਾਂ ਸਮੇਤ ਸਿਰ ਤੋਂ ਉਤਾਰ ਕੇ ਉਨ੍ਹਾਂ ਦੇ ਸਾਹਮਣੇ ਰੱਖ ਦਿੱਤੀ। ਇਸ ਕਸ਼ਟ ਨੂੰ ਸਹਿਣ ਕਰਦਿਆਂ ਭਾਈ ਸਾਹਿਬ ਨੇ ਸੀ ਤੱਕ ਨਹੀਂ ਉਚਾਰੀ, ਸਗੋਂ ਅਕਾਲ-ਪੁਰਖ ਵਾਹਿਗੁਰੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨ ਲਿਆ।

ਇਧਰ ਜਦੋਂ ਭਾਈ ਤਾਰੂ ਸਿੰਘ ਦੇ ਸਿਰ ਤੋਂ ਖੂਨ ਵਹਿ ਰਿਹਾ ਸੀ ਤਾਂ ਉਧਰ ਜ਼ਕਰੀਆਂ ਖ਼ਾਨ ਨੂੰ ਪਿਸ਼ਾਬ ਦਾ ਬੰਨ੍ਹ ਪੈ ਗਿਆ। ਜਦੋਂ ਸਾਰੀਆਂ ਹਿਕਮਤਾਂ-ਹੀਲੇ ਬੇਕਾਰ ਹੋ ਗਏ ਤਾਂ ਖ਼ਾਨ ਨੂੰ ਕੁਝ ਆਪਣੀ ਕੀਤੀ 'ਤੇ ਅਫ਼ਸੋਸ ਹੋਣ ਲੱਗਾ।

ਇਸ ਅਫ਼ਸੋਸ ਸਦਕਾ ਹੀ ਉਸ ਨੇ ਭਾਈ ਸੁਬੇਗ ਸਿੰਘ ਰਾਹੀਂ ਆਪਣਾ ਅਫਸੋਸਨਾਮਾ (ਮੁਆਫ਼ੀਨਾਮਾ) ਖ਼ਾਲਸਾ ਪੰਥ ਨੂੰ ਭੇਜ ਦਿੱਤਾ। ਜਦੋਂ ਖ਼ਾਨ ਦੇ ਮੁਆਫ਼ੀਨਾਮੇ ਨੂੰ ਖਾਲਸੇ ਨੇ ਵਿਚਾਰਿਆਂ ਤਾਂ ਉਸ ਵਿਚਾਰ-ਚਰਚਾ ਵਿਚੋਂ ਖ਼ਾਨ ਦੇ ਇਲਾਜ ਲਈ ਭਾਈ ਤਾਰੂ ਸਿੰਘ ਦੀ ਜੁੱਤੀ ਉਸ ਦੇ ਸਿਰ ਵਿਚ ਮਾਰਨ ਦਾ ਸੁਝਾਅ ਦਿੱਤਾ ਗਿਆ। ਫਸੇ ਹੋਏ ਨਵਾਬ ਅਤੇ ਉਸ ਦੇ ਅਹਿਲਕਾਰਾਂ ਨੂੰ ਇਹ ਅੱਕ ਵੀ ਚੱਬਣਾ ਪਿਆ। ਜਿਉਂ-ਜਿਉਂ ਭਾਈ ਤਾਰੂ ਸਿੰਘ ਦੀਆਂ ਜੁੱਤੀਆਂ ਪਾਪੀ ਖ਼ਾਨ ਦੇ ਸਿਰ ਵਿਚ ਵੱਜ ਰਹੀਆਂ ਸਨ ਤਿਉਂ-ਤਿਉਂ ਉਸ ਦਾ ਪਿਸ਼ਾਬ ਵੀ ਖੁੱਲ ਰਿਹਾ ਸੀ। ਇਸ ਤਰ੍ਹਾਂ ਗੁਰੂ ਘਰ ਦਾ ਦੋਖੀ 1 ਜੁਲਾਈ 1745 ਈ: ਨੂੰ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਗਿਆ।

ਜਦੋਂ ਜ਼ਕਰੀਆ ਖ਼ਾਨ ਦੀ ਮੌਤ ਦੀ ਖ਼ਬਰ ਭਾਈ ਤਾਰੂ ਸਿੰਘ ਜੀ ਨੂੰ ਮਿਲੀ ਤਾਂ ਉਹ ਵੀ ਆਪਣੇ ਪੰਜ ਭੂਤਕ (ਜ਼ਖ਼ਮੀ) ਸਰੀਰ ਨੂੰ ਤਿਆਗ ਗਏ। ਅੱਜ ਜਦੋਂ ਵੀ ਵਾਹਿਗੁਰੂ ਦੇ ਸਨਮੁੱਖ ਅਰਦਾਸ ਬੇਨਤੀ ਕੀਤੀ ਜਾਂਦੀ ਹੈ ਤਾਂ ਉਸ ਵਿਚ ਸਿੱਖੀ ਨੂੰ ਕੇਸਾਂ-ਸੁਆਸਾਂ ਨਾਲ ਨਿਭਾਉਣ ਵਾਲਿਆਂ (ਭਾਈ ਤਾਰੂ ਸਿੰਘ ਜੀ ਵਰਗਿਆਂ) ਦਾ ਨਾਮ ਬੜੇ ਹੀ ਅਦਬ ਨਾਲ ਲਿਆ ਜਾਂਦਾ ਹੈ।


-0-

**9 ਜੁਲਾਈ ਸ਼ਹੀਦੀ ਪੁਰਬ 'ਤੇ ਵਿਸ਼ੇਸ਼**

## ਬੰਦ ਬੰਦ ਕਟਵਾਉਣ ਵਾਲੇ
# ਸ਼ਹੀਦ ਭਾਈ ਮਨੀ ਸਿੰਘ ਜੀ

**-ਰਮੇਸ਼ ਬੱਗਾ ਚੋਹਲਾ**

ਸਿੱਖ ਇਤਿਹਾਸ ਦੇ ਪੰਨਿਆਂ ਨੂੰ ਜੇਕਰ ਪੂਰੀ ਗਹੁ ਨਾਲ ਦੇਖਿਆ ਜਾਵੇ ਤਾਂ ਇਨ੍ਹਾਂ ਪੰਨਿਆਂ ਦੀ ਇਬਾਰਤ ਸ਼ਹੀਦਾਂ ਦੇ ਖੂਨ ਨਾਲ ਰੰਗੀ ਹੋਈ ਦਿਖਾਈ ਦਿੰਦੀ ਹੈ। ਇਸ ਇਬਾਰਤ ਦੀ ਬਣਾਵਟ ਅਤੇ ਸਜਾਵਟ ਵਿਚ ਦੁੱਧ ਪੀਂਦੇ ਬੱਚਿਆਂ ਤੋਂ ਲੈ ਕੇ ਪੰਝੱਤਰ-ਅੱਸੀ ਸਾਲ ਦੇ ਬਾਬਿਆਂ ਦੇ ਬਲੀਦਾਨ



**1699 ਈ: ਵਿਚ ਜਦੋਂ ਪਾਤਸ਼ਾਹ ਨੇ ਵੈਸਾਖੀ ਦੇ ਦਿਹਾੜੇ 'ਤੇ ਖਾਲਸਾ ਪੰਥ ਦੀ ਸਾਜਨਾ ਕੀਤੀ ਤਾਂ ਭਾਈ ਮਨੀ ਸਿੰਘ ਜੀ ਨੇ ਆਪਣੇ ਭਰਾਵਾਂ ਅਤੇ ਪੁੱਤਰਾਂ ਸਮੇਤ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕੀਤੀ। ਆਪ ਜੀ ਦਾ ਨਾਮ ਭਾਈ ਮਨੀਏ ਤੋਂ ਭਾਈ ਮਨੀ ਸਿੰਘ ਹੋ ਗਿਆ। ਇਸ ਤਰ੍ਹਾਂ ਗੁਰੂ-ਦਰਬਾਰ ਵਿਚ ਉਨ੍ਹਾਂ ਦਾ ਮਾਣ-ਸਤਿਕਾਰ ਪਹਿਲਾਂ ਤੋਂ ਵੀ ਵਧ ਗਿਆ। ਸੂਰਬੀਰ ਹੋਣ ਦੇ ਨਾਲ-ਨਾਲ ਆਪ ਆਪਣੇ ਸਮੇਂ ਦੇ ਸਥਾਪਿਤ ਕਥਾ-ਵਾਚਕ ਵੀ ਸਨ। ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪ ਰੋਜ਼ਾਨਾ ਹੀ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਿਆ ਕਰਦੇ ਸਨ। ਸ੍ਰੀ ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਸਮੇਂ ਜਦੋਂ ਪਹਾੜੀ ਰਾਜਿਆਂ ਨੇ ਹਾਥੀ ਨੂੰ ਸ਼ਰਾਬ ਨਾਲ ਮਸਤਾਇਆ ਸੀ ਤਾਂ ਉਸ ਦਾ ਮੂੰਹ-ਤੋੜ ਜਵਾਬ ਵੀ ਭਾਈ ਮਨੀ ਸਿੰਘ ਦੇ ਫ਼ਰਜੰਦਾਂ ਭਾਈ ਬਚਿੱਤਰ ਸਿੰਘ ਅਤੇ ਭਾਈ ਉਦੈ ਸਿੰਘ ਨੇ ਹੀ ਦਿੱਤਾ ਸੀ। ਇਨ੍ਹਾਂ ਦੋਵਾਂ ਦੀ ਬਹਾਦਰੀ ਤੋਂ ਪ੍ਰਸੰਨ ਹੋ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਨੂੰ ਇਕ ਵਿਸ਼ੇਸ਼ ਹੁਕਮਨਾਮੇ ਦੀ ਬਖ਼ਸ਼ਿਸ਼ ਕਰ ਦਿੱਤੀ। ਸ੍ਰੀ ਅਨੰਦਪੁਰ ਸਾਹਿਬ ਤੋਂ ਲੈ ਕੇ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਤਕ ਜਿੱਥੇ ਦਸਵੇਂ ਪਾਤਸ਼ਾਹ ਦਾ ਪਰਿਵਾਰ ਅਤੇ ਜਾਨ ਤੋਂ ਪਿਆਰੇ ਸਿੰਘ ਸ਼ਹੀਦ ਹੋ ਗਏ, ਉੱਥੇ ਭਾਈ ਮਨੀ ਸਿੰਘ ਦੇ ਪੰਜ ਪੁੱਤਰ ਵੀ ਸਿੱਖ ਧਰਮ ਤੋਂ ਕੁਰਬਾਨ ਹੋ ਗਏ।**

ਦੀ ਇਕ ਅਨੋਖੀ ਅਤੇ ਦਲੇਰਾਨਾ ਪਹੁੰਚ ਕੰਮ ਕਰ ਰਹੀ ਹੈ। ਇਹ ਇਬਾਰਤ ਇਸ ਗੱਲ ਨੂੰ ਤਸਦੀਕ ਕਰਦੀ ਹੈ ਕਿ ਇਸ ਦੇ ਸਿਰਜਕਾਂ ਨੇ ਆਪਣੇ ਸਰੀਰ ਦੇ ਬੰਦ-ਬੰਦ ਤਾਂ ਹੱਸ ਕੇ ਕਟਵਾ ਲਏ ਪਰ ਕਿਸੇ ਵੀ ਕੀਮਤ 'ਤੇ ਸਿੱਖੀ ਦੇ ਸਿਧਾਂਤਾਂ ਨੂੰ ਢਾਹ ਨਹੀਂ ਲੱਗਣ ਦਿੱਤੀ। ਜਦੋਂ ਵੀ ਕਦੇ ਮਨੁੱਖੀ ਕਦਰਾਂ-ਕੀਮਤਾਂ ਜਾਂ ਇਨਸਾਨੀਅਤ ਨਾਲ ਜੁੜੇ ਪੱਖਾਂ ਦੀ ਪਹਿਰੇਦਾਰੀ ਦਾ ਵਕਤ ਆਇਆ ਤਾਂ ਸਿੱਖ ਸ਼ਹੀਦਾਂ ਨੇ ਵਕਤ ਦੇ ਹਾਕਮਾਂ ਤੋਂ ਕਿਸੇ ਕਿਸਮ ਦੀ ਕੋਈ ਰਿਆਇਤ ਨਹੀਂ ਮੰਗੀ। ਸਗੋਂ ਅਣਮਨੁੱਖੀ ਤਸੀਹਿਆਂ ਨੂੰ ਵੀ 'ਉਸ ਦੀ' ਰਜ਼ਾ ਸਮਝ ਕੇ ਸਹਿਣ ਕਰ ਲਿਆ। ਇਸੇ ਤਰ੍ਹਾਂ ਦੀ

ਸਹਿਣਸ਼ੀਲਤਾ ਦਾ ਪ੍ਰਗਟਾਵਾ ਕਰਨ ਵਾਲਿਆਂ ਵਿਚ ਹੀ ਸ਼ਾਮਲ ਹੈ, ਭਾਈ ਮਨੀ ਸਿੰਘ ਜੀ ਸ਼ਹੀਦ ਦਾ ਨਾਮ।

ਭਾਈ ਮਨੀ ਸਿੰਘ ਜੀ ਦੇ ਜਨਮ ਬਾਬਤ ਕਈਆਂ ਲੇਖਕਾਂ ਵਿਚ ਕੁਝ ਮਤਭੇਦ ਵੀ ਬਰਕਰਾਰ ਹਨ। ਪਰ ਭੱਟ ਵਹੀਆਂ ਅਤੇ ਪੰਡਾ ਵਹੀਆਂ ਦੀ ਲਿਖਤ ਅਨੁਸਾਰ ਭਾਈ ਸਾਹਿਬ ਦਾ ਜਨਮ 10 ਮਾਰਚ 1644 ਈ: ਨੂੰ ਪਿਤਾ ਭਾਈ ਮਾਈਦਾਸ ਅਤੇ ਮਾਤਾ ਮਧਰੀ ਬਾਈ ਦੀ ਕੁੱਖੋਂ ਪਿੰਡ ਅਲੀਪੁਰ ਜ਼ਿਲ੍ਹਾ ਮੁਜ਼ਫਰਗੜ੍ਹ (ਪਾਕਿਸਤਾਨ) ਵਿਖੇ ਹੋਇਆ।

ਭਾਈ ਮਨੀ ਸਿੰਘ ਦੇ ਪਰਿਵਾਰ ਦਾ ਨਾਤਾ ਗੁਰੂ ਨਾਨਕ ਪਾਤਸ਼ਾਹ ਦੇ ਘਰ ਨਾਲ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੋਂ ਹੀ ਜੁੜਦਾ ਹੈ ਕਿਉਂਕਿ ਭਾਈ ਸਾਹਿਬ ਦੇ ਦਾਦਾ ਭਾਈ ਬਲੂ ਰਾਉ ਛੇਵੇਂ ਪਾਤਸ਼ਾਹ ਦੇ ਸਿਰਕੱਢਵੇਂ ਜਰਨੈਲ ਸਨ। ਭਾਈ ਮਾਈਦਾਸ ਦੇ ਇਕ ਦਰਜਨ ਸਪੁੱਤਰ ਸਨ ਜਿਨ੍ਹਾਂ ਵਿੱਚੋਂ 11 ਸਪੁੱਤਰਾਂ ਨੇ ਸਿੱਖ ਆਦਰਸ਼ਾਂ ਦੀ ਰਾਖਵਾਲੀ ਕਰਦਿਆਂ ਆਪਣੀਆਂ ਜਾਨਾਂ ਤਕ ਦੀ ਪਰਵਾਹ ਨਹੀਂ ਕੀਤੀ।

ਜਦੋਂ ਭਾਈ ਮਨੀ ਸਿੰਘ ਦੀ ਉਮਰ 13 ਸਾਲ ਦੀ ਹੋਈ ਤਾਂ ਭਾਈ ਮਾਈਦਾਸ ਉਸ ਨੂੰ ਨਾਲ ਲੈ ਕੇ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਦਰਬਾਰ ਸ੍ਰੀ ਕੀਰਤਪੁਰ ਸਾਹਿਬ ਵਿਖੇ ਆ ਨਤਮਸਤਕ ਹੋਇਆ। ਜਦੋਂ ਬਾਲਕ ਮਨੀਏ (ਭਾਈ ਮਨੀ ਸਿੰਘ ਜੀ) ਨੇ ਸਤਵੇਂ ਪਾਤਸ਼ਾਹ ਦੇ ਚਰਨਾਂ 'ਤੇ ਮੱਥਾ ਟੇਕਿਆ ਤਾਂ ਉਸ ਦੇ ਸੁੰਦਰ ਸਰੂਪ ਨੂੰ ਦੇਖ ਕੇ ਗੁਰੂ ਸਾਹਿਬ ਕਹਿਣ ਲੱਗੇ, "ਮਨੀਆ ਗੁਨੀਆ ਹੋਵੇਗਾ ਬੀਚ ਜਗ ਸਾਰੇ।" ਦੋ ਸਾਲ ਗੁਰੂ ਘਰ ਦੇ ਜੂਠੇ ਬਰਤਨਾਂ ਨੂੰ ਮਾਂਜਦਿਆਂ ਬਾਲਕ ਮਨੀਏ ਨੇ ਆਪਣੇ ਮਨ ਦੀ ਮੈਲ ਗੁਆ ਲਈ ਅਤੇ ਇਕ ਨਿਰਮਲ ਅਤੇ ਨਿਰਛੱਲ ਹਿਰਦੇ ਦਾ ਮਾਲਕ ਬਣ ਗਿਆ।

ਜਦੋਂ ਭਾਈ ਮਨੀਏ ਦੀ ਉਮਰ 16 ਕੁ ਸਾਲ ਤਕ ਪਹੁੰਚੀ ਤਾਂ ਉਸ ਦਾ ਅਨੰਦ ਕਾਰਜ ਬੀਬੀ ਸੀਤੋ ਪੁੱਤਰੀ ਭਾਈ ਲੱਖੀਸ਼ਾਹ ਵਾਸੀ ਖੈਰਪੁਰ ਨਾਲ ਹੋ ਗਿਆ। ਅਨੰਦ ਕਾਰਜ ਦੀ ਸੰਪੂਰਨਤਾ ਤੋਂ ਬਾਅਦ ਭਾਈ ਮਨੀ ਸਿੰਘ ਆਪਣੇ ਦੋ ਭਰਾਵਾਂ ਭਾਈ ਜੇਠਾ ਅਤੇ ਭਾਈ ਦਿਆਲਾ ਜੀ ਸਮੇਤ ਮੁੜ ਕੀਰਤਪੁਰ ਸਾਹਿਬ ਆ ਗਏ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਭਾਈ ਮਨੀ ਸਿੰਘ ਜੀ ਅਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਸੇਵਾ ਵਿਚ ਜੁੱਟ ਗਏ। ਅਠਵੇਂ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਆਪ ਬਾਬੇ ਬਕਾਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਆ ਗਏ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪੂਰਬ ਦੀ ਬਾਹੀ ਵੱਲ ਧਰਮ ਪ੍ਰਚਾਰ ਕਰ ਕੇ ਵਾਪਸ ਸ੍ਰੀ ਅਨੰਦਪੁਰ ਸਾਹਿਬ ਵਿਖੇ ਆ ਗਏ ਤਾਂ ਭਾਈ ਮਨੀ ਸਿੰਘ ਜੀ ਨੇ ਆਪਣੀ ਹਾਜ਼ਰੀ ਇੱਥੇ ਲਗਵਾਉਣੀ ਸ਼ੁਰੂ ਕਰ ਦਿੱਤੀ। ਗੁਰੂ ਸਾਹਿਬ ਨੇ ਭਾਈ ਸਾਹਿਬ ਨੂੰ ਗੁਰਬਾਣੀ ਦੀਆਂ ਪੋਥੀਆਂ ਦੇ ਉਤਾਰੇ ਕਰਨ ਦੀ ਸੇਵਾ-ਸੰਭਾਲ ਦਿੱਤੀ। ਜਿਸ ਨੂੰ ਆਪ ਨੇ ਬੜੀ ਹੀ ਤਨਦੇਹੀ ਨਾਲ ਨਿਭਾਇਆ। ਮਜ਼ਲੂਮਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਲਈ ਜਦੋਂ ਨੌਵੇਂ ਗੁਰੂ ਹਿੰਦ ਦੀ ਚਾਦਰ ਬਣ ਕੇ ਦਿੱਲੀ ਵੱਲ ਨੂੰ ਰਵਾਨਾ ਹੋਏ ਤਾਂ ਭਾਈ ਮਨੀ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਹੀ ਰਹਿ ਗਏ। ਦਸਮ ਪਿਤਾ ਦੀ ਹਜ਼ੂਰੀ ਵਿਚ ਰਹਿ ਕੇ ਭਾਈ ਸਾਹਿਬ ਦੀ ਬੌਧਿਕਤਾ ਵਿਚ ਕਾਫ਼ੀ ਨਿਖ਼ਾਰ ਆ ਗਿਆ। ਇਸ ਨਿਖ਼ਾਰ ਸਦਕਾ ਉਹ ਸਿੱਖ ਧਰਮ ਦੇ ਮਹਾਨ ਵਿਦਵਾਨ ਬਣ ਗਏ। ਜਦੋਂ ਭੰਗਾਣੀ ਦਾ ਯੁੱਧ ਹੋਇਆ ਤਾਂ ਉਸ ਵਕਤ ਭਾਈ ਮਨੀ ਸਿੰਘ ਜੀ ਨੇ ਗੁਰੂ ਸਾਹਿਬ ਦਾ ਡਟਵਾਂ ਸਾਥ ਦਿੱਤਾ। ਇਸ ਜੰਗ ਵਿਚ ਉਨ੍ਹਾਂ ਦੇ ਭਰਾ ਹਰੀ ਚੰਦ ਸ਼ਹਾਦਤ ਦਾ ਜਾਮ ਪੀ ਗਏ। ਜਦੋਂ ਇਕ ਸਾਲ ਬਾਅਦ ਨਦੌਣ ਦੀ ਲੜਾਈ ਲੜੀ ਗਈ ਤਾਂ ਭਾਈ ਸਾਹਿਬ ਦੀ ਬਹਾਦਰੀ ਅਤੇ ਵਫ਼ਾਦਾਰੀ ਨੂੰ ਮੁੱਖ ਰੱਖਦਿਆਂ ਗੁਰੂ ਸਾਹਿਬ ਵੱਲੋਂ ਇਨ੍ਹਾਂ ਨੂੰ ਦੀਵਾਨ ਦੀ ਉਪਾਧੀ ਬਖ਼ਸ਼ਿਸ਼ ਕੀਤੀ ਗਈ।

1699 ਈ: ਵਿਚ ਜਦੋਂ ਪਾਤਸ਼ਾਹ ਨੇ ਵੈਸਾਖੀ ਦੇ ਦਿਹਾੜੇ 'ਤੇ ਖਾਲਸਾ ਪੰਥ ਦੀ ਸਾਜਨਾ ਕੀਤੀ ਤਾਂ ਭਾਈ ਮਨੀ ਸਿੰਘ ਜੀ ਨੇ ਆਪਣੇ ਭਰਾਵਾਂ ਅਤੇ ਪੁੱਤਰਾਂ ਸਮੇਤ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕੀਤੀ। ਆਪ ਜੀ ਦਾ ਨਾਮ ਭਾਈ ਮਨੀਏ ਤੋਂ ਭਾਈ ਮਨੀ ਸਿੰਘ ਹੋ ਗਿਆ। ਇਸ ਤਰ੍ਹਾਂ ਗੁਰੂ-ਦਰਬਾਰ ਵਿਚ ਉਨ੍ਹਾਂ ਦਾ ਮਾਣ-ਸਤਿਕਾਰ ਪਹਿਲਾਂ ਤੋਂ ਵੀ ਵਧ ਗਿਆ। ਸੂਰਬੀਰ ਹੋਣ ਦੇ ਨਾਲ-ਨਾਲ ਆਪ ਆਪਣੇ ਸਮੇਂ ਦੇ ਸਥਾਪਿਤ ਕਥਾ-ਵਾਚਕ ਵੀ ਸਨ। ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪ ਰੋਜ਼ਾਨਾ ਹੀ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਿਆ ਕਰਦੇ ਸਨ। ਸ੍ਰੀ ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਸਮੇਂ ਜਦੋਂ ਪਹਾੜੀ ਰਾਜਿਆਂ ਨੇ ਹਾਥੀ ਨੂੰ ਸ਼ਰਾਬ ਨਾਲ ਮਸਤਾਇਆ ਸੀ ਤਾਂ ਉਸ ਦਾ ਮੂੰਹ-ਤੋੜ ਜਵਾਬ ਵੀ ਭਾਈ ਮਨੀ ਸਿੰਘ ਦੇ ਫ਼ਰਜ਼ੰਦਾਂ ਭਾਈ ਬਚਿੱਤਰ ਸਿੰਘ ਅਤੇ ਭਾਈ ਉਦੈ ਸਿੰਘ ਨੇ ਹੀ ਦਿੱਤਾ ਸੀ। ਇਨ੍ਹਾਂ ਦੋਵਾਂ ਦੀ ਬਹਾਦਰੀ ਤੋਂ ਪ੍ਰਸੰਨ ਹੋ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਨੂੰ ਇਕ ਵਿਸ਼ੇਸ਼ ਹੁਕਮਨਾਮੇ ਦੀ ਬਖ਼ਸ਼ਿਸ਼ ਕਰ ਦਿੱਤੀ। ਸ੍ਰੀ ਅਨੰਦਪੁਰ ਸਾਹਿਬ ਤੋਂ ਲੈ ਕੇ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਤਕ ਜਿੱਥੇ ਦਸਵੇਂ ਪਾਤਸ਼ਾਹ ਦਾ ਪਰਿਵਾਰ ਅਤੇ ਜਾਨ ਤੋਂ ਪਿਆਰੇ ਸਿੰਘ ਸ਼ਹੀਦ ਹੋ ਗਏ, ਉੱਥੇ ਭਾਈ ਮਨੀ ਸਿੰਘ ਦੇ ਪੰਜ ਪੁੱਤਰ ਵੀ ਸਿੱਖ ਧਰਮ ਤੋਂ ਕੁਰਬਾਨ ਹੋ ਗਏ। ਸ੍ਰੀ ਮੁਕਤਸਰ ਦੀ ਲੜਾਈ ਤੋਂ ਬਾਅਦ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਵਿਖੇ ਪਹੁੰਚੇ ਤਾਂ ਭਾਈ ਮਨੀ ਸਿੰਘ ਨੇ ਵੀ ਉੱਥੇ ਪਹੁੰਚ ਕੇ ਨਮਸਕਾਰ ਕੀਤੀ। ਗੁਰੂ ਸਾਹਿਬ ਨੇ ਭਾਈ ਸਾਹਿਬ ਤੋਂ ਦਮਦਮੀ ਬੀੜ ਲਿਖਵਾਈ ਜਿਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵੀ ਦਰਜ ਕੀਤੀ ਗਈ।

ਸੰਨ 1721 ਤੋਂ ਭਾਈ ਮਨੀ ਸਿੰਘ ਜੀ ਸਿੱਖ ਕੌਮ ਦੀ ਰਹਿਨੁਮਾਈ ਕਰ ਰਹੇ ਸਨ। ਦੀਵਾਲੀ ਅਤੇ ਵੈਸਾਖੀ ਦੇ ਤਿਉਹਾਰਾਂ ਮੌਕੇ ਉਹ ਅਕਸਰ ਇਕ ਵੱਡਾ ਇਕੱਠ ਕਰ ਕੇ ਸਿੱਖ ਸੰਗਤਾਂ ਨੂੰ ਆਪਸ ਵਿਚ ਮਿਲਾਉਣ/ਬੈਠਾਉਣ ਦਾ ਯਤਨ ਕਰਿਆ ਕਰਦੇ ਸਨ। ਇਨ੍ਹਾਂ ਮਿਲਣੀਆਂ/ਬੈਠਕਾਂ ਸਦਕਾ ਹੀ ਸਿੱਖ ਕੌਮ ਸੰਕਟਕਾਲੀਨ ਸਮਿਆਂ ਵਿਚ ਵੀ ਚੜ੍ਹਦੀ ਕਲਾ ਵਿਚ ਰਹਿੰਦੀ ਰਹੀ ਹੈ। 70 ਸਾਲ ਉਮਰ ਹੋ ਜਾਣ ਕਰਕੇ ਭਾਈ ਮਨੀ ਸਿੰਘ ਦਾ ਸਰੀਰ ਬੇਸ਼ੱਕ, ਕੁਝ ਕਮਜ਼ੋਰ ਪੈ ਰਿਹਾ ਸੀ ਪਰ ਉਨ੍ਹਾਂ ਵਿਚ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦਾ ਉਤਸ਼ਾਹ ਅਜੇ ਵੀ ਜਵਾਨ ਸੀ। ਸੰਮਤ 1790 ਬਿਕ੍ਰਮੀ ਦਾ ਦੀਵਾਲੀ ਦਾ ਪੁਰਬ ਨੇੜੇ ਆ ਰਿਹਾ ਸੀ। ਇਸ ਸਮੇਂ ਆਪ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਸੇਵਾ-ਸੰਭਾਲ ਮੁੱਖ ਗ੍ਰੰਥੀ ਦੇ ਰੂਪ ਵਿਚ ਕਰ ਰਹੇ ਸਨ। ਇਸ ਪੁਰਬ ਨੂੰ ਮਨਾਉਣ ਲਈ ਭਾਈ ਸਾਹਿਬ ਆਪਣੇ ਸਾਥੀਆਂ ਸ. ਸੁਬੇਗ ਸਿੰਘ ਅਤੇ ਸ. ਸੂਰਤ ਸਿੰਘ ਨੂੰ ਨਾਲ ਲੈ ਕੇ ਲਾਹੌਰ ਦੇ ਸੂਬੇਦਾਰ ਜ਼ਕਰੀਆਂ ਖਾਨ ਕੋਲ ਗਏ।

ਸੂਬੇਦਾਰ ਨੇ 10,000 ਦੀ ਰਕਮ ਜਜ਼ੀਏ ਵਜੋਂ ਮੰਗ ਲਈ ਜੋ ਭਾਈ ਮਨੀ ਸਿੰਘ ਨੇ ਮੇਲੇ ਉਪਰੰਤ ਦੇਣੀ ਮੰਨ ਲਈ। ਆਪਸੀ ਸਹਿਮਤੀ ਹੋਣ ਦੇ ਬਾਵਜੂਦ ਵੀ ਲਾਹੌਰ ਦੇ ਸੂਬੇਦਾਰ ਦਾ ਮਨ ਬੇਈਮਾਨ ਹੋ ਗਿਆ। ਇਸ ਬੇਈਮਾਨੀ ਤਹਿਤ ਉਸ ਨੇ ਮੇਲੇ 'ਤੇ ਜੁੜਨ ਵਾਲੀਆਂ ਸੰਗਤਾਂ ਨੂੰ ਖ਼ਤਮ ਕਰਨ ਦੀ ਠਾਣ ਲਈ। ਜਦੋਂ ਭਾਈ ਮਨੀ ਸਿੰਘ ਜੀ ਨੂੰ ਇਸ ਗੱਲ ਦੀ ਭਿਣਕ ਪਈ ਤਾਂ ਉਨ੍ਹਾਂ ਨੇ ਸੰਗਤਾਂ/ਖਾਲਸੇ ਨੂੰ ਉੱਥੇ ਆਉਣ ਤੋਂ ਰੋਕਣ ਲਈ ਸਿੰਘਾਂ ਨੂੰ ਭੇਜਿਆ। ਜਿਸ ਕਰਕੇ ਸੰਗਤਾਂ ਦਾ ਇਕੱਠ ਨਹੀਂ ਹੋਇਆ। ਭਾਈ ਮਨੀ ਸਿੰਘ ਜੀ ਨੇ ਹਕੂਮਤ ਦੇ ਇਸ ਵਿਹਾਰ ਦੀ ਨਿਖੇਧੀ ਕੀਤੀ। ਜ਼ਕਰੀਆ ਖਾਨ ਨੇ ਭਾਈ ਸਾਹਿਬ ਕੋਲੋਂ ਜਜ਼ੀਏ ਦੀ ਰਕਮ ਵਸੂਲ ਕਰਨੀ ਚਾਹੀ, ਪਰ ਜਵਾਬ ਵਿਚ ਭਾਈ ਮਨੀ ਸਿੰਘ ਨੇ ਕਿਹਾ ਕਿ, ਇਕੱਠ ਤਾਂ ਤੁਸੀਂ ਹੋਣ ਨਹੀਂ ਦਿੱਤਾ ਫਿਰ ਕਿਹੜੀ ਰਕਮ ਦੀ ਗੱਲ ਕਰਦੇ ਹੋ?" ਭਾਈ ਮਨੀ ਸਿੰਘ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਦਰਬਾਰ ਵਿਚ ਪੇਸ਼ ਕੀਤਾ ਗਿਆ। ਜ਼ਕਰੀਆਂ ਖਾਨ ਨੇ ਜੁਰਮਾਨਾ ਨਾ ਭਰਨ ਦੀ ਸੂਰਤ ਵਿਚ ਇਸਲਾਮ ਕਬੂਲ ਕਰਨ ਦੀ ਸ਼ਰਤ ਰੱਖ ਦਿੱਤੀ ਜੋ ਭਾਈ ਸਾਹਿਬ ਨੇ ਅਪ੍ਰਵਾਨ ਕਰ ਦਿੱਤੀ। ਕੋਈ ਗੱਲ ਨਾ ਬਣਦੀ ਦੇਖ ਕੇ ਲਾਹੌਰ ਦੇ ਸੂਬੇਦਾਰ ਨੇ ਭਾਈ ਸਾਹਿਬ ਦੇ ਸਰੀਰ ਦਾ ਬੰਦ-ਬੰਦ ਕੱਟਣ ਦਾ ਹੁਕਮ ਦੇ ਦਿੱਤਾ। ਹੁਕਮ ਦੀ ਤਮੀਲ ਕਰਨ ਹਿਤ ਸਿਪਾਹੀ ਉਨ੍ਹਾਂ ਨੂੰ ਸ਼ਾਹੀ ਕਿਲ੍ਹੇ ਦੇ ਮੈਦਾਨ ਵਿਚ ਲੈ ਗਏ। ਭਾਈ ਮਨੀ ਸਿੰਘ ਨੇ ਇਸ ਸਜ਼ਾ ਨੂੰ ਵਾਹਿਗੁਰੂ ਦਾ ਭਾਣਾ ਸਮਝ ਕੇ ਸਵੀਕਾਰ ਕਰ ਲਿਆ ਅਤੇ ਸ਼ਹਾਦਤ ਦਾ ਜਾਮ ਪੀ ਗਏ।

-0-

# ਪੰਜਾਬ ਦਾ ਬੱਬਰ ਸ਼ੇਰ-ਮਹਾਰਾਜਾ ਰਣਜੀਤ ਸਿੰਘ

**ਕੁਲਵੰਤ ਕੌਰ (ਡਾ) # 98156-20515**

ਪੰਜਾਂ ਦਰਿਆਵਾਂ ਦੀ ਖ਼ੁਸ਼ਹਾਲ, ਉਪਜਾਊ, ਇਤਿਹਾਸਕ ਅਤੇ ਸਿਰਕੱਢ ਭੋਇੰ ਪੰਜਾਬ ਨੂੰ ਇਹ ਸ਼ਰਫ਼ ਹਾਸਿਲ ਹੈ ਕਿ ਉਸ ਨੇ ਆਪਣੀ ਨਿੱਘੀ, ਸੁਖਾਵੀਂ ਅਤੇ ਸਦੀਵੀ ਗੋਦੀ ਵਿਚ ਜਿੱਥੇ ਅਨੰਤ ਕਾਲ ਦੇ ਪੀਰਾਂ-ਫ਼ਕੀਰਾਂ, ਰਿਸ਼ੀਆਂ-ਮੁਨੀਆਂ, ਤੇਜਸਵੀਆਂ ਅਤੇ ਆਚਾਰੀਆਂ ਨੂੰ ਖਿਡਾਇਆ ਹੈ ਉਥੇ ਮੱਧਕਾਲ ਵਿਚ ਦਸ ਅਮਰ ਪਾਤਿਸ਼ਾਹੀਆਂ ਦੇ ਰਸਭਿੰਨੜੇ ਅਤੇ ਅਨਾਦੀ ਬੋਲ ਵੀ ਮਾਣੇ ਹਨ। ਦੁਨੀਆਂ ਦੇ ਇਸ ਅਲੋਕਾਰੇ ਖਿੱਤੇ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਧੁੰਮਾਂ ਵੀ ਪਈਆਂ ਅਤੇ ਉਸ ਤੋਂ ਅੱਧੀ ਕੁ ਸਦੀ ਮਗਰੋਂ, ਪਰਮਾਤਮਾ ਨੇ ਪੰਜਾਬ ਨੂੰ ਇੱਕ ਅਜਿਹੇ ਅਨੂਠੇ ਸ਼ੇਰ-ਪੁੱਤਰ ਨਾਲ ਨਿਵਾਜਿਆ, ਜਿਸ ਦੀਆਂ ਬੀਰ ਗਾਥਾਵਾਂ ਅੱਜ ਦੋ ਸੌ ਸਾਲ ਤੋਂ ਵੱਧ ਸਮਾਂ ਬੀਤ ਜਾਣ 'ਤੇ ਵੀ ਕਾਬਲ, ਕੰਧਾਰ ਅਤੇ ਪਿਸ਼ਾਵਰ ਦੇ ਕਿਲ੍ਹਿਆਂ ਦੀਆਂ ਮੂਕ ਕੰਧਾਂ ਸੁਣਾਉਂਦੀਆਂ ਅਤੇ ਦਰਸਾਉਂਦੀਆਂ ਹਨ।

ਲੋਕ ਕਥਾਵਾਂ ਵਿਚਲੇ ਹਰਮਨ ਪਿਆਰੇ ਪਾਤਰਾਂ ਵਰਗਾ ਮਕਬੂਲ, ਪੰਜਾਬੀਅਤ ਦੀ ਲਟ ਲਟ ਬਲਦੀ ਸਮ੍ਹਾ ਜਿਹਾ ਰੌਸ਼ਨ, ਪੰਜਾਬ ਦਾ ਅਮਰ ਲੋਕ ਨਾਇਕ, ਪ੍ਰਭੂ-ਵਰੋਸਾਈ ਇਕ ਅਦਭੁੱਤ ਹਸਤੀ, ਗੁਰੂ ਨਿਵਾਜੀ ਇਕ ਅਜ਼ੀਮ ਸ਼ਕਤੀ, ਪੰਜਾਬੀਆਂ ਦੇ ਦਿਲਾਂ ਦਾ ਸ਼ਹਿਨਸ਼ਾਹ, ਬੱਚੇ ਬੁੱਢੇ ਅਤੇ ਹਰੇਕ ਨਰ ਨਾਰੀ ਦਾ ਆਪਣਾ ਸਕਾ ਸਹੋਦਰਾ, ਇੱਕ ਪੂਰੀ ਸਿੱਖ ਕੌਮ ਦਾ ਨਵ-ਉਸਰੱਈਆ, ਧਰਮ ਨਿਰਪੇਖਤਾ, ਚੜ੍ਹਦੀ ਕਲਾ, ਜਾਂਬਾਜ਼ੀ ਅਤੇ ਹਿੰਮਤ ਦਾ ਸਾਖਿਆਤ ਪ੍ਰਤਿਰੂਪ, ਦਸ਼ਮੇਸ਼ ਪਿਤਾ ਦਾ ਪ੍ਰਤਿਬਿੰਬ ਖ਼ਾਲਸਾ ਅਤੇ ਖਾਲਸਾ ਰਾਜ ਦਾ ਅਮਰ, ਅਮਿੱਟ ਅਤੇ ਅਟੱਲ ਉਦਾਹਰਨ। ਪੰਜਾਬ ਦਾ ਸੱਚਾ ਮਾਣ, ਪ੍ਰਾਣ ਅਤੇ ਸ਼ਾਨ ਸੀ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ। ਪੰਜਾਬੀਅਤ ਦਾ ਪ੍ਰਤਿਨਿੱਧ ਅਤੇ ਪੂਰੇ ਸੰਸਾਰ ਦੀਆਂ ਨਜ਼ਰਾਂ ਦਾ ਧੁਰਾ ਸੀ ਸਾਡਾ ਲਾਸਾਨੀ ਅਤੇ ਬੇਜੋੜ ਮਹਾਰਾਜਾ ਜਿਹਦੇ ਬਾਰੇ ਇਤਿਹਾਸਕਾਰ ਸ੍ਰੀ ਗੋਕਲ ਚੰਦ ਨਾਰੰਗ ਨੇ ਕਿੰਨਾ ਸਹੀ ਲਿਖਿਆ ਹੈ :

"ਇੱਕ ਵੱਡਾ ਜੇਤੂ ਤੇ ਰਾਜ-ਸੰਸਥਾਪਕ ਹੋਣ ਦੇ ਨਾਤੇ ਉਸ ਨੂੰ ਪੰਜਾਬ ਦਾ ਸ਼ੇਰ ਕਿਹਾ ਗਿਆ ਹੈ। ਉਸ ਨੂੰ ਵੱਡਾ ਹਿੰਦੂ ਕੌਮੀ ਨਾਇਕ ਵੀ ਸਵੀਕਾਰਿਆ ਗਿਆ ਕਿਉਂਕਿ ਨਾ ਕੇਵਲ ਸਿੱਖ ਹੀ ਸਗੋਂ ਸਮੁੱਚੀ ਹਿੰਦੂ ਕੌਮ ਵੀ ਇਹ ਮੰਨਣ ਲੱਗੀ ਸੀ ਕਿ ਹਿੰਦ ਦੇ ਰਾਜਨੀਤਕ ਦਿਸਹੱਦੇ 'ਤੇ ਇਕ



ਵਾਰ ਮੁੜ ਕੇ ਹਿੰਦੂ ਸ਼ਾਨੋ-ਸ਼ੌਕਤ ਦਾ ਸੂਰਜ ਉਦੈ ਹੋਇਆ ਹੈ।"

ਸੱਚਮੁੱਚ, ਹਜ਼ਾਰਾਂ ਸਾਲਾਂ ਦੀ ਵਿਦੇਸ਼ੀ ਲੁੱਟ-ਖਸੁੱਟ, ਆਪੋ-ਧਾਪੀ, ਰੌਲੇ-ਗੌਲੇ ਅਤੇ ਸ਼ੋਰੋ-ਗੁਲ ਦੇ ਆਕਾਸ਼ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਵਿਸ਼ਾਲ ਦ੍ਰਿੜ੍ਹਤਾ, ਖੁਲ੍ਹਦਿਲੀ, ਅਫ਼ਿਰਕੂ ਢੰਗ ਨਾਲ ਇਸਦਾ ਕਾਇਮ ਰਹਿਣਾ ਅਤੇ ਬੱਚੇ ਬੁੱਢੇ ਦੇ ਮਨ ਦੀਆਂ ਮੁਰਾਦਾਂ ਪੂਰੀਆਂ ਕਰਨੀਆਂ ਇਕ ਕ੍ਰਿਸ਼ਮੇ ਤੋਂ ਘੱਟ ਨਹੀਂ ਸੀ। ਉਨ੍ਹਾਂ ਦਾ ਸ਼ੁਮਾਰ ਅਕਬਰ, ਅਸ਼ੋਕ, ਸ਼ੇਰਸ਼ਾਹ ਸੂਰੀ ਅਤੇ ਸ਼ਿਵਾਜੀ ਮਰਹੱਟੇ ਆਦਿ ਜਿਹੀਆਂ ਉਨ੍ਹਾਂ ਮਕਬੂਲ ਸ਼ਖ਼ਸੀਅਤਾਂ ਵਿਚ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਲੋਕ-ਭਲਾਈ ਖ਼ਾਤਿਰ ਵਿਸ਼ੇਸ਼ ਜਤਨ ਕੀਤੇ ਅਤੇ ਬੁਲੰਦੀਆਂ ਸਰ ਕੀਤੀਆਂ। ਪਰਜਾ ਦੇ ਦਿਲ ਜਿੱਤਣ ਖ਼ਾਤਿਰ ਇਨ੍ਹਾਂ ਸਭਨਾਂ ਨੇ ਆਪਣਾ ਬਹੁਤ ਕੁਝ ਕੁਰਬਾਨ ਕਰਨੋਂ ਵੀ ਗੁਰੇਜ਼ ਨਹੀਂ ਸੀ ਕੀਤਾ। ਪੰਜਾਬੀ ਬੱਬਰ ਸ਼ੇਰ ਮਹਾਰਾਜਾ ਰਣਜੀਤ ਸਿੰਘ ਉਂਞ ਇਨ੍ਹਾਂ ਸਾਰਿਆਂ ਨਾਲੋਂ ਵਿਲੱਖਣ ਸੀ-ਬਿਲਕੁਲ ਹੀ ਅਲੱਗ ਕਿਉਂਕਿ ਉਸ ਨੇ ਆਰੰਭ ਤੋਂ ਅੰਤ ਤਕ ਜਿਨ੍ਹਾਂ ਅਸੂਲਾਂ, ਆਦਰਸ਼ਾਂ, ਸਿਧਾਂਤਾਂ ਅਤੇ ਨਿਯਮਾਂ ਨੂੰ ਅਪਣਾਇਆ, ਨਿਭਾਇਆ ਅਤੇ ਕਮਾਇਆ ਉਹ ਉਪਰ ਜ਼ਿਕਰਤ ਮਹਾਨ ਹਸਤੀਆਂ ਨੇ ਓਸ ਨਿਸ਼ਠਾ, ਦ੍ਰਿੜ੍ਹਤਾ, ਲਗਨ ਅਤੇ ਸੂਰਬੀਰਤਾ ਨਾਲ ਸ਼ਾਇਦ ਨਾ ਨਿਭਾਏ ਹੋਣ ਜਿਸ ਨਾਲ ਮਰਦੇ ਦਮ ਤਕ ਜਾਂਬਾਜ ਮਹਾਰਾਜਾ ਰਣਜੀਤ ਸਿੰਘ ਨੇ ਨਿਭਾਏ। ਇਸੇ ਕਰਕੇ ਕਦੇ ਉਹ ਨਿਪੋਲੀਅਨ ਜਾਪਣ ਲਗ ਪੈਂਦਾ ਹੈ ਤੇ ਕਦੇ ਸਿਕੰਦਰ। ਕਦੇ ਜੂਲੀਅਸ ਸੀਜ਼ਰ ਤੇ ਕਦੇ ਉਹ ਮਹਾਰਾਣਾ ਪ੍ਰਤਾਪ। ਕਦੇ ਹਾਤਮਤਾਈ ਦਾ ਅਵਤਾਰ ਅਤੇ ਕਦੇ ਹਰ ਅਸਫਲਤਾ ਨੂੰ ਸਫ਼ਲਤਾ ਵਿਚ ਪਲਟਣ ਦੇ ਸਮਰੱਥ ਰਾਬਰਟ ਬਰੂਸ। ਹਕੂਮਤੀ ਬਦਬੂ ਤੋਂ ਮੁਕਤ, ਕੱਟੜਤਾ ਦੇ ਜ਼ਹਿਰ ਤੋਂ ਨਿਰਲੇਪ, ਸਾਂਝੀ ਪੰਜਾਬੀਅਤ ਦੀ ਸੁਗੰਧੀ ਨਾਲ ਲਬਰੇਜ਼ ਅਤੇ ਧਰਮ ਨਿਰਪੇਖਤਾ ਨਾਲ ਭਰਪੂਰ। ਐਸੇ ਵੀਰ ਨਾਇਕ, ਲੋਕ ਨਾਇਕ ਅਤੇ ਮਹਾਂ ਨਾਇਕ ਸੰਬੰਧੀ ਸੁਪ੍ਰਸਿੱਧ ਇਤਿਹਾਸਕਕਾਰ ਡਾ. ਫੌਜਾ ਸਿੰਘ ਦਾ ਇਹ ਕਥਨ ਕਿੰਨਾ ਢੁੱਕਵਾਂ ਹੈ :

"ਲੋਕਾਂ ਦੀ ਸਰਬ ਸੰਗਤ ਰਾਇ ਸੀ ਕਿ ਉਹੋ

**ਦਰਅਸਲ ਸਾਡੇ ਵਚਿੱਤਰ ਮਹਾਰਾਜੇ ਨੇ ਕਿਸ਼ੋਰ ਆਯੂ ਵਿਚ ਹੀ ਭਾਂਪ ਲਿਆ ਸੀ ਕਿ ਫਾੜੀ ਫਾੜੀ ਹੋ ਚੁੱਕੇ ਹਿੰਦ ਵਿਚ ਅਤੀਤ ਦੀ ਅਰਾਜਕਤਾ ਮੁਕਾਏ ਬਿਨਾਂ ਕੋਈ ਵਿਸ਼ਾਲ ਅਤੇ ਮਜ਼ਬੂਤ ਰਾਜ ਸਥਾਪਿਤ ਕਰ ਸਕਣਾ ਸਰਲ ਨਹੀਂ। ਇਸ ਲਈ ਛੋਟੇ-ਮੋਟੇ ਰਾਜਿਆਂ, ਨਵਾਬਾਂ ਅਤੇ ਰਿਆਸਤਾਂ ਪ੍ਰਤਿ ਮਿੱਤਰਤਾਪੂਰਨ ਹੱਥ ਵਧਾਏ ਬਗ਼ੈਰ, ਜ਼ੋਰ-ਜ਼ਬਤ ਦਾ ਲੜ ਫੜੇ ਬਿਨਾਂ, ਕੂਟਨੀਤੀ ਵਰਤੇ ਬਿਨਾਂ ਤੇ ਸਮੂਹ ਸ਼ਹਿਰੀਆਂ ਨੂੰ ਸਹਿਧਰਮੀ ਅਤੇ ਕੁਲੀਨ ਵਰਗੀਆਂ ਜਿਹਾ ਮਾਣ-ਅਦਬ ਦਿਤੇ ਬਿਨਾਂ ਕਿਸੇ ਅਫ਼ਿਰਕੂ ਰਾਜ ਦੀ ਕਾਇਮੀ ਸੰਭਵ ਹੀ ਨਹੀਂ ਸੀ। ਮਹਾਰਾਜੇ ਨੇ ਹੱਥਾਂ ਤੇ ਸਰੋਂ ਜਮਾਂ ਕੇ ਜ਼ਮਾਨੇ ਨੂੰ ਵਿਖਾ ਦਿੱਤਾ ਕਿ 'ਸਭੈ ਸਾਂਝੀਵਾਲ ਸਦਾਇਨ ਕੋਇ ਨਾ ਦਿਸੇ ਬਾਹਰਾ ਜੀਉ॥' ਦਾ ਗੁਰਵਾਕ ਉਸ ਦੀ ਪਰਜਾ 'ਤੇ ਪੂਰਾ ਢੁੱਕਦਾ ਸੀ। ਕਨਿੰਘਮ ਸਹੀ ਨਿਚੋੜ ਕੱਢਦਿਆਂ ਲਿਖਦੈ "ਵੱਧ ਜਾਂ ਘੱਟ ਸਿਆਸੀ ਤਰਤੀਬ ਅਨੁਸਾਰ ਰਣਜੀਤ ਸਿੰਘ ਨੇ ਵੱਖ-ਵੱਖ ਪ੍ਰਮਾਣੂਆਂ ਅਤੇ ਖਿੰਡੇ ਪੁੰਡੇ ਤੱਤਾਂ ਨੂੰ ਇਕੱਠਿਆਂ ਕਰਕੇ ਵਧ ਰਹੀ ਸਿੱਖ ਕੌਮ ਨੂੰ ਸੋਹਣੇ ਢੰਗ ਨਾਲ ਸਾਂਝੀ ਸਟੇਟ ਜਾਂ ਕਾਮਨਵੈਲਥ ਵਿਚ ਢਾਲਣ ਦਾ ਯਤਨ ਕੀਤਾ ਜਿਵੇਂ ਗੁਰੂ ਗੋਬਿੰਦ ਸਿੰਘ ਨੇ ਇਕ ਫਿਰਕੇ ਨੂੰ ਇਕ ਕੌਮ ਦਾ ਰੂਪ ਦੇ ਕੇ ਕੀਤਾ ਸੀ।" ਮੁਸਲਮਾਨ, ਹਿੰਦੂ, ਡੋਗਰੇ, ਈਸਾਈ ਤੇ ਯਹੂਦੀ ਸਾਰੇ ਹੀ ਸਿੱਖਾਂ ਵਾਂਗ ਉਸ ਦੇ ਵਿਸ਼ਵਾਸਪਾਤਰ ਸਨ ਸਗੋਂ ਸਿੱਖਾਂ ਦੇ ਮੁਕਾਬਲੇ ਬੁਲੰਦ ਅਹੁਦਿਆਂ 'ਤੇ ਦੂਜੇ ਲੋਕ ਹੀ ਸਨ।**

ਜਿਹਾ ਪੰਜਾਬੀ ਰਾਸ਼ਟਰਵਾਦੀ ਨੇਤਾ ਜ਼ਮਾਨੇ ਨੇ ਕਦੇ ਨਹੀਂ ਸੀ ਦੇਖਿਆ ਜੋ ਸਭ ਪ੍ਰਕਾਰ ਦੀਆਂ ਉਪਮਾਵਾਂ ਤੋਂ ਉਤਾਂਹ ਸੀ।"

ਅਗਲੀ ਵਿਚਾਰ ਕਰਨ ਤੋਂ ਪਹਿਲਾਂ ; ਮਹਾਰਾਜਾ ਕਾਲ ਦੇ ਚਰਚਿਤ ਕਵੀ ਗਨੇਸ਼ ਦਾਸ ਰਚਿਤ ਫਤਹਿਨਾਮਾ (1831 ਈ :) ਦੇ ਕੁਝ ਕਾਵਿ-ਬੰਦ ਲਿਖਣੇ ਇੱਥੇ ਵਧੇਰੇ ਭਾਵਪੂਰਤ ਹੋਣਗੇ :

"ਤੇਹਨ ਤੇ ਗੁਰ ਆਪ ਵਿਚਾਰ ਕੀਯੋ ਸਭ ਸਿੰਘਨ ਕੋ ਪਤੀ ਏਕ ਬਨਾਵੈ।

ਰਣਜੀਤ ਮਿਗਿੰਦ ਭਇਓ ਤਬ ਹੀ ਤੇਹ ਛਤਰ ਦੀਯੋ ਕਰਤਾਰ ਸੋ ਭਾਵੇਂ।"


ਇਸ ਪ੍ਰਕਾਰ, ਪੰਜਾਬ ਦਾ ਸ਼ੇਰ-ਪੁਤਰ ਰਣਜੀਤ ਸਿੰਘ ਪ੍ਰਭੂ-ਬਖਸ਼ਿਸ਼ ਕਾਰਨ ਹੀ ਅਜਿਹੇ ਉਚੇਰੇ ਮੁਕਾਮ ਦਾ ਭਾਗੀ ਬਣਿਆ ਜਿਸ ਦੀ ਕਾਮਨਾ ਤਾਂ ਭਾਵੇਂ ਹਰ ਵਿਅਕਤੀ ਕਰਦੈ ਪਰੰਤੂ ਜਿਹਦੀ ਪ੍ਰਾਪਤੀ ਅਤਿਅੰਤ ਦੁਸ਼ਵਾਰ ਕਾਰਜ ਹੈ। ਨਵੰਬਰ 1780 ਦੀ ਸਦ-ਸੁਹਾਵੀ ਅਤੇ ਅਤਿ ਸੁਖਾਵੀ ਰੁਤੇ ; ਯੋਧੇ ਅਤੇ ਸਿਰਲੱਥ ਪਿਤਾ ਮਹਾਂ ਸਿੰਘ ਅਤੇ ਸੂਝ ਸਿਆਣਪ ਅਤੇ ਰਾਜਸੀ ਯੋਗਤਾ ਵਾਲੀ ਦਲੇਰ ਮਾਤਾ ਰਾਜ ਕੌਰ ਦੇ ਰੰਗਲੇ ਵਿਹੜੇ ਨੂੰ ਆਪਣੀਆਂ ਕਿਲਕਾਰੀਆਂ ਨਾਲ ਮਹਿਕਾਉਣ ਆਇਆ ਬਾਲ ਬੁਧ ਸਿੰਘ ਕਿਹੋ ਜਿਹਾ ਹੁਸੀਨ ਬਾਲ ਹੋਵੇਗਾ ਜਿਸ ਨੇ ਹੋਣੀਆਂ ਨਾਲ ਮੱਥਾਂ ਲਾ ਕੇ ਅਣਹੋਣੀਆਂ ਵਰਤਾਉਣੀਆਂ ਸਨ, ਕਹਿੰਦੇ ਕਹਾਉਂਦੇ ਜੁਝਾਰੂਆਂ ਨੂੰ ਭਾਜੜਾਂ ਪਾਉਣੀਆਂ ਸਨ ਅਤੇ ਕੁਫ਼ਰ-ਚਾਲਾਂ ਚਲਣ ਵਾਲਿਆਂ ਨੂੰ ਅਜਿਹਾ ਸਬਕ ਸਿਖਾਉਣਾ ਸੀ ਕਿ ਡੰਗਿਆਂ ਪਾਣੀ ਤਕ ਨਾ ਮੰਗੇ। ਚੜ੍ਹਤ ਸਿੰਘ ਦੇ ਇਸ ਅਨੂਠੇ ਪੋਤਰੇ ਬੁੱਧ ਸਿੰਘ ਦਾ ਨਾਮਕਰਣ ਭਾਵੇਂ ਬਜ਼ੁਰਗਾਂ ਨੇ ਦੀਰਘ ਵਿਚਾਰ ਉਪਰੰਤ ਹੀ ਕੀਤਾ ਸੀ ਪਰੰਤੂ ਆਪਣੀ ਮਿਸਲ (ਸ਼ੁਕਰਚੱਕੀਆ) ਦੇ ਸਰਦਾਰ ਮਹਾਂ ਸਿੰਘ ਨੇ ਜਿਹਲਮ ਦੇ ਕਿਨਾਰੇ 'ਤੇ ਚੱਠਿਆਂ ਵਿਰੁੱਧ ਲੜਦਿਆਂ ਉਸੇ ਦਿਨ ਹੀ ਮੈਦਾਨ ਫ਼ਤਹਿ ਕੀਤਾ ਸੀ, ਜਿਸ ਦਿਨ ਪਰਿਵਾਰ ਨੂੰ ਭੁੰਚਗੀ ਦੀ ਅਮੁੱਲੀ ਸੌਗਾਤ ਪ੍ਰਾਪਤ ਹੋਈ ਸੀ। ਜੰਗ ਜਿੱਤਣ ਦੀ ਅਪਾਰ ਖ਼ੁਸ਼ੀ ਵਿੱਚ ਬੱਚੇ ਦਾ ਨਾਂ ਬੁੱਧ ਸਿੰਘ (ਮਓਨੋਡ ਾਸਿਦੋਮ) ਤੋਂ ਰਣਜੀਤ ਸਿੰਘ (ੰਨਿਨਏਰ ੋਡ ਭਓਟਟਲਏ) ਬਦਲ ਦਿੱਤਾ ਗਿਆ, ਜਿਸਨੂੰ ਨੌਜਵਾਨ ਪੁੱਤਰ ਨੇ ਆਖਰੀ ਸਾਹਾਂ ਤੱਕ ਪ੍ਰਸ਼ਟ ਕੀਤਾ। ਉਸ ਨੇ ਹਰ ਰਣ ਵਿੱਚ ਜਿੱਤ ਪ੍ਰਾਪਤ ਕੀਤੀ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਇਕ ਗੁਰੂ ਵਰੋਸਾਇਆ ਹੋਇਆ ਸ਼ਖਸ ਸੀ-ਖ਼ਾਲਸਾ ਰਾਜ ਦਾ ਵਿਸ਼ਾਲ ਥੰਮ੍ਹ। ਸ਼ੁੱਧ ਖਾਲਸਾ ਹੁੰਦਿਆਂ ਜਿੱਥੇ ਉਸ ਨੇ ਗੁਰੂ ਸਾਹਿਬਾਨ ਦੇ ਸਿਧਾਂਤਾਂ ਨੂੰ ਅਮਲਾਂ ਵਿੱਚ ਢਾਲਿਆ, ਉਥੇ ਉਸਨੇ ਇਨਸਾਨੀਅਤ ਦਾ ਸੱਚਾ ਸੁੱਚਾ ਮੁਜਸਮਾ ਬਣਨ ਦਾ ਵੀ ਟਿੱਲ ਲਾਇਆ। ਜਿਸ ਮੁਗ਼ਲ ਹਕੂਮਤ ਨੇ ਬਾਬਰ ਤੋਂ ਲੈ ਕੇ ਔਰੰਗਜ਼ੇਬ ਤਕ ਵੱਖ-ਵੱਖ ਮੌਕਿਆਂ ਤੇ ਗੁਰੂ-ਘਰ ਨਾਲ ਟੱਕਰ ਲੈਂਦਿਆਂ, ਵਧੀਕੀਆਂ, ਜ਼ਿਆਦਤੀਆਂ, ਮਨਮਾਨੀਆਂ ਅਤੇ ਆਪਹੁਦਰੀਆਂ ਕੀਤੀਆਂ ਤੇ ਸ਼ਹੀਦੀ ਜਾਮ ਪਿਲਾਉਣੋਂ ਵੀ ਗੁਰੇਜ਼ ਨਾ ਕੀਤਾ। ਉਸੇ ਮੁਗ਼ਲ ਸ਼ਹਿਨਸ਼ਾਹਤ ਦੇ ਖੰਡਰਾਤਾਂ 'ਤੇ ਆਪਣੇ ਵਿਸ਼ਾਲ ਰਾਜ ਦੀਆਂ ਨੀਹਾਂ ਮਜ਼ਬੂਤ ਕਰਨ ਦਾ ਮਹਾਨ ਇਤਿਹਾਸਕ ਕਾਰਜ ਰਣਜੀਤ ਸਿੰਘ ਦੇ ਜ਼ਿੰਮੇ ਆਇਆ ਤਾਂ ਹੀ ਤਾਂ ਪੱਖਪਾਤੀ ਅੰਗਰੇਜ਼ ਲੇਖਕ ਗ੍ਰਿਫਨ ਲਿਖਣ ਲਈ ਮਜਬੂਰ ਹੋਇਆ : "ਇਕ ਲੜਾਕੂ ਸਿਪਾਹੀ ਦਾ ਆਦਰਸ਼ ਰੂਪ ਸੀ ਰਣਜੀਤ ਸਿੰਘ-ਅੰਤਾਂ ਦਾ ਨਿਡਰ, ਦਲੇਰ, ਦਬੰਗ ਅਤੇ ਸਖ਼ਤ ਜਾਨ। ਓਸ ਵਰਗਾ ਮਨਮੋਹਕ, ਜ਼ਿਕਰਯੋਗ ਅਤੇ ਆਤਮ ਵਿਸ਼ਵਾਸੀ ਰਾਜ ਪ੍ਰਮੁੱਖ ਇਤਿਹਾਸ ਨੇ ਨਾ ਪਹਿਲਾਂ ਵੇਖਿਆ ਹੈ ਤੇ ਨਾ ਪਿੱਛੇ।"

'ਸਰਕਾਰ-ਏ-ਖ਼ਾਲਸਾ' ਦਾ ਸਟੇਟ ਬੈਨਰ ਸਜਾਉਣ ਵਾਲਾ, ਸ਼ਾਹੀ ਦਰਬਾਰ ਦਾ ਨਾਂ 'ਦਰਬਾਰ-ਏ-ਖਾਲਸਾ' ਪ੍ਰਵਾਨ ਕਰਨ ਵਾਲਾ, ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਨਾਂ 'ਤੇ 'ਨਾਨਕਸ਼ਾਹੀ ਸਿੱਕਾ ਚਲਾਉਣ ਵਾਲਾ, 'ਰਣਜੀਤ ਸਿੰਘ ਅਕਾਲ ਸਹਾਇ' ਦੀ ਮੁਹਰ ਬਣਵਾਉਣ ਵਾਲਾ, ਸਿੰਘ ਸਾਹਿਬ' ਦੇ ਨਾਂ ਨਾਲ ਆਪਣੇ ਆਪ ਨੂੰ ਸਦਵਾਉਣ ਵਾਲਾ, ਦਰੀ ਉੱਤੇ ਦਰਬਾਰ ਸਜਾਉਣ ਵਾਲਾ, ਸਾਰੀ ਉਮਰ 'ਤਖਤ' ਜਾਂ ਸਿੰਘਾਸਣ ਉਤੇ ਨਾ ਬਿਰਾਜਮਾਨ ਹੋਣ ਵਾਲਾ, ਆਮ ਸਾਦਾ ਕਪੜੇ ਪਾਉਣ ਵਾਲਾ, ਕੁਰਸੀ ਉੱਤੇ ਹੀ ਦਰਬਾਰ ਲਾ ਲੈਣ ਵਾਲਾ (ਖਾਸ ਮੌਕਿਆਂ ਤੋਂ ਬਿਨਾਂ ਆਮ ਕੁਰਸੀ ਦੀ ਵਰਤੋਂ ਹੀ ਹੁੰਦੀ ਸੀ) ਹੀਰੇ-ਜਵਾਹਰਾਤਾਂ ਅਤੇ ਰਤਨਾਂ-ਲਾਲਾਂ ਨਾਲ ਮੋਹ ਨਾ ਪਾਲਣ ਵਾਲਾ ਤੇ ਸਭ ਤੋਂ ਵੱਧ ਕੇ ਆਪਣੀ ਪਰਜਾ ਨੂੰ ਹਰ ਪ੍ਰਕਾਰੀ ਵਿਤਕਰਿਆਂ ਤੋਂ ਉਤਾਂਹ ਦਿਲੋਂ, ਜੀਅ-ਜਾਨ ਨਾਲ ਪਿਆਰਨ ਵਾਲਾ ਮਹਾਰਾਜਾ ਰਣਜੀਤ ਸਿੰਘ ਤੋਂ ਬਿਨਾਂ ਇਸ ਧਰਤੀ 'ਤੇ ਹੋਰ ਕਿਹੜਾ ਰਾਜਾ ਹੋ ਸਕਦਾ ਸੀ। ਜਿਸ ਦੀ ਅਜ਼ੀਮ ਹਸਤੀ ਅੱਗੇ ਬਾਕੀ ਬੰਦੇ ਤਾਂ ਇਕ ਪਾਸੇ ਰਹੇ ਸਮੂਹ ਨਦੀਆਂ-ਨਾਲੇ ਤੇ ਪਰਬਤ-ਸਾਗਰ ਵੀ ਉਹਦਾ ਪਾਣੀ ਭਰਦੇ ਰਹੇ ਹਨ। ਉਸਨੇ ਗੁਰੂ ਗ੍ਰੰਥ ਸਾਹਿਬ ਦੇ ਇਸ ਮਹਾਂਵਾਕ ਨੂੰ ਆਪਣੇ ਜੀਵਨ-ਉਦੇਸ਼ ਦਾ ਵਾਹਨ ਬਣਾ ਲਿਆ ਸੀ :

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥ (1349)**

ਦਸਮ ਪਿਤਾ ਦੇ ਗੁਰਵਾਕ 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਨੂੰ ਦਿਲੋ-ਦਿਮਾਗ਼ ਦੀਆਂ ਧੁਰ ਗਹਿਰਾਈਆਂ ਵਿਚ ਸਮੇਟਿਆਂ ਮਹਾਰਾਜੇ ਨੇ ਪਰ 'ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ' ਦੀ ਵਿਚਾਰਧਾਰਾ ਤੇ ਵੀ ਪਹਿਰਾ ਦਿੱਤਾ ਕਿਉਂਕਿ ਉਹ ਮੀਰੀ ਤੇ ਪੀਰੀ ਦਾ ਸਮੇਲਕ ਵੀ ਸੀ। ਬੇਸ਼ਕ ਆਪਣੇ ਆਪ ਨੂੰ ਉਸਨੇ ਸਦਾ ਖ਼ਾਲਸਾ ਸੇਵਕ ਅਤੇ ਗੁਰੂ ਦਾ ਪ੍ਰਤਿਨਿਧ ਹੀ ਸਵੀਕਾਰਿਆ। ਫਿਰ ਵੀ ਮਹਾਰਾਜੇ ਦੇ ਚੁੰਬਕੀ ਵਿਅਕਤਿਤਵ ਵਿਚ ਕੋਈ ਅਜਿਹੀ ਅੱਲੋਕਾਰਤਾ ਜ਼ਰੂਰ ਮੌਜੂਦ ਸੀ ਕਿ ਇੰਡਸ ਦਰਿਆ ਦੇ ਸ਼ੂਕਦੇ ਪਾਣੀ ਮਹਾਰਾਜੇ ਦੀ ਕਦਮਬੋਸੀ ਕਰਨ ਲਈ ਥੰਮ੍ਹ ਕੇ ਰਹਿ ਗਏ ਸਨ। ਇਹ ਗੱਲ ਕਿਸੇ ਸੁਣੇ-ਸੁਣਾਏ ਬਿਰਤਾਂਤ ਤੇ ਆਧਾਰਿਤ ਨਹੀਂ ਸਗੋਂ ਮਹਾਰਾਜਾ-ਕਾਲ ਦੇ ਕੁਝ ਸੁਪ੍ਰਸਿੱਧ ਲੇਖਕਾਂ ਨੇ ਕਹੀਆਂ ਹਨ ਕਿ ਮਹਾਰਾਜੇ ਦੇ ਮਹਿਜ਼ ਦਰਸਨ ਹੀ ਦੋਹਾਂ ਜਹਾਨਾਂ ਦਾ ਸੁੱਖ ਪ੍ਰਦਾਨ੍ਹਦੇ ਮਹਿਸੂਸ ਹੁੰਦੇ ਸਨ। ਹੌਲੀ-ਹੌਲੀ ਉਸ ਦੇ ਸਿਰ ਦੁਆਲੇ ਬਰਕਤਾਂ ਪੂਰਨ ਇਕ ਰਹੱਸਮਈ ਚਕਰ ਬਣਨ ਲਗਾ' ਇਨ੍ਹਾਂ ਲੇਖਕਾਂ ਨੇ ਹੀ ਦੋ ਮੌਕਿਆਂ 'ਤੇ (1818 ਅਤੇ 1824 ਈਸਵੀ ਵਿਚ) ਇੰਡਸ ਦਰਿਆ ਦੇ ਖੌਲ੍ਹਦੇ ਪਾਣੀਆਂ ਦੇ ਸ਼ਾਂਤ ਹੋ ਜਾਣ ਦਾ ਵੇਰਵਾ ਦਿੱਤਾ ਹੈ



ਦਰਬਾਰ-ਏ-ਖਾਲਸਾ, ਲਾਹੌਰ

ਜਦੋਂ ਪੰਜਾਬ ਦਾ ਇਹ ਬੀਰ ਸਪੂਤ ਦੁਸ਼ਮਣ ਨਾਲ ਲੋਹਾ ਲੈਣ ਲਈ ਵਾਹੋਵਾਹੀ ਇੰਡਸ ਪਾਰ ਕਰਨ ਜਾ ਰਿਹਾ ਸੀ।

ਅਫ਼ਿਰਕੂ, ਧਰਮ ਨਿਰਪੇਖ, ਸਾਂਝੀਵਾਲਤਾ, ਬਰਾਬਰੀ, ਖਾਲਸਾਈ ਸ਼ਾਨ ਅਤੇ ਆਤਮ ਆਨੰਦ ਵਾਲੇ ਰਾਜ ਦਾ ਰਾਜਾ ਹੁੰਦਿਆਂ ਮਹਾਰਾਜਾ ਆਪਣੀ ਪਰਜਾ ਦਾ ਕਿੰਨਾ ਕੁ ਖ਼ੈਰ-ਖ਼ਵਾਹ ਸੀ, ਇਸ ਗਲ ਦਾ ਪ੍ਰਤਖ ਸਬੂਤ ਅੰਗਰੇਜ਼ ਲੇਖਕ ਮੈਲਕਾਲਸ (ਸ਼ਕਣਟਚਹੋ ਡ ਟਹਣ ਸ਼ਕਿਹਸ) ਦੇ ਇਨ੍ਹਾਂ ਸ਼ਬਦਾਂ ਤੋਂ ਅੰਕਿਆ ਜਾ ਸਕਦਾ ਹੈ :

'ਕਿਸੇ ਦੇਸ਼ ਵਿਚ ਪਰਜਾ ਐਨੇ ਆਤਮ ਆਨੰਦ ਵਿਚ ਨਹੀਂ ਸੀ ਰਹਿੰਦੀ ਜਿੰਨੀ ਮਹਾਰਾਜੇ ਦੇ ਰਾਜ ਵਿਚ ਸੀ।'

ਇਵੇਂ ਹੀ 1808 ਵਿਚ ਲਾਹੌਰ ਆਏ ਇਕ ਅੰਗਰੇਜ਼ੀ ਸੈਲਾਨੀ ਨੇ ਜੋ ਅੱਖੀ ਡਿੱਠੇ ਹਾਲ ਬਿਆਨ ਕੀਤੇ ਉਹ ਹੁਣ ਤਕ 'ਏਸ਼ਿਐਟਿਕ ਸਾਲਾਨਾ ਰਜਿਸਟਰ 1809' ਵਿਚ ਸਾਂਭੇ ਪਏ ਹਨ – ਜਿਨ੍ਹਾਂ ਨੂੰ ਇਦੂ ਭੂਸ਼ਨ ਬੈਨਰਜੀ ਨੇ ਇਵੇਂ ਕਲਮਬੰਦ ਕੀਤਾ ਹੈ :

"ਵਧੀਆ ਕਪੜੇ ਪਹਿਨੀ ਰਿਸ਼ਟ ਪੁਸ਼ਟ ਤੇ ਸੰਤੁਸ਼ਟ ਲੋਕ ਇਕ ਵਧੀਆ ਸਰਕਾਰ ਦੇ ਲੋਕਾਂ ਦੇ ਗਵਾਹ ਜਾਪਦੇ ਸਨ। ਮੇਰੀ ਸਾਰੀ ਠਹਿਰ ਦੌਰਾਨ ਕੋਈ ਵੀ ਰਾਜੇ ਦੀ ਸ਼ਿਕਾਇਤ ਕਰਦਾ ਬੰਦਾ ਨਹੀਂ ਦਿਸਿਆ। ਕਾਸ਼ਤਕਾਰ ਵਿਸ਼ੇਸ਼ ਕਰਕੇ ਅਤੇ ਆਮ ਲੋਕ ਸਾਰੇ ਹੀ ਬੜੇ ਰੱਜ ਕੇ ਖਾਂਦੇ ਹੁੰਦੇ ਸਨ। ਸਿੱਖ ਸਰਦਾਰਾਂ ਦਾ ਵਿਸ਼ੇਸ਼ ਕਾਰਜ ਗੁਰੂ ਦੇ ਲੰਗਰਾਂ ਦਾ ਨਿਰੰਤਰ ਚਲਦੇ ਰਹਿਣਾ ਸੀ ਜੋ ਸਰਬੱਤ ਦੇ ਭਲੇ ਦੇ ਸੂਚਕ ਸਨ।

ਹਉਮੈਂ ਦੀ ਬਦਬੂ ਮਾਰਦੇ ਰਾਜੇ-ਮਹਾਰਾਜੇ ਜਿੱਥੇ ਹੁਣ ਤਕ ਆਪਣੇ ਆਪ ਨੂੰ ਪ੍ਰਭੂ ਵਲੋਂ ਹਾਕਮ ਜਾਂ ਸ਼ਾਸਕ ਮੰਨਦਿਆਂ ਸ਼ਾਹੀ ਹੁਕਮ ਦਿੰਦੇ ਆ ਰਹੇ ਸਨ ਉੱਥੇ ਪੰਜਾਬ ਦੇ ਇਸ ਸ਼ਕਤੀਸ਼ਾਲੀ ਮਹਾਰਾਜੇ ਨੇ ਕਦੇ ਵੀ ਕੋਈ ਸ਼ਾਹੀ ਹੁਕਮ ਨਾ ਫੁਰਮਾਇਆ। ਇਸ ਦੀ ਬਜਾਇ ਸ਼ਾਇਦ ਸੰਸਾਰ ਉਹ ਇਕੋ ਇਕ ਬਾਦਸ਼ਾਹ ਹੋਵੇਗਾ ਜਿਸ ਨੇ ਆਪਣੇ ਮਾਤਹਿਤ ਅਫ਼ਸਰਾਂ ਜਾਂ ਮੁਕੱਦਮਾਂ ਨੂੰ ਇਹ ਸਦੀਵੀ ਹੁਕਮ ਦੇ ਰੱਖਿਆ ਸੀ ਕਿ ਖ਼ੁਦ ਮਹਾਰਾਜੇ ਵਲੋਂ ਜਾਰੀ ਕੀਤੇ ਗਏ ਫ਼ਰਮਾਨਾਂ ਨੂੰ ਰੋਕ ਲੈਣ ਦਾ ਉਨ੍ਹਾਂ ਨੂੰ ਹਰ ਅਧਿਕਾਰ ਹਾਸਿਲ ਹੈ ਤਾਂ ਜੋ ਭੋਲੀ ਭਾਲੀ ਪਰਜਾ ਨਾਲ ਅਣਜਾਣੇ ਵਿਚ ਹੀ ਕੋਈ ਵਧੀਕੀ ਜਾਂ ਜ਼ੁਲਮ ਨਾ ਹੋ ਜਾਵੇ। ਡਾ. ਗੰਡਾ ਸਿੰਘ ਜਿਹਾ ਕੌਮਾਂਤਰੀ ਪ੍ਰਸਿੱਧੀ ਵਾਲਾ ਵਿਦਵਾਨ ਇਤਿਹਾਸਕਾਰ ਇਸੇ ਲਈ ਲਿਖਦਾ ਹੈ ਕਿ ਦੁਨੀਆ ਦੇ ਸਮੁੱਚੇ ਇਤਿਹਾਸ ਵਿਚ ਇਹ ਇਕੋ ਫ਼ਰਮਾਨ ਹੈ ਜਿਸ ਵਿਚ ਆਪਣੀ ਹੀ ਰਿਆਸਤ ਦੇ ਅਫ਼ਸਰਾਂ ਨੂੰ ਆਪਣੇ ਬਾਦਸ਼ਾਹ ਦਾ ਹੁਕਮ ਰੋਕਣ ਦਾ ਹੱਕ ਦਿੱਤਾ ਗਿਆ ਹੋਵੇ। ਮਹਾਰਾਜੇ ਦਾ ਸਖਤ ਹੁਕਮ ਸੀ ਕਿ ਕੋਈ ਵੀ ਅਹਿਲਕਾਰ ਰਿਸ਼ਵਤ ਲੈ ਕੇ ਗ਼ਲਤ ਸੂਚਨਾਂ ਨਾ ਦੇਵੇ। ਕਹਿੰਦੇ ਨੇ ਕਿ ਇਕ ਵਾਰ ਕੋਈ ਬਰਾਤ ਕਿਸੇ ਫੌਜੀ ਕੈਂਪ ਕੋਲੋਂ ਲੰਘ ਗਈ ਜਿਸ ਕਾਰਨ ਇਕ ਬਰਾਤੀ ਮਾਰਿਆ ਗਿਆ। ਜਦੋਂ ਇਹ ਗਲ ਮਹਾਰਾਜੇ ਦੇ ਧਿਆਨ ਵਿਚ ਲਿਆਂਦੀ ਗਈ ਤਾਂ ਫੌਜੀ ਅਫ਼ਸਰ ਹੀ ਜਬਾਬਦੇਹ ਠਹਿਰਾਇਆ ਗਿਆ। ਖਾਲਸਾ ਰਾਜ ਵਿਚ ਇਕ ਵੀ ਬੰਦੇ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ ਗਈ। ਕੀ ਅਜਿਹੀ ਸਾਫ਼ਗੋਈ, ਸੁੱਚਮਤਾ ਅਤੇ ਨਿਰਪੱਖਤਾ ਕਿਸੇ ਵੀ ਕਾਲ ਦੇ ਹਾਕਮ ਤੋਂ ਚਿਤਵੀ ਜਾ ਸਕਦੀ ਹੈ?

ਉੱਨੀਵੀਂ ਸਦੀ ਦੇ ਪੰਜਾਬ ਦੇ ਚੜ੍ਹਦਾ ਸੂਰਜ, ਪੂਰਬੀ ਅਤੇ ਪੱਛਮੀ ਸੰਸਾਰ ਦਾ ਇਕ ਨਿਧੜਕ ਅਤੇ ਬੇਗਰਜ ਯੋਧਾ, 18ਵੀਂ ਸਦੀ ਦੇ ਪੰਜਾਬ ਦੀ ਰਾਜਨੀਤਕ ਕ੍ਰਾਂਤੀ ਦੀ ਸਭ ਤੋਂ ਆਹਲਾ ਪੈਦਾਵਾਰ ਅਤੇ 'ਖਾਲਸੇ ਦੀ ਸਿਰਜਣਾ ਤੋਂ ਪੂਰੀ ਇਕ ਸਦੀ ਬਾਅਦ ਲਾਹੌਰ ਦੇ ਕਿਲ੍ਹੇ 'ਤੇ ਜਿਤ ਦੇ ਡੰਕੇ ਗੁੰਜਾਉਣ ਵਾਲਾ ਰਣਜੀਤ ਸਿੰਘ ਇਕ ਅਜਿਹਾ ਦਲੇਰ ਜਰਨੈਲ ਸੀ ਜਿਸ ਦੀ ਵਧੇਰੇ ਉਮਰ ਘੋੜੇ ਦੀ ਕਾਠੀ 'ਤੇ ਸਵਾਰ ਹੁੰਦਿਆ ਹੀ ਬੀਤ ਗਈ। ਜੇ ਕਹਿ ਲਈਏ ਕਿ 19ਵੀਂ ਸਦੀ ਦੇ ਵਿਸ਼ਵ ਦੀ ਸਭ ਤੋਂ ਵਧੇਰੇ ਪ੍ਰਭਾਵਸ਼ਾਲੀ ਅਤੇ ਚਰਚਿਤ ਹਸਤੀ ਸੀ ਮਹਾਰਾਜਾ ਰਣਜੀਤ ਸਿੰਘ ਤਾਂ ਬਿਲਕੁਲ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ। ਜਿੰਨਾ ਵਿਦੇਸ਼ੀ ਇਤਿਹਾਸਕਾਰਾਂ, ਲੇਖਕਾਂ, ਸਮਕਾਲੀਆਂ ਅਤੇ ਦੂਤੀਆਂ ਨੂੰ ਇਸ ਸਮੇਂ ਨੇ ਟੁੰਬਿਆ ਹੈ ਉਤਨਾ ਸ਼ਾਇਦ ਇਤਿਹਾਸ ਦੇ ਕਿਸੇ ਖੰਡ ਨੇ ਕਦੇ ਵੀ ਨਹੀਂ ਪੋਹਿਆ। ਇਸੇ ਲਈ ਓਸਬੋਰਨ, ਮੈਗਰੇਗਰ, ਹੈਨਰੀ ਪ੍ਰਿੰਸ, ਸਟੇਨਬੈਂਚ, ਮਰਰੇ, ਸਮਿੱਥ, ਕਨਿੰਘਮ, ਥੌਰਨਟਨ, ਬੈਰਨ ਹੰਗਲ, ਲਾਰੈਂਸ ਅਤੇ ਚਾਰਲਸ ਮੈਸਨ ਜਿਹੇ ਬਾਹਰਲੇ ਲੇਖਕਾਂ ਨੇ ਬਹੁਤ ਹੀ ਵਿਸਤਾਰ ਨਾਲ ਸਿੱਖ ਰਾਜ ਦੀ ਚੜ੍ਹਦੀ ਕਲਾ, ਇਸ ਦੇ ਨਿਵੇਕਲੇਪਨ, ਇਸਦੀ ਅਫ਼ਿਰਕੂ ਨੀਤੀ ਅਤੇ ਸਰਬੱਤ ਦੇ ਭਲੇ ਵਾਲੇ ਮਿਸ਼ਨ ਬਾਰੇ ਬਹੁਤ ਲੰਮੇ ਚੌੜੇ ਵਿਸ਼ਲੇਸ਼ਣ ਕੀਤੇ ਹਨ। ਆਮ ਵਿਚਾਰਵਾਨ ਜਾਂ ਲੇਖਕ ਬੇਸ਼ਕ ਇਸ ਨੂੰ ਸਾਡੇ ਇਸ ਜ਼ਹੀਨ ਬੁੱਧ ਮਹਾਰਾਜੇ ਦੀ ਮਹਿਜ ਕੂਟਨੀਤੀ ਹੀ ਸਵੀਕਾਰਦੇ ਹਨ ਪਰੰਤੂ ਸਾਡੀ ਜਾਚੇ ਇਹ ਉਸ ਦੂਰਅੰਦੇਸ਼ ਸ਼ਖਸ ਦੇ 'ਖਾਲਸਾ ਆਦਰਸ਼ਾਂ ਦੀ ਪੂਰਤੀ ਦਾ ਸੰਕਲਪ ਸੀ ਜਿਸ ਤਹਿਤ ਹਿੰਦੂ, ਮੁਸਲਿਮ, ਸਿੱਖ, ਈਸਾਈ, ਯਹੂਦੀ ਅਤੇ ਹੋਰ ਅਕੀਦਿਆਂ ਵਾਲੇ ਲੋਕ ਇਕ ਹੀ ਦਰਬਾਰ ਦੀ ਸ਼ੋਭਾ ਬਣਾਏ ਗਏ ਤੇ ਇਕੋ ਪਲੇਟਫਾਰਮ 'ਤੇ ਖੜ੍ਹੇ ਕੀਤੇ ਗਏ। ਅੰਗਰੇਜ਼, ਫਰਾਂਸੀਸੀ, ਇਤਾਲਵੀ, ਜਰਮਨ, ਸਪੈਨਿਸ਼, ਰੂਸੀ, ਸਕਾਟਿਸ਼, ਅਮਰੀਕੀ ਅਤੇ ਐਂਗਲੋ ਭਾਰਤੀ, ਗੱਲ ਕੀ ਦੁਨੀਆ ਦੇ ਪ੍ਰਮੁੱਖ ਮੁਲਕਾਂ ਦੇ ਚੋਟੀ ਦੇ ਸਿਰਕੱਢ ਜਰਨੈਲ ਅਤੇ ਸਿਖਲਾਈਯਾਫ਼ਤਾ ਸਿਪਾਹੀਆਂ ਨੇ ਮਹਾਰਾਜੇ ਅਧੀਨ ਨੌਕਰੀ ਕਰਦਿਆਂ 'ਖਾਲਸਾ' ਸਰਕਾਰ ਦੇ ਉਸ ਪ੍ਰਤਿ ਪੂਰਨ ਵਫ਼ਾਦਾਰੀ ਦੇ, ਦਾੜ੍ਹੀ ਨਾ ਕੁਤਰਨ ਦੇ, ਗਊ ਮਾਸ ਅਤੇ ਤੰਬਾਕੂਨੋਸ਼ੀ ਤੋਂ ਪ੍ਰਹੇਜ਼ ਅਤੇ ਪੱਗ ਬੰਨਣ ਦੇ ਹੁਕਮਾਂ ਦੀ ਆਜੀਵਨ ਤਾਮੀਲ ਕੀਤੀ ਭਾਵੇਂ ਉਨ੍ਹਾਂ ਦਾ ਆਪਣਾ ਅਕੀਦਾ, ਧਰਮ ਜਾਂ ਰੰਗ ਕੋਈ ਵੀ ਕਿਉਂ ਨਾ ਹੋਵੇ। ਸਾਰੇ ਵਿਦੇਸ਼ੀ ਦਰਬਾਰੀਆਂ ਨੇ ਖ਼ੁਸ਼ੀ-ਖ਼ੁਸ਼ੀ ਆਪਣੇ ਹਰਦਿਲ ਅਜੀਜ਼ ਮਾਲਕ ਦੇ ਇਨ੍ਹਾਂ ਹੁਕਮਾਂ ਨੂੰ ਸਵੀਕਾਰਿਆ ਅਤੇ ਕਦੇ ਵੀ ਉਸ ਪ੍ਰਤਿ ਆਪਣੇ ਫ਼ਰਜ਼ਾਂ ਤੋਂ ਕੁਤਾਹੀ ਨਾ ਕੀਤੀ। ਮਹਾਰਾਜੇ ਨੇ ਵੀ ਦੇਸੀ ਅਮੀਰਾਂ ਵਜ਼ੀਰਾਂ ਦੇ ਮੁਕਾਬਲੇ ਬਾਹਰਲਿਆਂ ਨੂੰ ਕਿਤੇ ਜ਼ਿਆਦਾ ਸਹੂਲਤਾਂ, ਭੱਤੇ ਅਤੇ ਤਨਖ਼ਾਹਾਂ ਦਿੱਤੀਆਂ ਤਾਂ ਜੋ ਰਾਜ ਪ੍ਰਤਿ ਉਹ ਵਧੇਰੇ ਵਫ਼ਾਦਾਰੀ ਨਿਭਾ ਸਕਣ।

ਦਰਅਸਲ ਸਾਡੇ ਵਚਿੱਤਰ ਮਹਾਰਾਜੇ ਨੇ ਕਿਸ਼ੋਰ ਆਯੂ ਵਿਚ ਹੀ ਭਾਂਪ ਲਿਆ ਸੀ ਕਿ ਫਾੜੀ ਫਾੜੀ ਹੋ ਚੁੱਕੇ ਹਿੰਦ ਵਿਚ ਅਤੀਤ ਦੀ ਅਰਾਜਕਤਾ ਮੁਕਾਏ ਬਿਨਾਂ ਕੋਈ ਵਿਸ਼ਾਲ ਅਤੇ ਮਜ਼ਬੂਤ ਰਾਜ ਸਥਾਪਿਤ ਕਰ ਸਕਣਾ ਸਰਲ ਨਹੀਂ। ਇਸ ਲਈ ਛੋਟੇ-ਮੋਟੇ ਰਾਜਿਆਂ, ਨਵਾਬਾਂ ਅਤੇ ਰਿਆਸਤਾਂ ਪ੍ਰਤਿ ਮਿੱਤਰਤਾਪੂਰਨ ਹੱਥ ਵਧਾਏ ਬਗ਼ੈਰ, ਜ਼ੋਰ-ਜ਼ਬਤ ਦਾ ਲੜ ਫੜੇ ਬਿਨਾਂ, ਕੂਟਨੀਤੀ ਵਰਤੇ ਬਿਨਾਂ ਤੇ ਸਮੂਹ ਸ਼ਹਿਰੀਆਂ ਨੂੰ ਸਹਿਧਰਮੀ ਅਤੇ ਕੁਲੀਨ ਵਰਗੀਆਂ ਜਿਹਾ ਮਾਣ-ਅਦਬ ਦਿਤੇ ਬਿਨਾਂ ਕਿਸੇ ਅਫ਼ਿਰਕੂ ਰਾਜ ਦੀ ਕਾਇਮੀ ਸੰਭਵ ਹੀ ਨਹੀਂ ਸੀ। ਮਹਾਰਾਜੇ ਨੇ ਹੱਥਾਂ ਤੇ ਸਰੋਂ ਜਮਾਂ ਕੇ ਜ਼ਮਾਨੇ ਨੂੰ ਵਿਖਾ ਦਿੱਤਾ ਕਿ 'ਸਭੈ ਸਾਂਝੀਵਾਲ ਸਦਾਇਨ ਕੋਇ ਨਾ ਦਿਸੇ ਬਾਹਰਾ ਜੀਓ॥' ਦਾ ਗੁਰਵਾਕ ਉਸ ਦੀ ਪਰਜਾ 'ਤੇ ਪੂਰਾ ਢੁੱਕਦਾ ਸੀ। ਕਨਿੰਘਮ ਸਹੀ ਨਿਚੋੜ ਕੱਢਦਿਆਂ ਲਿਖਦੈ "ਵੱਧ ਜਾਂ ਘੱਟ ਸਿਆਸੀ ਤਰਤੀਬ ਅਨੁਸਾਰ ਰਣਜੀਤ ਸਿੰਘ ਨੇ ਵੱਖ-ਵੱਖ ਪ੍ਰਮਾਣੂਆਂ ਅਤੇ ਖਿੰਡੇ ਪੁੰਡੇ ਤੱਤਾਂ ਨੂੰ ਇਕੱਠਿਆਂ ਕਰਕੇ ਵਧ ਰਹੀ ਸਿੱਖ ਕੌਮ ਨੂੰ ਸੋਹਣੇ ਢੰਗ ਨਾਲ ਸਾਂਝੀ ਸਟੇਟ ਜਾਂ ਕਾਮਨਵੈਲਥ ਵਿਚ ਢਾਲਣ ਦਾ ਯਤਨ ਕੀਤਾ ਜਿਵੇਂ ਗੁਰੂ ਗੋਬਿੰਦ ਸਿੰਘ ਨੇ ਇਕ ਫਿਰਕੇ ਨੂੰ ਇਕ ਕੌਮ ਦਾ ਰੂਪ ਦੇ ਕੇ ਕੀਤਾ ਸੀ।" ਮੁਸਲਮਾਨ, ਹਿੰਦੂ, ਡੋਗਰੇ, ਈਸਾਈ ਤੇ ਯਹੂਦੀ ਸਾਰੇ ਹੀ ਸਿੱਖਾਂ ਵਾਂਗ ਉਸ ਦੇ ਵਿਸ਼ਵਾਸਪਾਤਰ ਸਨ ਸਗੋਂ ਸਿੱਖਾਂ ਦੇ ਮੁਕਾਬਲੇ ਬੁਲੰਦ ਅਹੁਦਿਆਂ 'ਤੇ ਦੂਜੇ ਲੋਕ ਹੀ ਸਨ।

ਆਲੀਸ਼ਾਨ ਤੋਪਾਂ ਤੇ ਘੋੜਿਆਂ ਦਾ ਸ਼ੌਕੀਨ, ਆਪ ਅਨਪੜ੍ਹ ਹੋਣ ਦੇ ਬਾਵਜੂਦ ਪੜ੍ਹਿਆਂ ਲਿਖਿਆਂ ਦਾ ਮਹਾਂ ਕਦਰਦਾਨ, ਹਰਿਮੰਦਰ ਨੂੰ ਗੋਲਡਨ ਟੈਂਪਲ ਵਜੋਂ ਪ੍ਰਸਿੱਧ ਕਰਵਾਉਣ ਵਾਲਾ, ਕੋਮਲ ਕਲਾਵਾਂ ਦਾ ਉਪਾਸਕ, ਔਰਤ ਦੀ ਅਸੀਸ ਦਾ ਸਤਿਕਾਰ ਕਰਨ ਵਾਲਾ, ਸਿੱਖ ਰਹਿਤ, ਮਰਿਯਾਦਾ ਨਿਭਾਉਣ ਵਾਲਾ ਮਹਾਂਬਲੀ ਰਣਜੀਤ ਸਿੰਘ ਜਿਹਾ ਬੇਖ਼ੌਫ਼ ਰਾਜਾ, ਵੱਡੇ ਭਾਗਾਂ ਨਾਲ ਹੀ ਪਰਜਾਪਤੀ ਬਣ ਸਕਦਾ ਹੈ ਜਿਹਦੇ ਬਾਰੇ ਸਮਕਾਲੀ ਕਵੀ ਸ਼ਾਹ ਮੁਹੰਮਦ ਬਹੁਤ ਖ਼ੂਬ ਲਿਖਦਾ ਹੈ। ਡਾ. ਇਕਬਾਲ ਅਨੁਸਾਰ 'ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ। ਸਦੀਯੋਂ ਰਹਾ ਹੈ ਦੁਸ਼ਮਣ ਦੌਰੇ ਜਮਾਂ ਹਮਾਰਾ।' ਸਾਡੇ ਮਹਾਰਾਜੇ ਦੀ ਖ਼ਾਸ ਹੀ ਬਾਤ ਸੀ। ਅਜਿਹੇ ਬੱਬਰ ਸ਼ੇਰ ਰੋਜ਼ ਰੋਜ਼ ਨਹੀਂ ਪੈਦਾ ਹੁੰਦੇ।

-0-

# ਧਰਮ ਦਰਸ਼ਨ ਦਾ ਸਿਖਰ- ਗੁਰਮਤਿ

| ਇੰਜੀ: ਜੋਗਿੰਦਰ ਸਿੰਘ |

'ਗੁਰਮਤਿ' ਸ਼ਬਦ ਦਾ ਅਰਥ ਹੈ ਗੁਰੂ ਵੱਲੋਂ ਬਖਸ਼ੀ ਗਈ ਮੱਤ, ਰਾਇ, ਨਸੀਹਤ ਜਾਂ ਗੁਰੂ ਸਹਿਬਾਨ ਦੁਆਰਾ ਸਥਾਪਿਤ ਕੀਤੇ ਗਏ ਸਿਧਾਂਤ। ਇਨ੍ਹਾਂ ਸਿਧਾਂਤਾਂ ਦੇ ਅਨੁਸਰਣ ਵਿਚ ਚੱਲਣ ਵਾਲੇ ਧਰਮ ਨੂੰ ਵੀ 'ਗੁਰਮਤਿ' ਆਖਿਆ ਜਾਂਦੈ, ਜਿਸ ਦਾ ਵਿਸਥਾਰ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਇਉਂ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਦੇ ਸਿਧਾਂਤ ਸਿੱਖਿਆਵਾਂ-ਪ੍ਰੇਰਨਾਵਾਂ ਤੇ ਉਪਦੇਸ਼ ਸਮੁੱਚੇ ਰੂਪ ਵਿਚ 'ਗੁਰਮਤਿ' ਧਰਮ ਹੈ ਜਿਸ ਅਨੁਸਾਰ ਗੁਰਸਿੱਖਾਂ ਨੇ ਆਪਣੀ ਜੀਵਨ-ਜਾਚ ਦੀ ਘਾੜਤ ਘੜਨੀ ਹੈ।

ਮਨੁੱਖੀ ਸੱਭਿਅਤਾ ਦੇ ਆਰੰਭ ਦੇ ਨਾਲ ਹੀ 'ਧਰਮ' ਸ਼ਬਦ ਦੀ ਸ਼ੁਰੂਆਤ ਮੰਨੀ ਜਾਂਦੀ ਹੈ। ਦੁਨੀਆਂ ਦੇ ਵੱਖ-ਵੱਖ ਭੂ-ਖੰਡਾਂ ਵਿਚ 'ਧਰਮ' ਦੇ ਵਿਭਿੰਨ ਰੂਪ ਹੋਂਦ ਵਿਚ ਆਏ ਹੋਣਗੇ ਜੋ ਸਮਾਂ ਗੁਜ਼ਰਨ ਦੇ ਨਾਲ-ਨਾਲ ਆਪਣੇ ਸਿਧਾਂਤ ਤੇ ਸਰੂਪ ਵਿਚ ਵਿਸਤਾਰ ਕਰਦੇ ਗਏ। ਅਨੇਕਾਂ ਧਰਮ-ਪੁਸਤਕਾਂ ਦੀਆਂ ਲਿਖਤਾਂ ਵਿਚ ਵਕਤ ਦੇ ਸੁਘੜ-ਸੁਜਾਣ ਪੁਰਖਿਆਂ ਨੇ ਆਪੋ-ਆਪਣੇ ਅਨੁਭਵਾਂ ਦੇ ਅਧਾਰ 'ਪਰ 'ਧਰਮ' ਦੇ ਅੱਡੋ-ਅੱਡਰੇ ਦ੍ਰਿਸ਼ਟੀਕੋਣਾਂ ਤੋਂ ਲੋਕਾਈ ਨੂੰ ਸੁਖੀ ਜੀਵਨ ਜਿਊਣ ਦੇ ਤਰੀਕੇ ਦੱਸਦਿਆਂ ਧਰਮ ਅਤੇ ਅਧਰਮ ਦੇ ਮਤਲਬ, ਲੱਛਣ ਅਤੇ ਲਾਭ-ਹਾਨੀਆਂ ਬਾਰੇ ਸਮਝਾਇਆ। ਐਸੀਆਂ ਸਿੱਖਿਆਂਵਾਂ ਜਾਂ ਮੱਤ-ਮਤਾਂਤਰਾਂ ਨੇ ਮਨੁੱਖਾ ਜੀਵਨ ਨੂੰ ਹਰ ਪੱਖੋਂ ਪ੍ਰਭਾਵਿਤ ਕੀਤਾ। ਸਮਝਿਆ ਜਾ ਸਕਦੈ ਕਿ ਇਨ੍ਹਾਂ ਮੱਤ-ਮਤਾਂਤਰਾਂ ਜਾਂ ਧਰਮਾਂ ਨੇ ਹੀ ਮਨੁੱਖੀ ਸੱਭਿਅਤਾਵਾਂ ਦੇ ਵਿਕਾਸ ਨੂੰ ਅੱਗੇ ਤੋਂ ਅਗਾਂਹਾਂ ਚੱਲਦਾ ਰੱਖਿਆ ਹੈ। ਕਿਸੇ ਵੀ ਮੱਤ, ਮਜ਼੍ਹਬ ਜਾਂ ਧਰਮ ਦਾ ਕਾਰਜ ਖੇਤਰ ਮਨੁੱਖ ਦੀ ਪੂਰੀ ਜ਼ਿੰਦਗੀ ਭਾਵ ਜਨਮ ਤੋਂ ਮਰਣ ਤੱਕ ਪਸਰਿਆ ਹੋਇਐ। ਪਰਤੱਖ ਜਾਂ ਪਰੋਖ ਰੂਪ ਵਿਚ 'ਮੱਤਾਂ' ਦੇ ਨਿਸ਼ਚਿਤ ਨੇਮ-ਨਿਯਮ ਤੇ ਨਿਸ਼ੇਧ ਹੀ ਉਸ ਦੇ ਅਨੁਯਾਈਆਂ ਦੇ ਜੀਵਨ-ਵਿਵਹਾਰ ਦਾ ਸੰਚਾਲਨ ਕਰਦੇ ਵਿਖਾਈ ਦਿੰਦੇ ਹਨ।

ਇੰਵ ਸੰਸਾਰ ਵਿਚ ਵੱਖ-ਵੱਖ ਸੱਭਿਅਤਾਵਾਂ ਤੇ ਸੱਭਿਆਚਾਰ ਵਧੇ-ਫੁੱਲੇ ਪਰ ਲੱਗਭੱਗ ਸਾਰਿਆਂ ਨੇ ਕਿਸੇ ਅਲੌਕਿਕ-ਅਦ੍ਰਿਸ਼ਟ ਕਰਾਮਾਤੀ ਸ਼ਕਤੀ ਦੀ ਰਹੱਸਮਈ ਹੋਂਦ ਨੂੰ ਸਵੀਕਾਰਿਆ ਹੈ। ਇਸ ਅਲੌਕਿਕ ਹਸਤੀ ਦੀ ਢੂੰਢ, ਉਸ ਨੂੰ ਜਾਨਣ-ਪਹਿਚਾਨਣ ਦੀ ਉਤਸੁਕਤਾ ਜਾਂ ਉਸ ਦੇ ਕ੍ਰਿਸ਼ਮਈ-ਸੰਚਾਲਨ ਸਬੰਧੀ ਨਵੀਆਂ ਖੋਜ-ਜੁਗਤਾਂ ਪ੍ਰਤੀ ਮਨੁੱਖ ਦੀ ਦਿਲਚਸਪੀ ਤੇ ਜਾਗਰੂਕਤਾ ਵਿੱਚ ਹਮੇਸ਼ਾਂ ਵਾਧਾ ਹੁੰਦਾ ਰਿਹੈ। ਮਨੌਤਾਂ, ਵਿਸ਼ਵਾਸ਼ਾਂ, ਅਕੀਦਿਆਂ ਤੇ ਮੱਤਾਂ ਵਿਚ ਅਨਿਕ-ਪ੍ਰਕਾਰੀ ਭਿੰਨ-ਭੇਦ ਮੌਜੂਦ ਹਨ, ਫਿਰ ਵੀ ਥੋੜੇ ਗੰਭੀਰ ਅਧਿਐਨ-ਚਿੰਤਨ ਦੁਆਰਾ ਓਸ ਆਦਿ-ਜੁਗਾਦਿ ਅਲੌਕਿਕ-ਅਦ੍ਰਿਸ਼ਟ ਸਰਬਕਾਲੀ-ਸਰਬਦੇਸੀ ਸੰਚਾਲਕ, ਪ੍ਰਿਤਪਾਲਕ ਤੇ ਸੰਘਾਰਕ ਹਸਤੀ, ਸ਼ਕਤੀ ਜਾਂ ਊਰਜਾ-ਸਰੋਤ ਦੀ ਵਾਸਤਵਿਕਤਾ ਦਾ ਅਨੁਭਵ ਸੰਭਵ ਹੈ, ਭਾਂਵੇ ਇਸ ਅਨੁਭਵ-ਪ੍ਰਕਾਸ਼ ਦੀਆਂ ਸੰਭਾਵਨਾਵਾਂ ਅਸੀਮ ਤੇ ਅਨੰਤ ਹਨ।

ਜਦੋਂ-ਜਦੋਂ ਵੀ ਸਮਾਜ ਵਿੱਚ ਪਹਿਲੋਂ ਦੇ ਸਥਾਪਿਤ-ਮੱਤ ਵਿਚਲੀਆਂ ਮੂਲਕ-ਵਡਿਆਈਆਂ ਨੂੰ ਖੋਰਾ ਲੱਗਿਆ ਤਾਂ ਸਿਧਾਂਤਾਂ ਦੀ ਮੂਲਕ-ਭਾਵਨਾ ਵਿੱਚ ਨਿਘਾਰ ਆਉਣ ਕਰਕੇ ਮਨੁੱਖੀ ਆਚਾਰ-ਵਿਹਾਰ, ਅਧੋਗਤੀ ਵੱਲ ਡਿਗਣਾ-ਢਹਿਣਾ ਸ਼ੁਰੂ ਹੋਇਆ। ਮੱਤ ਦੇ ਮਹੰਤਾਂ ਨੇ ਜਦੋਂ ਵਿਅਕਤੀਗਤ ਆਚਰਣ, ਨੈਤਿਕਤਾ ਅਤੇ ਲੋਕ-ਹਿਤਾਂ ਨੂੰ ਤਿਲਾਂਜਲੀ ਦੇ ਦਿੱਤੀ ਤਾਂ ਉਨ੍ਹਾਂ ਲਈ ਆਪਣੀ ਏਕਾਧਿਕਾਰੀ ਪ੍ਰਭੂਸੱਤਾ ਦੀ ਕਾਇਮੀ ਜਾਂ ਨਿੱਜਪ੍ਰਸਤੀ ਨਾਲ ਜੁੜੀਆਂ ਐਸ਼ੋ-ਇਸ਼ਰਤਾਂ ਬਣਾਈ ਰੱਖਣ ਲਈ ਵਿਖਾਵੇ ਦਾ ਭੇਖ ਤੇ ਕਰਮਕਾਂਡੀ ਪਾਖੰਡ ਦੀ ਕਾਰਜ ਕੁਸ਼ਲਤਾ ਹੀ ਇਕੋ-ਇਕ ਰਾਹ ਬਚਦਾ ਸੀ। ਇਉਂ ਮਨੁੱਖੀ ਸਮਾਜ ਦੇ ਇਤਿਹਾਸ ਨੇ ਮਨੁੱਖ ਦੇ ਸਵੱਛ ਅਨੁਭਵ ਨੂੰ ਧੁੰਧਲਾ ਕਰ ਦਿੱਤੈ, ਜਨ-ਸਾਧਾਰਣ ਲੋਕ ਭੋਲੀਆਂ-ਭੇਡਾਂ ਦੇ ਵੱਗ ਵਾਂਗ, ਧਰਮੀ ਲਿਬਾਸ ਦਾ ਮਖੌਟਾ ਪਾਈ ਚਤੁਰ ਸਾਂਮਤਵਾਦ ਵੱਲੋਂ, ਸਦੀਆਂ (Centuries) ਤੱਕ ਸ਼ੋਸ਼ਣ ਦਾ ਸ਼ਿਕਾਰ ਬਣੀ ਤੁਰੇ ਜਾਂਦੇ ਹਨ।

ਜਦੋਂ ਪੁਰਾਤਨ ਮਾਨਤਾਵਾਂ, ਮਾਪਦੰਡ ਤੇ ਮਰਯਾਦਾਵਾਂ ਸਮੇਂ ਦੇ ਹਾਣ ਦੀਆਂ ਨਹੀਂ ਰਹਿੰਦੀਆਂ, ਸਮਾਜਿਕ ਆਸਾਂ-ਉਮੀਦਾਂ, ਲੋੜਾਂ-ਥੋੜਾਂ, ਮੁਢਲੇ ਮਨੁੱਖੀ ਉਦੇਸ਼ਾਂ-ਅਦਰਸ਼ਾਂ ਨੂੰ ਪੂਰਿਆਂ ਕਰਨ ਵਿਚ ਨਾ-ਕਾਮਯਾਬ ਰਹਿੰਦੀਆਂ ਹਨ, ਤਾਂ ਨਵੀਆਂ ਸੋਚਾਂ, ਸਿਧਾਂਤਾਂ, ਜੁਗਤਾਂ ਤੇ ਵੀਚਾਰਧਾਰਾਵਾਂ ਦਾ ਉਗਵਣਾ, ਸਹਜ-ਸਫੁਟਿਤ ਤੇ ਪ੍ਰਵਾਹਿਤ ਹੋਣਾ ਸੁਭਾਵਿਕ ਹੀ ਬਣ ਜਾਂਦੈ। ਸ਼ਾਇਦ ਇਹ ਵੀ ਓਸ ਅਲੌਕਿਕ ਤੇ ਅਦ੍ਰਿਸ਼ਟ ਵਾਹਿਗੁਰੂ ਦੀ ਕਰਤਾਰੀ-ਕੁਦਰਤ ਦਾ ਇਕ ਨਿਯਮ ਹੋਵੇ ਕਿ ਇਜੇਹੀ ਅਵਸਥਾ ਵਾਪਰਨ ਵੇਲੇ ਮਨੁੱਖੀ ਸਮਾਜ ਵਿਚੋਂ ਹੀ ਕੋਈ ਪਰਬੁੱਧ, ਗਿਆਨ-ਉੱਦੀਪਤ ਪਰਮ-ਪੁਰਖ, ਮੂਲਕ ਮਨੁੱਖੀ ਕਦਰਾਂ-ਕੀਮਤਾਂ ਤੇ ਵਡਿਆਈਆਂ ਨੂੰ ਨਵਿਆਉਣ ਦੀ ਦਿਸ਼ਾ ਵੱਲ ਸੁਕ੍ਰਾਂਤੀ ਤੇ ਸਥਾਪਤੀ ਵਾਸਤੇ ਸਿੰਘ-ਨਾਦ ਕਰਦਿਆਂ ਉੱਠ ਖਲੋਂਦਾ ਹੈ। ਇੰਝ ਇਕ ਨਵੇਂ ਨਿਰਾਲੇ ਨਿਰਮਲ-ਮੱਤ, ਪੰਥ ਜਾਂ ਧਰਮ ਦਾ ਸ਼ੁੱਭਾਰੰਭ ਘਟਿਤ ਹੁੰਦੈ!

ਨਵੀਂ ਵੀਚਾਰਧਾਰਾ ਨੂੰ ਲੋਕ-ਸਵੀਕ੍ਰਿਤੀ ਵਾਸਤੇ, ਆਪਣੀ ਉੱਤਮਤਾ ਪ੍ਰਦਰਸ਼ਿਤ ਕਰਨੀ ਪੈਂਦੀ ਹੈ। ਇਸ ਲਈ ਪਿਛਲੀਆਂ ਮਨੌਤਾਂ ਨਾਲ ਤੁਲਨਾਤਮਿਕ ਸੰਵਾਦ ਰਚਾਉਂਦਿਆਂ ਉਨ੍ਹਾਂ ਨੂੰ, 'ਵੇਲਾ ਵਿਹਾ ਚੁੱਕੀਆਂ' ਤੇ ਸੁਤੰਤਰ ਮਨੁੱਖੀ ਹੋਣੀ ਦੀਆਂ ਸ੍ਰੇਸ਼ਟਤਮ ਸੰਭਾਵਨਾਵਾਂ ਤੱਕ ਅੱਪੜਨ ਦੇ ਰਾਹ ਵਿਚ ਆਉਂਦਾ, ਨਿਰਰਥੱਕ ਬੋਝਾ ਜਾਣ ਕੇ ਪਰ੍ਹਾਂ ਵਗਾਹ ਸੁੱਟਣਾ ਲਾਜ਼ਮੀ ਹੋ ਜਾਂਦੈ।

ਗੁਰਮਤਿ ਵੀਚਾਰਧਾਰਾ ਨੇ ਇਹ ਕੰਮ ਸਫ਼ਲਤਾ ਪੂਰਵਕ ਸੰਪੂਰਨ ਕੀਤਾ ਹੈ। ਗੁਰਬਾਣੀ ਵਿਚ ਯੋਗਮਤ ਦੀ ਸ਼ਬਦਾਵਲੀ ਵਰਤੀ ਜਾਣੀ ਉਹਨਾਂ ਸ਼ਬਦਾਂ ਦੇ ਮੂਲ ਸੰਕਲਪਾਂ ਦੀ ਅਸਲੀਅਤ ਨੂੰ ਸਮਝਾਉਂਣ ਲਈ ਲੋੜੀਂਦੀ ਸੀ। ਗੁਰਬਾਣੀ ਪਾਠਕਾਂ ਲਈ ਭਾਸ਼ਾ ਦੇ ਅੱਖਰਾਂ ਨੂੰ ਪੜ੍ਹਦਿਆਂ ਉਹਨਾਂ ਦੀ ਅਰਥਾਵਲੀ, ਭਾਵਾਤਮਿਕ ਪਹੁੰਚ ਜਾਂ ਸ਼ਬਦਾਂ ਦੀ ਆਤਮਾ ਤੱਕ ਅਪੜਨਾ ਅਤੀ-ਅਵੱਸ਼ਕ ਹੈ।

ਗੁਰੂ ਨਾਨਕ ਸਾਹਿਬ ਦੀ ਅਧਿਆਤਮਿਕ-ਚੇਤਨਾ ਨੇ ਤੱਤਕਾਲੀਨਕ ਮਾਨਵੀ-ਸਮਾਜ ਦੇ ਸੱਭਿਆਚਾਰਕ, ਰਾਜਨੀਤਿਕ ਤੇ ਧਾਰਮਿਕ ਪ੍ਰਸਥਿਤੀਆਂ ਨੂੰ ਪ੍ਰਭਾਵਿਤ ਕਰਦੀਆਂ ਪ੍ਰਵਿਰਤੀਆਂ ਨੂੰ ਬਾ-ਖੂਬੀ ਪਛਾਣ ਲਿਆ ਸੀ। ਹਿੰਦੂ ਧਰਮ ਵਿਚ ਬਹੁ-ਦੇਵਵਾਦ ਅਵਤਾਰਵਾਦ, ਮੂਰਤੀਪੂਜਾ ਤੇ ਯੋਗ-ਸਾਧਨਾ ਦੀ ਪ੍ਰਧਾਨਤਾ ਸੀ। ਪੂਜਾਰੀ ਵਰਗ ਪੌਰਾਣਿਕ ਕਰਮ-ਕਾਂਡਾਂ ਤੇ ਅਨੁਸ਼ਠਾਨਾਂ ਰਾਹੀਂ ਅਤੇ ਯੋਗੀ-ਵਰਗ ਅ-ਸਾਧਾਰਣ ਰਿੱਧੀਆਂ-ਸਿੱਧੀਆਂ ਦੇ ਛਲਾਵਿਆਂ ਦੁਆਰਾ ਆਮ-ਲੋਕਾਈ ਨੂੰ ਭੰਭਲ-ਭੂਸਿਆਂ ਵਿਚ ਉਲਝਾਈ ਰੱਖਦੇ ਸਨ। ਪੁਰੋਹਿਤ ਵਰਗ ਤੇ ਪਾਂਡਿਆਂ ਵੱਲੋਂ ਤੀਰਥ ਇਸ਼ਨਾਨਾਂ ਉਪਰੰਤ ਪੁੰਨ-ਦਾਨ ਰਾਹੀਂ ਸਵਰਗਾਂ ਦੇ ਲਾਰਿਆਂ ਅਤੇ ਉਹਨਾਂ ਦੀ ਅਵੱਗਿਆ ਕਰਨ ਦੇ ਫ਼ਲ ਵਜੋਂ ਨਰਕਾਂ ਦੇ ਘੋਰ-ਦੁੱਖਾਂ ਦੇ ਡਰਾਵਿਆਂ ਨੇ ਧਰਮ ਦੀ ਮੂਲਕ-ਸ਼ੁੱਧਤਾ, ਸਚਿਆਰਤਾ, ਸੁੰਦਰਤਾ ਤੇ ਮਾਨਵ-ਕਲਿਆਣਕਾਰੀ ਮੰਤਵਾਂ ਨੂੰ ਪੂਰੀ ਤਰ੍ਹਾਂ ਅਲੋਪ ਕਰ ਦਿੱਤਾ ਸੀ:

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥** (145) ਅਤੇ

**ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥ ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ ॥** (662)

ਪਰ ਗੁਰੂ ਪਾਤਿਸ਼ਾਹ, ਜਿਵੇਂ ਅਗਲੀਆਂ ਤੁਕਾਂ ਵਿਚ ਸਪਸ਼ਟ ਹੈ, ਦੂਸਰੇ ਮੱਤਾਂ ਦਾ ਸਿੱਧੇ ਰੂਪ ਵਿਚ ਖੰਡਨ ਨਹੀਂ ਕਰ ਰਹੇ, ਬਲਕਿ ਵੱਖੋ-ਵੱਖਰੇ ਮੱਤਾਂ ਵਾਲਿਆਂ ਨੂੰ ਧਰਮ ਦੇ ਮੂਲਕ-ਕਰਤੱਵਾਂ, ਉਦੇਸ਼ਾਂ ਤੇ ਆਦਰਸ਼ਾਂ ਦੀ ਸੋਝੀ ਕਰਾਉਂਦਿਆਂ ਅਧਿਆਤਮਿਕ ਜੀਵਨ ਦਾ ਮਾਰਗ ਦਰਸ਼ਨ ਕਰਦੇ ਹਨ :

**ਸੋ ਜੋਗੀ ਜੋ ਜੁਗਤਿ ਪਛਾਣੈ॥ ਗੁਰ**

**ਪਰਸਾਦੀ ਏਕੋ ਜਾਣੈ ॥ ਕਾਜੀ ਸੋ ਜੋ ਉਲਟੀ ਕਰੈ॥ ਗੁਰ ਪਰਸਾਦੀ ਜੀਵਤੁ ਮਰੈ॥ ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥ ਆਪਿ ਤਰੈ ਸਗਲੇ ਕੁਲ ਤਾਰੈ ॥(662)**

ਯੋਗ ਦਰਸ਼ਨ ਜਾਂ ਯੋਗ-ਮੱਤ ਪ੍ਰਮਾਤਮਾ ਵਿਚ ਆਸਥਾ ਰੱਖਣ ਵਾਲਾ ਮੱਤ ਹੈ। ਯੋਗ ਦਾ ਸ਼ਾਬਦਿਕ ਅਰਥ ਹੀ ਜੋੜਨਾ ਜਾਂ ਸਬੰਧ ਬਨਾਉਂਣਾ ਹੈ, ਭਾਵ ਜੀਵ-ਆਤਮਾ ਦਾ ਪਰਮਾਤਮਾ ਨਾਲ ਮਿਲਾਪ ਕਰਾਉਂਣ ਦੀ ਵਿਧੀ, ਯਤਨ, ਸਾਧਨਾ ਜਾਂ ਜੁਗਤੀ ਨੂੰ 'ਯੋਗ' ਆਖਿਆ ਗਿਆ ਹੈ। ਪੂਰਵ-ਵਰਤੀ ਰਿਸ਼ੀਆਂ-ਮੁਨੀਆਂ ਦੀਆਂ ਸਾਧਨਾਵਾਂ, ਤਜ਼ਰਬਿਆਂ ਤੇ ਅਨੁਭਵਾਂ ਉਪਰ ਅਧਾਰਿਤ ਮਾਨਤਾਵਾਂ ਦੇ ਸੂਖਮ ਅਧਿਐਨ ਨੂੰ ਰਿਸ਼ੀ ਪਾਤੰਜਲੀ ਨੇ 'ਯੋਗ-ਸੂਤ੍ਰ' ਦੇ ਰੂਪ ਵਿਚ ਪਰਚਾਰਿਆ। ਤੰਤ੍ਰ ਗੰਥਾਂ ਵਿਚ ਨਿਸ਼ਚਿਤ ਕੀਤੀਆਂ ਗਈਆਂ ਜਪ-ਤਪ-ਹਠ ਅਤੇ ਗਿਣਤੀਆਂ-ਮਿਣਤੀਆਂ ਵਾਲੀਆਂ ਕਿਰਿਆਵਾਂ ਦਾ ਗੋਰਖ ਨਾਥ ਨੇ ਪਾਸਾਰ ਕੀਤਾ ਜਿਨ੍ਹਾਂ ਦੁਆਰਾ ਕੁਝ ਵਿਸ਼ੇਸ਼ ਰਿੱਧੀਆਂ-ਸਿੱਧੀਆਂ ਦੀ ਪ੍ਰਾਪਤੀ ਮੰਨੀ ਗਈ ਹੈ। ਯੋਗਿਕ ਆਸਨਾਂ ਜਾਂ ਸਾਧਨਾਂ ਰਾਹੀਂ ਸਰੀਰਕ-ਅਰੋਗਤਾ ਅਤੇ ਮਾਨਸਿਕ ਨਿਸ਼ਕ੍ਰਿਅਤਾ ਦੀਆਂ ਸੰਭਾਵਨਾਵਾਂ ਤਾਂ ਸਵੀਕਾਰੀਆਂ ਜਾ ਸਕਦੀਆਂ ਹਨ। ਪਰ ਜੀਵਾਤਮਾ ਦਾ ਉੱਥਾਨ, ਜੀਵਨ-ਮੁਕਤੀ, ਪ੍ਰਮਾਤਮਾ ਨਾਲ ਇਕਮਿੱਕਤਾ ਜਾਂ, 'ਗੁਣ ਕਹਿ ਗੁਣੀ ਸਮਾਵਣਿਆ' ਦੀ ਲਕਸ਼-ਪ੍ਰਾਪਤੀ ਨੂੰ ਤਾਂ ਉਨ੍ਹਾਂ ਮੱਤਾਂ ਨੇ ਆਪਣਾ ਆਦਰਸ਼ ਹੀ ਨਹੀਂ ਮਿੱਥਿਆ। ਯੌਗਿਕ-ਕਿਰਿਆਵਾਂ ਦੁਆਰਾ ਉਹ ਆਪਣੇ 'ਆਪੇ' ਨੂੰ ਪ੍ਰਕਿਰਤੀ ਤੋਂ ਵੱਖਰਾ ਕਰਨ ਜਾਂ ਕੁਦਰਤੀ-ਭੌਤਿਕ ਪ੍ਰਭਾਵਾਂ ਤੋਂ ਨਿਰਲੇਪ ਹੋਣ ਦਾ ਯਤਨ ਕਰਦੇ ਹਨ, ਜਿਸ ਰਾਹੀਂ ਕੁਝ ਸਮੇਂ ਲਈ ਉਹਨਾਂ ਨੂੰ ਦੁਨਿਆਵੀ ਕਲਹ-ਕਲੇਸ਼ ਜਾਂ ਕਸ਼ਟ ਨਹੀਂ ਪੁਹੰਦੇ। ਇਸ ਅਵਸਥਾ ਨੂੰ ਯੋਗ-ਦਰਸ਼ਨ ਨੇ 'ਕੈਵਲਯ' ਆਖਿਆ ਹੈ।

ਕਿਸੇ ਵੀ ਨਵੀਂ ਵੀਚਾਰਧਾਰਾ ਦੇ ਸੰਚਾਲਨ ਦੌਰਾਨ ਪੁਰਾਣੀਆਂ ਮਾਨਤਾਵਾਂ ਦਾ ਹਾਂ-ਪੱਖੀ ਤੇ ਨਾਂਹ-ਪੱਖੀ, ਦੋਵੇਂ ਤਰ੍ਹਾਂ ਦੇ ਪ੍ਰਭਾਵਾਂ ਦਾ ਮੌਜੂਦ ਹੋਣਾ ਸੁਭਾਵਕ ਹੀ ਹੈ। ਨਵੇਂ ਮੱਤ ਜਾਂ ਕਹੀਏ ਕਿ ਗੁਰਮਤਿ ਦੇ ਧਾਰਣੀਆਂ ਨੂੰ 'ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ' (ਸੂਹੀ 1-766) ਦਾ ਰਾਹ ਅਪਨਾਉਣਾ ਚਾਹੀਦੈ। ਪਿਛਲੇਰੇ ਕੁਝ ਸਮੇਂ ਤੋਂ ਸੰਤ-ਸਮਾਜ ਨਾਲ ਸਬੰਧਿਤ ਸੰਸਥਾਵਾਂ ਵੱਲੋਂ 'ਅੰਮ੍ਰਿਤ ਵੇਲਾ' ਤੇ 'ਨਾਮ-ਅਭਿਆਸ' ਲੜੀਵਾਰ ਸੰਗਤੀ-ਇਕੱਠਾਂ ਰਾਹੀਂ, ਲਾਊਡ ਸਪੀਕਰਾਂ ਦੀ ਵਰਤੋਂ ਕਰਦਿਆਂ ਉੱਚਾ-ਉੱਚਾ ਗੁਰਮੰਤ੍ਰ-ਜਾਪ ਦਾ ਰੁਝਾਨ ਵੇਖਣ ਵਿਚ ਆ ਰਿਹੈ। 24 ਜਾਂ 48 ਘੰਟਿਆਂ ਦਾ ਅਖੰਡ-ਜਾਪ, ਵਾਹਿਗੁਰੂ ਸ਼ਬਦ ਦੀਆਂ ਨਿਰੰਤਰ ਬੀਰਮੀਆਂ ਅਤੇ ਸੰਪਟ ਪਾਠਾਂ ਵਰਗੇ ਅਨੁਸ਼ਠਾਨ ਵੀ ਪ੍ਰਚੱਲਿਤ ਹੋ ਚੁੱਕੇ ਨੇ। ਇਹ ਸਾਰੀਆਂ ਧਾਰਣਾਵਾਂ ਦਾ ਪ੍ਰਯੋਜਨ ਭੋਲੀਆਂ-ਭਾਲੀਆਂ ਸਿੱਖ-ਸੰਗਤਾਂ ਨੂੰ ਗੁਰਬਾਣੀ ਵੀਚਾਰਧਾਰਾ ਜਾਂ ਗੁਰਮਤਿ ਤੋਂ ਗੁਮਰਾਹ ਕਰਨਾ ਪ੍ਰਤੀਤ ਹੁੰਦਾ ਹੈ। ਅਜਿਹੇ ਹਲਾਤਾਂ ਵਿਚ ਸਾਡੇ ਲਈ ਯੋਗਮੱਤ ਅਤੇ ਗੁਰਮਤਿ ਵਿਚਲੀਆਂ ਸਿਧਾਂਤਕ ਤੇ ਵਿਵਹਾਰਿਕ ਵਿਰੋਧਾਂ, ਵਿਭਿੰਨਤਾਵਾਂ, ਵਖਰੇਵਿਆਂ ਅਤੇ ਭੁਲੇਖਾ ਪਾਊ ਅੰਤਰ-ਭੇਦਾਂ ਨੂੰ ਜਾਨਣਾ-ਪਹਿਚਾਨਣਾ ਅਤਿ ਅਵੱਸ਼ਕ ਹੋ ਗਿਆ ਹੈ।

ਅਜਿਹੀ ਸੰਭਾਵਨਾਵਾਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਕਿ ਕੁਝ ਗੁਰਸਿੱਖ ਵੀਰ, ਅਣਜਾਣੇ ਹੀ ਇਹਨਾਂ ਛਿਣਭੰਗਰ ਜਾਂ ਅਲਪ-ਸੁੱਖ ਉਪਜਾਉਂਣ ਵਾਲੀਆਂ ਮਸ਼ਕਾਂ, ਕਸਰਤਾਂ, ਸਾਧਨਾਵਾਂ ਜਾਂ ਗਿਣਤੀਆਂ-ਮਿਣਤੀਆਂ ਨਾਲ ਬੱਧੇ ਸਿਮਰਨ-ਪਾਠਾਂ ਵੱਲ ਵੇਖੋ-ਵੇਖੀ ਆਕਰਸ਼ਿਤ ਹੋ ਗਏ ਹੋਣਗੇ। ਸ਼ਾਇਦ ਇਹ ਵਰਤਾਰਾ ਸਿੱਖ ਧਰਮ ਦੀ ਸੁਤੰਤਰ ਹੋਣੀ ਨੂੰ ਨਾਂਹ-ਬਰਦਾਸ਼ਤ ਕਰਨ ਵਾਲੀਆਂ ਸਰਕਾਰੀ-ਗੈਰਸਰਕਾਰੀ ਏਜੰਸੀਆਂ ਵੱਲੋਂ ਗਹਿਰੀ ਸਾਜਿਸ਼ ਤਹਿਤ ਹੀ ਹੋਵੇ। ਸ਼ਾਇਦ ਕੁਝ ਉਨ੍ਹਾਂ ਦੇ ਭਰੋਸੇਯੋਗ ਸਿੱਖ-ਸਰੂਪ ਵਾਲੇ ਸਮਰੱਥ ਵਿਅਕਤੀਆਂ ਨੂੰ ਆਪਣੇ ਮਾਇਆ-ਜਾਲ ਵਿਚ ਬੰਨ੍ਹ ਕੇ, ਸਾਡੀ ਜਿਗਿਆਸਾ-ਭਰਪੂਰ ਧਾਰਮਿਕ-ਸ਼ਰਧਾ ਨੂੰ ਓਝੜੇ ਪਾਏ ਜਾਣ ਅਤੇ ਗੁਰਮਤਿ ਗਿਆਨ ਤੋਂ ਅਵੇਸਲੀ ਹੋਈ ਬੈਠੀ ਸਿੱਖ-ਕੌਮ ਨੂੰ ਯੋਗਮੱਤ ਵਾਲੀਆਂ ਨਿਰਰਥਕ ਰਿੱਧੀਆਂ-ਸਿੱਧੀਆਂ ਜਾਂ ਸਿੱਧੇ ਰੂਪ ਵਿਚ ਹਿੰਦੂ-ਕਰਮਕਾਂਡਾਂ ਨਾਲ ਜੋੜਨ ਦੀ ਵਿਉਂਤਬੰਦੀ ਦਾ ਪ੍ਰਤੱਖ-ਪ੍ਰਦਰਸ਼ਨ ਹੀ ਹੋਵੇ। ਗੁਰਸਿੱਖਾਂ ਨੇ ਗੁਰਮਤਿ ਗਾਡੀ-ਰਾਹ ਦਾ ਪੰਧਾਊ ਬਨਣਾ ਹੈ। ਤੁਸਾਂ ਕਈ ਡੇਰੇਦਾਰ ਬਾਬਿਆਂ ਵੱਲੋਂ ਕੱਚੀਆਂ ਕੀਰਤਨੀ-ਧਾਰਨਾਵਾਂ ਦੇ ਨਾਲ ਨਾਲ ਮਨਘੜਤ-ਮਿਥਹਾਸਿਕ ਕਹਾਣੀਆਂ ਸੁਣਾ ਕੇ, ਤੇ ਫੇਰ ਆਪਣੇ ਪੇਟੈਂਟ-ਅੰਦਾਜ਼ ਵਿਚ ਗੁਰਮੰਤ੍ਰ-ਜਾਪ ਦੀਆਂ ਟਿਊਨਾਂ ਦੁਆਰਾ ਕੰਨ-ਰਸ ਉਪਜਾਉਂਣ ਦੇ ਸਫ਼ਲ ਤਜ਼ਰਬੇ, ਵੱਡੇ ਸਮਾਗਮਾਂ ਵਿਚ ਪਰਤੱਖ ਸਾਹਮਣੇ ਜਾਂ ਟੀ.ਵੀ. ਚੈਨਲਾਂ 'ਪਰ ਲਾਈਵ ਜਾਂ ਸੀ.ਡੀਆਂ ਰਾਹੀਂ ਪ੍ਰਸਾਰਿਤ ਹੁੰਦੇ ਵੇਖੇ ਹੀ ਹੋਣੇ ਹਨ? ਵੀਡੀਓ ਸੀ.ਡੀ ਵਿਚ ਸਿੱਖਾਂ ਦੀਆਂ ਪੱਗਾਂ ਲੱਥੀਆਂ, ਕੇਸ ਖੁੱਲ੍ਹੇ ਤੇ ਮੋਢਿਆਂ ਨੂੰ ਜ਼ੋਰ-ਜ਼ੋਰ ਦੀ ਸੱਜੇ ਜਾਂ ਖੱਬੇ ਪਾਸੇ ਲਟਕੇ-ਝਟਕੇ ਮਾਰਨ ਦੀ ਕਵਾਇਦ ਰਾਹੀਂ ਨਾਮ ਸਿਮਰਨ ਅਭਿਆਸ ਕਰਾਉਣ ਦੀ ਨਵੀਂ-ਨਵੇਲੀ ਵਿਧੀ ਦੁਆਰਾ ਬ੍ਰਹਮਗਿਆਨੀ ਬਨਾਉਂਣ ਦੇ ਦਾਅਵੇ ਦੀ ਪੇਸ਼ਕਾਰੀ, ਕੀ ਤੁਹਾਡੀ ਅਧਿਆਤਮਿਕ-ਸੰਵੇਦਨਾਂ ਨੂੰ ਵਿਚਲਿਤ ਨਹੀਂ ਕਰਦੀ?

ਗੁਰਬਾਣੀ ਵਿਚ ਵਰਤੀ ਗਈ ਯੋਗਮੱਤ ਦੀ ਸ਼ਬਦਾਵਲੀ ਦੀ ਸਹੀ ਵਿਆਖਿਆ ਅਤੇ ਗੁਰਬਾਣੀ ਵੀਚਾਰਧਾਰਾ ਦੀ ਵਿਲੱਖਣ ਗੁਰਮਤਿ-ਜੁਗਤ ਨੂੰ ਸਪਸ਼ਟ ਰੂਪ ਵਿਚ ਨਿਖੇੜਨਾ ਜਰੂਰੀ ਹੈ। ਸਿੱਧ ਗੋਸ਼ਟ ਦਾ ਗੰਭੀਰ ਅਧਿਐਨ ਵਿਸ਼ਲੇਸ਼ਣਾਤਮਿਕ ਨਤੀਜੇ ਪੇਸ਼ ਕਰਦਾ ਹੈ। ਗੁਰਬਾਣੀ, ਦੂਸਰੇ ਮੱਤਾਂ ਦੀਆਂ ਮੁਢਲੀਆਂ ਰਹੱਸਮਈ, ਖੋਜ-ਬਿਰਤੀਆਂ ਦਾ ਮੂਲੋਂ ਖੰਡਨ ਨਹੀਂ ਕਰਦੀ, ਬਲਕਿ ਜਿੱਥੇ-ਜਿੱਥੇ ਉਹ ਸਾਧਕ ਠੀਕ ਰਸਤਿਓਂ ਭੱਟਕ ਗਏ ਸਨ, ਉਨ੍ਹਾਂ ਨੂੰ ਤਰਕ-ਸੰਗਤ, ਮਾਰਗ-ਦਰਸ਼ਨ ਬਖ਼ਸ਼ਦੀ ਹੈ। ਗੁਰੂ ਸਾਹਿਬ ਦਾ ਮਕਸਦ ਵਾਦ-ਵਿਵਾਦ ਦੁਆਰਾ ਦ੍ਵੰਦਾਤਮਿਕ ਨਿਖੇੜਵਾਦ ਨੂੰ ਬੜ੍ਹਾਵਾ ਦੇਣਾ ਨਹੀਂ ਸੀ, ਬਲਕਿ 'ਅਪਰੰਪਰੁ ਪਾਰਬ੍ਰਹਮੁ ਪਰਮੇਸਰੁ' ਦੇ ਮਨੁੱਖੀ ਸਵੱਛ-ਅਨੁਭਵ ਜਾਂ ਪਹਿਲ ਤਾਜ਼ਗੀ ਵਾਲੇ ਜੋਤਿ-ਸਰੂਪੀ ਮੂਲ ਨੂੰ ਪਛਾਨਣ ਤੇ ਸਰਬੱਤ ਦੇ ਭਲੇ ਲਈ ਆਮ-ਲੋਕਾਈ ਵਿਚ ਪ੍ਰਕਾਸ਼ਮਾਨ ਕਰਨ ਦਾ ਸੀ।

ਸੰਖੇਪ ਵਿਚ ਯੋਗਮੱਤ ਦੀ ਅੰਤਿਮ ਹੋਣੀ 'ਕੈਵੱਲਯ' ਹੈ, ਭਾਵ ਦੁਨਿਆਵੀ-ਕਰਤੱਵਾਂ ਤੋਂ ਮੁਕਤ, ਅਲਗਾਵ ਜਾਂ ਉਪਰਾਮਤਾ। ਇਹ ਘਰ-ਗ੍ਰਿਹਸਤੀ ਦੇ ਤਿਆਗਣ ਤੋਂ ਸ਼ੁਰੂ ਹੋ ਕੇ ਸੰਸਾਰਿਕਤਾ ਤੋਂ ਹੀ ਨਾਤਾ ਤੋੜ ਲੈਣਾ ਹੈ। ਫਿਰ ਵੀ ਉਦਰ-ਪੂਰਨਾ ਦੀਆਂ ਮੁਥਾਜੀਆਂ 'ਘਰ-ਗ੍ਰਿਹਿਸਤੀ' ਵਾਲਿਆਂ ਪਾਸੋਂ ਹੀ ਪੂਰੀਆਂ ਹੋਣੀਆਂ ਹਨ। ਇਹ ਨਿੱਜ-ਪ੍ਰਸਤੀ ਅਤੇ ਸਮੂਹਿਕ ਸਮਾਜਿਕ ਵਿਕਾਸ ਨੂੰ ਉਲਟ ਗੇੜੇ ਪਾਉਂਣ ਵਾਲਾ ਮੱਤ, ਪਿਛਾਂਹਾ ਖਿੱਚੂ ਜਾਂ ਖੜੋਤ-ਮੁਖੀ ਨਿਸ਼ਕ੍ਰੀਅਤਾ ਹੈ। 'ਗੁਰਮਤਿ' ਵੀਚਾਰਧਾਰਾ ਮਾਇਆਵਈ ਸੰਸਾਰ ਵਿਚ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥ ਅਨੁਸਾਰ, ਸਰਬੱਤ ਦੇ ਭਲੇ ਨੂੰ ਸਮਰਪਿਤ ਮਨੁੱਖਾ-ਜੀਵਨ ਦੀ ਵਿਕਾਸ-ਮੁਖੀ ਗਤੀਸ਼ੀਲਤਾ ਹੈ। ਇੱਥੇ ਸੰਸਾਰਿਕ ਕਰਤੱਵਾਂ ਨੂੰ ਨਿਭਾਉਂਦਿਆਂ 'ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ' ਵਾਲੀ ਅਨੰਦ ਭਰਪੂਰਤਾ ਹੈ। ਗੁਰਮਤਿ ਅਨੁਸਾਰ ਤੱਤ ਦੀ ਵੀਚਾਰ ਵਾਸਤੇ 'ਸੰਜਮ' ਅਤੇ 'ਦ੍ਰਿੜ-ਸੰਕਲਪ' ਇਕ ਸਾਧਨ ਹੈ। ਜੋਗੀਆਂ-ਸੰਨਿਆਸੀਆਂ ਵੱਲੋਂ ਧਾਰਣ ਕੀਤੇ ਬਾਹਰੀ ਚਿੰਨ੍ਹ (ਜਿਵੇਂ ਕਿ ਖਿੰਥਾ, ਡੰਡਾ, ਭਸਮ, ਮੂੰਹ ਸਿਰ ਮੁੰਨ ਲੈਣਾ, ਸਿੰਗੀ, ਨਾਦ ਆਦਿਕ), ਅਧਿਆਤਮਿਕ ਸਹਜ-ਜੋਗੀ ਲਈ ਬੇਲੋੜੇ ਬਣ ਜਾਂਦੇ ਹਨ। ਆਦਰਸ਼ ਤਾਂ ਸੰਸਾਰਿਕ ਮਾਇਆ ਮੋਹ ਤੋਂ ਨਿਰਲੇਪ ਹੋ ਕੇ ਜ਼ਿੰਦਗੀ ਜਿਊਣ ਦਾ ਢੰਗ ਇਖਤਿਆਰ ਕਰਨਾ ਹੈ:

**ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥ ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥ (730)**

ਅਧਿਆਤਮਿਕਤਾ ਤਾਂ ਆਤਮਾ ਦਾ ਪ੍ਰਮਾਤਮਾ-ਮੁਖੀ ਹੋ ਕੇ ਸੰਸਾਰ-ਯਾਤਰਾ ਕਰਦਿਆਂ ਜੀਵਨ-ਮੁਕਤ ਹੋ ਕੇ ਵਿਚਰਨਾ ਹੈ। ਗੁਰੂ ਨਾਨਕ ਸਾਹਿਬ ਮਾਰੂ ਰਾਗ ਵਿਚਲੀ ਇੱਕ ਅਸ਼ਟਪਦੀ ਰਾਹੀਂ ਜੋਗੀਆਂ-ਸੰਨਿਆਸੀਆਂ ਦੀਆਂ ਮਾਨਤਾਵਾਂ ਤੇ ਵਿਵਹਾਰਿਕ-ਜੀਵਨ ਦੀ ਗ੍ਰਿਹਸਤੀਆਂ ਨਾਲ ਤੁਲਨਾ ਕਰਦਿਆਂ ਤੱਤ ਗੁਰਮਤਿ ਗਿਆਨ ਦਾ ਸਾਰ ਇਹ ਦਰਸਾਉਂਦੇ ਹਨ ਕਿ ਜਿਹੜਾ ਮਨੁੱਖ ਸਦਾ ਪ੍ਰਮਾਤਮਾ ਦੇ ਚਰਨਾਂ ਵਿਚ ਚਿੱਤ ਜੋੜੀ ਰੱਖਦਾ ਹੈ, ਉਹ ਹੀ ਸ੍ਰੇਸ਼ਟ ਪੁਰਸ਼ ਹੈ—ਚਾਹੇ ਉਹ ਗ੍ਰਿਹਸਤੀ ਹੈ, ਚਾਹੇ ਸੰਨਿਆਸੀ ਹੈ, ਚਾਹੇ ਜੋਗੀ ਹੈ:

**ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ ॥ (1013)**

-0-

# ਮਾਂ ਬੋਲੀ ਪੰਜਾਬੀ ਅਤੇ ਅਸੀਂ...

**ਪਰਮਜੀਤ ਢੀਂਗਰਾ # 94173-58120**

ਪੰਜਾਬੀ ਕਦੇ ਨਹੀਂ ਮਰਦੀ, ਇਹਨੂੰ ਮਾਰਨ ਵਾਲਿਓ... ਮਰੀ ਹੋਈ ਨੂੰ ਕੌਣ ਮਾਰ ਸਕਦੈ। ਇਹ ਤਾਂ ਪੰਜਾਬੀ ਦੇ ਸ਼ੈਦਾਈ ਤੇ ਸਿਰਫਿਰੇ ਐਵੇਂ ਰੌਲਾ ਪਾ ਰਹੇ ਨੇ; ਅਖੇ, ਪੰਜਾਬੀ ਨੂੰ ਬਚਾਉਣ ਦੀ ਲੋੜ ਐ। ਜਦੋਂ ਆਪਣਿਆਂ ਨੇ ਮਾਰ ਹੀ ਛੱਡੀ ਤਾਂ ਹੁਣ ਬਚਾਉਣ ਦੇ ਕਿਉਂ ਹੀਲੇ ਕਰਦੇ ਓ। ਕਿਉਂ ਹਾਲ ਪਾਹਰਿਆ ਕਰ ਕੇ ਅਸਮਾਨ ਸਿਰ 'ਤੇ ਚੁੱਕੀ ਫਿਰਦੇ ਓ। ਵੋਟਾਂ ਵੇਲੇ ਤੁਸਾਂ ਕਦੇ ਪੁੱਛਿਆ- 'ਭਾਈ ਵੋਟਾਂ ਮੰਗਣ ਵਾਲਿਓ! ਦੱਸੋ ਤੁਸਾਂ ਪੰਜਾਬੀ ਬਚਾਈ ਕਿ ਮਾਰੀ? ਕਿੱਥੇ ਐ ਪੰਜਾਬੀ?'

ਤੁਹਾਨੂੰ ਤਾਂ ਉਦੋਂ ਵੀ ਪਤਾ ਨਹੀਂ ਲੱਗਾ ਜਦੋਂ ਪੰਜਾਬ ਵਿਚ ਧੜਾ-ਧੜ ਅੰਗਰੇਜ਼ੀ ਸਕੂਲ ਖੁੱਲ੍ਹ ਰਹੇ ਸਨ ਤੇ ਤੁਸੀਂ ਬੜੇ ਖੁਸ਼ ਹੋ ਰਹੇ ਸਓ ਕਿ ਹੁਣ ਤੁਹਾਡੇ ਬੱਚੇ ਵੀ ਅੰਗਰੇਜ਼ੀ ਸਕੂਲਾਂ ਵਿਚ ਪੜ੍ਹ ਕੇ ਅਫਸਰ ਬਣਨਗੇ। ਕੀ ਉਦੋਂ ਤੁਹਾਨੂੰ ਪੰਜਾਬੀ ਵੱਢ ਰਹੀ ਸੀ। ਜਦੋਂ ਤੋਤਾ ਸਿੰਘੀ ਅੰਗਰੇਜ਼ੀ ਨੇ ਖੰਭ ਫੈਲਾਏ ਸਨ ਤਾਂ ਤੁਸੀਂ ਉਹਦੇ ਪ੍ਰਸ਼ੰਸਕ ਬਣ ਗਏ ਸਓ। ਜਦੋਂ ਮਹਿਲਾਂ ਵਾਲੇ ਰਾਜੇ ਨੇ ਅੰਗਰੇਜ਼ੀ ਦਾ ਰਾਗ ਅਲਾਪਿਆ ਤਾਂ ਤੁਸੀਂ ਮਾਣ ਮਹਿਸੂਸ ਕਰ ਰਹੇ ਸਓ। ਹੁਣ ਜਦੋਂ ਸਿੱਖਿਆ ਦੇ ਅੱਡਿਆਂ 'ਤੇ ਤੁਹਾਡੇ ਬੱਚਿਆਂ ਨੂੰ ਪੰਜਾਬੀ ਬੋਲਣ 'ਤੇ ਚਪੇੜੇ ਮਾਰੇ ਜਾਂਦੇ ਨੇ, ਕੰਨ ਲਾਲ ਕੀਤੇ ਜਾਂਦੇ ਨੇ, ਜੁਰਮਾਨੇ ਕੀਤੇ ਜਾਂਦੇ ਨੇ ਤੇ ਬੋਲਣ ਦੀ ਪਾਬੰਦੀ ਲਈ ਫਰਮਾਨ ਜਾਰੀ ਕੀਤੇ ਜਾਂਦੇ ਨੇ ਤਾਂ ਤੁਸੀਂ ਕੰਨ ਵਲੇਟੀ ਸੁੱਤੇ ਰਹਿੰਦੇ ਹੋ। ਫਿਰ ਦੁਖੀ ਹੋਣ ਦਾ ਕੀ ਫਾਇਦਾ? ਉਨ੍ਹਾਂ ਕਿਹੜਾ ਤੁਹਾਨੂੰ ਸੱਦਾ ਭੇਜਿਆ ਸੀ ਕਿ ਉਨ੍ਹਾਂ ਦੇ ਸਕੂਲ ਈ ਬੱਚੇ ਭੇਜੋ। ਉਦੋਂ ਤਾਂ ਤੁਸੀਂ ਸਾਰਾ ਪੈਸਾ-ਟਕਾ ਲਾ ਕੇ ਇਨ੍ਹਾਂ ਦੁਕਾਨਾਂ ਦਾ ਕਾਰੋਬਾਰ ਚਮਕਾ ਦਿੱਤਾ ਤੇ ਹੁਣ ਕਹਿੰਦੇ ਹੋ- ਪੰਜਾਬੀ ਮਰ ਰਹੀ ਐ। ਕਿੰਨਾ ਸਿਤਮ ਐ... ਪਹਿਲਾਂ ਮਾਰ ਦਿਓ, ਫਿਰ ਬਚਾਉਣ ਦਾ ਰੌਲਾ ਪਾ ਦਿਓ।




ਤੁਹਾਡੀਆਂ ਹੇਜਲੀਆਂ ਸਰਕਾਰਾਂ ਨੇ ਪੰਜਾਬੀ ਮਾਰੀ ਐ। ਕੀ ਤੁਸਾਂ ਕਦੇ ਲੋਕਾਂ ਦੀ ਅਦਾਲਤ ਵਿਚ ਉਨ੍ਹਾਂ ਨੂੰ ਮੁਜਰਮਾਂ ਦੇ ਕਟਿਹਰੇ ਵਿਚ ਖੜ੍ਹਾ ਕੀਤਾ? ਉਹ ਤਾਂ ਕਦੇ ਤੁਹਾਡੀਆਂ ਪੰਥਕ ਸਰਕਾਰਾਂ ਸਨ ਤੇ ਕਦੇ ਖੱਦਰਧਾਰੀਆਂ ਦੀਆਂ ਕੌਮੀ ਸਰਕਾਰਾਂ। ਤੁਸਾਂ ਤਾਂ ਭਲਿਓ ਬਦਲਾਅ ਵੀ ਦੇਖ ਲਿਆ। ਪੰਜਾਬੀ ਤਾਂ ਹੁਣ ਧੂਹ-ਧਾਹ ਕੇ ਮੁਰਦਖਾਨੇ ਲਿਜਾਣ ਲਈ ਤਿਆਰ ਹੈ। ਸਰਕਾਰੀ ਸਕੂਲਾਂ 'ਚ ਜਾ ਕੇ ਦੇਖ ਲਓ, ਜੇ ਪੰਜਾਬੀ ਦੀ ਹੋਰ ਦੁਰਗਤੀ ਦੇਖਣੀ ਐ ਤਾਂ। ਉਹਦੀਆਂ ਸ਼ਰੀਕਣੀਆਂ ਈ ਉਹਨੂੰ ਦਬੱਲੀ ਬੈਠੀਆਂ ਨੇ, ਤੁਸੀਂ ਜਸ਼ਨ ਮਨਾ ਰਹੇ ਹੋ। ਸਕੂਲ ਕਮਰਿਆਂ, ਡੈਸਕਾਂ, ਡ੍ਰੈੱਸਾਂ ਨਾਲ ਨਹੀਂ ਹੁੰਦੇ ਤੇ ਨਾ ਹਮਕੀ-ਤੁਮਕੀ ਕਰਨ ਨਾਲ ਹੁੰਦੇ ਨੇ। ਸਕੂਲ ਸਜਦੇ ਨੇ ਅਧਿਆਪਕਾਂ ਨਾਲ ਤੇ ਉਹ ਵਿਚਾਰੇ ਤਾਂ ਟੈਂਕੀਆਂ 'ਤੇ ਚੜ੍ਹੇ ਹੋਏ ਨੇ, ਕਦੇ ਵੱਡੇ ਸਾਹਿਬ ਦੇ ਘਰ ਅੱਗੇ ਡਾਂਗਾਂ ਖਾ ਰਹੇ ਹੁੰਦੇ ਨੇ। ਦੱਸੋ ਜੇ ਤੁਹਾਡੇ ਬੱਚੇ ਮਾਂ ਬੋਲੀ ਪੜ੍ਹ ਨਹੀਂ ਸਕਦੇ ਤਾਂ ਸਕੂਲਾਂ ਨੂੰ ਕੀ ਕਰੋਗੇ?

ਦਫ਼ਤਰਾਂ, ਕਚਹਿਰੀਆਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਪੰਜਾਬੀ ਨੂੰ ਖੂੰਜੇ ਲਾਉਣ ਵਿਚ ਕੀ ਕੋਈ ਕਸਰ ਬਾਕੀ ਰਹਿ ਗਈ ਹੈ? ਤੁਹਾਡੀ ਭਾਸ਼ਾ ਦੇ ਨਾਂ 'ਤੇ ਬਣੀ ਯੂਨੀਵਰਸਿਟੀ ਲਈ ਮੁਖੀ ਨਹੀਂ ਲੱਭ ਰਿਹਾ। ਉਹਦੀ ਵਿੱਤੀ ਹਾਲਤ ਮੰਗਤਿਆਂ ਵਾਲੀ ਹੋਈ ਪਈ ਐ; ਤੇ ਫਿਰ ਤੁਸੀਂ ਰੌਲਾ ਪਾਈ ਜਾਂਦੇ ਓ ਕਿ ਪੰਜਾਬੀ ਕਿਵੇਂ ਬਚੇਗੀ।

ਯੂਨੀਵਰਸਿਟੀ ਪਾਠ ਪੁਸਤਕ ਬੋਰਡ ਦਾ ਭੋਗ ਪਾਉਣ ਵਾਲੇ ਕੌਣ ਸਨ, ਤੁਸਾਂ ਕਦੇ ਪੁੱਛਿਆ? ਇਹ ਪੰਜਾਬੀ ਨੂੰ ਬਚਾਉਣ ਲਈ ਹੀ ਖੋਲ੍ਹਿਆ ਗਿਆ ਸੀ ਪਰ ਇਹਦਾ ਭੋਗ ਪਾ ਕੇ ਇਸ ਨੂੰ ਗੋਦਾਮ ਵਿਚ ਤਾਲੇਬੰਦ ਕਰ ਦਿਤਾ ਗਿਆ। ਤੁਹਾਡੇ ਕੰਨਾਂ 'ਤੇ ਜੂੰ ਨਹੀਂ ਸਰਕੀ। ਗੋਦਾਮ ਵਿਚ ਪਈਆਂ ਤੁਹਾਡੀਆਂ ਕਿਤਾਬਾਂ ਨੂੰ ਸਿਓਂਕ ਖਾ ਗਈ। ਤੁਹਾਡੇ ਗਿਆਨ ਨੂੰ ਵੀ ਸਿਓਂਕ ਲੱਗ ਗਈ ਪਰ ਤੁਸੀਂ ਫਿਰ ਵੀ ਹੋਸ਼ ਵਿਚ ਨਹੀਂ ਆਏ। ਤੁਹਾਡੇ ਦੁਸ਼ਮਣ ਤਾਂ ਖੁਸ਼ ਹਨ ਕਿ ਇਸ ਨੂੰ ਇੰਝ ਹੀ ਦਬੱਲਣਾ ਹੈ। ਤੁਸੀਂ ਰੌਲਾ ਪਾਈ ਜਾਓ; ਇਹ ਫਰੀਦ, ਨਾਨਕ, ਬੁੱਲ੍ਹੇ, ਵਾਰਿਸ, ਸ਼ਿਵ ਕੁਮਾਰ ਦੀ ਬੋਲੀ ਐ ਪਰ ਉਹ ਤਾਂ ਇਹਨੂੰ ਸਿੱਖਾਂ ਸਿਰ ਮੜ੍ਹਨ ਲਈ ਤਿਆਰ ਬੈਠੇ ਨੇ।

ਤੁਹਾਡਾ ਭਾਸ਼ਾ ਵਿਭਾਗ ਗਰਾਂਟਾਂ ਨੂੰ ਤਰਸ ਰਿਹਾ ਹੈ। ਖੋਜ ਲਈ ਫੰਡਾਂ ਦੀ ਤੋਟ ਐ। ਪੰਜਾਬ ਇੰਨਾ ਗਰੀਬ ਤਾਂ ਕਦੇ ਨਹੀਂ ਰਿਹਾ। ਸਦਾ ਗੁਰੂਆਂ ਦੀ ਰਹਿਮਤ ਰਹੀ ਐ। ਆਖ਼ਿਰ ਉਹ ਕੌਣ ਸਨ ਜਿਹੜੇ ਤੁਹਾਡੇ ਖਜ਼ਾਨੇ ਲੁੱਟ ਕੇ ਖਾ ਗਏ? ਕੀ ਤੁਸਾਂ ਕਦੇ ਨਹੀਂ ਸੋਚਿਆ। ਉਨ੍ਹਾਂ ਦੇ ਖਜ਼ਾਨਿਆਂ 'ਤੇ ਨਜ਼ਰ ਮਾਰਨ ਦੀ ਤੁਹਾਡੇ ਕੋਲ ਵਿਹਲ ਹੀ ਕਿਥੇ! ਤੁਹਾਡੀ ਵੋਟ ਤਾਂ ਉਨ੍ਹਾਂ ਲਈ ਦਾਰੂ ਅਤੇ ਚੰਦ ਸਿੱਕਿਆਂ ਦੀ ਮਾਰ ਐ, ਤੇ ਤੁਸੀਂ ਉਨ੍ਹਾਂ ਕੋਲੋਂ ਪੰਜਾਬੀ ਦੀ ਭਲਾਈ ਭਾਲਦੇ ਓ। ਉਹ ਤਾਂ ਤੁਹਾਡੀ ਭਾਸ਼ਾ ਦੇ ਸਭ ਤੋਂ ਵੱਡੇ ਚੋਬਦਾਰ (ਦੁਸ਼ਮਣ) ਬਣੇ ਹੋਏ ਨੇ।

ਖੇਤੀਬਾੜੀ ਯੂਨੀਵਰਸਿਟੀ ਨੇ ਤੁਹਾਡੇ ਖੇਤਾਂ ਵਿਚ ਹਰੀ ਕ੍ਰਾਂਤੀ ਬੀਜ ਦਿੱਤੀ ਪਰ ਨਾਲ ਹੀ ਜ਼ਹਿਰਾਂ ਘੋਲ ਕੇ ਤੁਹਾਨੂੰ ਜ਼ਹਿਰੀਲੇ ਅਤੇ ਮਾਰੂ ਰੋਗਾਂ ਦਾ ਸ਼ਿਕਾਰ ਬਣਾ ਦਿੱਤਾ। ਤੁਹਾਡੀ ਮਿੱਟੀ, ਪਾਣੀ, ਹਵਾ, ਬੋਲੀ ਤੇ ਸੋਚ ਜ਼ਹਿਰੀਲੀ ਹੋ ਗਈ। ਨਸ਼ੇ ਤੁਹਾਡੀ ਜਵਾਨੀ ਖਾ ਗਏ ਪਰ ਤੁਸੀਂ ਪਛਾਣ ਹੀ ਨਹੀਂ ਸਕੇ ਕਿ ਨਸ਼ੇ ਦੇ ਵਪਾਰੀ ਤਾਂ ਤੁਹਾਡੀ ਧਰਤੀ ਵਿਚੋਂ ਉੱਗੇ ਨੇ। ਹੁਣ ਤਾਂ ਗੁਰੂ ਦੀਆਂ ਬੇਅਦਬੀਆਂ ਕਰਨ ਵਾਲੇ ਵੀ ਦਨਦਨਾਉਂਦੇ ਫਿਰਦੇ। ਕੀ ਤੁਸੀਂ ਉਨ੍ਹਾਂ ਨੂੰ ਸਵਾਲ ਪੁੱਛੋਗੇ ਜਿਨ੍ਹਾਂ ਨੇ ਗੁਰੂ ਦੀ ਫਸੀਲ ਤੋਂ ਸੁਣਾਏ ਦੋਸ਼ਾਂ ਨੂੰ ਸਿਰ ਝੁਕਾ ਕੇ ਮੰਨਿਆ ਤੇ ਬਾਹਰ ਆ ਕੇ ਕਹਿ ਦਿਤਾ ਕਿ ਅਸੀਂ ਤਾਂ ਬਾਕੀਆਂ ਦੇ ਗੁਨਾਹ ਵੀ ਆਪਣੀ ਝੋਲੀ ਪੁਆ ਲਏ। ਇਨ੍ਹਾਂ ਨੇ ਹਮੇਸ਼ਾ ਤੁਹਾਡੀ ਭਾਸ਼ਾ ਦਾ ਅੰਨ, ਪਾਣੀ ਖਾ ਕੇ ਭਾਸ਼ਾ ਤੋਂ ਮੁਨਕਰ ਹੋਣ ਵਾਲਿਆਂ ਨੂੰ ਬਣਦੀ ਸਜ਼ਾ ਦੇਣ ਲਈ ਕਦੇ ਕਟਿਹਰੇ ਵਿਚ ਖੜ੍ਹਾ ਨਹੀਂ ਕੀਤਾ। ਇਸੇ ਲਈ ਤੁਹਾਡੇ ਦੁਸ਼ਮਣ ਵਧਦੇ ਗਏ।

ਉਹ ਲਾਲ ਫੀਤਾਸ਼ਾਹੀ ਜੋ ਤੁਹਾਡੀ ਰਾਜਧਾਨੀ ਦੀ ਹਿੱਕ 'ਤੇ ਅੰਗਰੇਜ਼ੀ ਦੀਵਾ ਬਾਲੀ ਬੈਠੀ ਹੈ, ਅਸਲ ਤਾਕਤ ਉਹਦੀ ਮੁੱਠੀ ਵਿਚ ਐ। ਉਹ ਕਦੇ ਨਹੀਂ ਚਾਹੁੰਦੀ ਕਿ ਤੁਹਾਡੀ ਬੋਲੀ ਤੁਹਾਡੇ ਬੱਚੇ ਪੜ੍ਹਨ। ਉਹ ਹਰ ਵੇਲੇ ਸਾਜ਼ਿਸ਼ਾਂ ਗੁੰਦਦੇ ਰਹਿੰਦੇ ਨੇ ਕਿ ਕਿਵੇਂ ਤੁਹਾਡੇ ਕੋਲੋਂ ਤੁਹਾਡੀ ਬੋਲੀ ਖੋਹਣੀ ਹੈ। ਨੌਕਰੀਆਂ ਦੇ ਇਮਤਿਹਾਨਾਂ ਵਿਚ ਇਸ ਨੂੰ ਕਿਵੇਂ ਖੂੰਜੇ ਲਾਉਣਾ ਹੈ। ਇਹਦੇ ਤਿੱਖੇ ਦੰਦਾਂ ਨੂੰ ਕਿਵੇਂ ਖੁੰਡਾ ਕਰਨਾ ਹੈ ਕਿ ਜੇ ਇਹ ਵੱਢਣ ਦੀ ਕੋਸ਼ਿਸ਼ ਵੀ ਕਰੇ ਤਾਂ ਹਾਸੋਹੀਣੀ ਲੱਗੇ। ਜੇ ਨਹੀਂ ਇਤਬਾਰ ਤਾਂ ਵੱਡੇ ਦਫ਼ਤਰ ਪੰਜਾਬੀ ਵਿਚ ਈ-ਮੇਲ ਕਰ ਕੇ ਜਾਂ ਚਿੱਠੀ ਲਿਖ ਕੇ ਦੇਖ ਲਵੋ, ਗਿਆਨ ਹੋ ਜਾਏਗਾ।

**ਬਾਕੀ ਸਫਾ 25 'ਤੇ**




ਜਸਮੀਤ ਕੌਰ
98720-81117

# ਸਾਫ ਵਾਤਾਵਰਣ ਲਈ ਰੁੱਖ ਲਗਾਓ

ਪਿਆਰੇ ਬੱਚਿਓ, ਕੀ ਅਸੀਂ ਕਦੇ ਸੋਚਿਆ ਹੈ ਕਿ ਇਸ ਧਰਤੀ 'ਤੇ ਰਹਿ ਰਹੇ ਸਾਰੇ ਜੀਅ ਕਿਸ ਤਰ੍ਹਾਂ ਕੁਦਰਤ ਦੀ ਪਨਾਹ ਵਿਚ ਹਨ। ਸਾਡਾ ਪਲ-ਪਲ, ਛਿਣ-ਛਿਣ ਇਸ ਦਾ ਮੁਹਤਾਜ ਹੈ। ਕੁਦਰਤ ਸਾਨੂੰ ਬਿਨਾਂ ਅਹਿਸਾਨ ਦੇ ਦੇਈ ਜਾ ਰਹੀ ਹੈ। ਕੁਦਰਤ ਸਾਡਾ ਕਿੰਨਾ ਖਿਆਲ ਰੱਖਦੀ ਹੈ। ਹਰ ਸਾਲ ਨਾਲ ਅਸੀਂ ਜ਼ਿੰਦਗੀ ਦਾ ਇਕ ਹੋਰ ਪੜਾਅ ਤਹਿ ਕਰਦੇ ਹਾਂ। ਪੀਣ ਲਈ ਪਾਣੀ, ਸਾਹ ਲੈਣ ਲਈ ਹਵਾ, ਖਾਣ ਨੂੰ ਭਾਂਤ-ਭਾਂਤ ਦੇ ਭੋਜਨ, ਚੰਦ, ਸੂਰਜ, ਜਲ, ਫਲ, ਫੁੱਲ, ਸਬਜ਼ੀਆਂ, ਦਾਲਾਂ, ਅਨਾਜ ਤੇ ਹੋਰ ਵੀ ਪਤਾ ਨਹੀਂ ਕਿੰਨਾ ਕੁਝ... ਕੀ ਅਸੀਂ ਕਦੇ ਸੋਚਿਆ ਹੈ ਕਿ ਅੱਜ ਜਦੋਂ ਵਿਗਿਆਨ ਏਨੀ ਤਰੱਕੀ ਕਰ ਗਿਆ ਹੈ, ਫਿਰ ਵੀ ਅਸੀਂ ਏਨੇ ਦੁਖੀ ਕਿਉਂ ਹਾਂ? ਇਨ੍ਹਾਂ ਤਰੱਕੀਆਂ ਦੇ ਮੁਹਤਾਜ ਹੋਈ ਜਾਂਦੇ ਅਸੀਂ ਕੁਦਰਤ ਦੀ ਤਰਫੋਂ ਅਣਜਾਣ ਉਸ ਪ੍ਰਤੀ ਅਣਗਹਿਲੀ ਕਰੀ ਜਾਂਦੇ ਹਾਂ। ਕੁਦਰਤ ਵੱਲ ਧਿਆਨ ਨਾ ਦੇਣ ਨਾਲ ਉਸ ਦੇ ਨਤੀਜੇ ਵੀ ਸਾਡੇ ਸਾਹਮਣੇ ਹਨ, ਪਰ ਅਸੀਂ ਉਸ ਪਾਸਿਓਂ ਅੱਖਾਂ ਮੀਚੀ ਬੈਠੇ ਹਾਂ। ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਸੰਸਾਰ ਵਿਚ 3 ਹਿੱਸੇ ਜਲ ਤੇ ਇਕ ਹਿੱਸਾ ਥਲ ਹੈ, ਜਿਥੇ ਸੰਸਾਰ ਦੇ ਪਾਣੀ ਤੋਂ ਬਗੈਰ ਰਹਿਣ ਵਾਲੇ ਜੀਆਂ ਦਾ ਵਾਸਾ ਹੈ। ਅੱਜ ਸਾਡੇ ਰੁੱਖਾਂ ਦਾ ਦਿਨ ਪ੍ਰਤੀ ਦਿਨ ਨਾਸ਼ ਹੋਈ ਜਾ ਰਿਹਾ ਹੈ, ਜਿਸ ਕਰਕੇ ਸਾਰੀ ਧਰਤੀ ਦਾ ਵਾਤਾਵਰਨ ਖਰਾਬ ਹੋ ਰਿਹਾ ਹੈ। ਬਿਮਾਰੀਆਂ ਵਧੀ ਜਾ ਰਹੀਆਂ ਹਨ।



ਜੇਕਰ ਅਸੀਂ ਸਾਰੇ ਇਹ ਉਪਰਾਲਾ ਕਰੀਏ ਕਿ ਘਰ ਦੇ ਹਰ ਜੀਅ ਦੇ ਜਨਮ ਦਿਨ, ਵਿਆਹ ਜਾਂ ਕਿਸੇ ਵੀ ਹੋਰ ਮੌਕੇ 'ਤੇ ਇਕ-ਇਕ ਰੁੱਖ ਲਗਾਈਏ ਤਾਂ ਆਉਣ ਵਾਲੇ 20 ਵਰ੍ਹਿਆਂ ਵਿਚ ਸਾਡੀ ਦੁਨੀਆ ਦੀ ਸ਼ਕਲ ਬਦਲ ਜਾਵੇਗੀ। ਕਿੰਨਾ ਹੀ ਚੰਗਾ ਹੋਵੇ ਜੇ ਅਸੀਂ ਸਾਰੇ ਵੱਧ ਤੋਂ ਵੱਧ ਫਲਾਂ ਦੇ ਰੁੱਖ ਲਾਈਏ। ਤੁਸੀਂ ਦੇਖਿਆ ਕਿਸ ਤਰ੍ਹਾਂ ਇਕ ਚੰਗੀ ਗੱਲ ਦੀ ਕੜੀ ਦੂਜੀ ਚੰਗੀ ਗੱਲ ਨਾਲ ਜੁੜੀ ਹੁੰਦੀ ਹੈ। ਰੁੱਖ ਬੱਦਲ ਖਿੱਚਦੇ ਹਨ, ਉਸ ਨਾਲ ਮੀਂਹ ਵਰ੍ਹਦਾ ਹੈ, ਜਿਸ ਨਾਲ ਖੇਤੀ ਹੁੰਦੀ ਹੈ, ਨਹਿਰ, ਤਲਾਬ, ਟੋਏ ਭਰ ਜਾਂਦੇ ਹਨ, ਪਸ਼ੂ-ਪੰਛੀਆਂ ਨੂੰ ਵੀ ਫਾਇਦਾ ਹੁੰਦਾ ਹੈ, ਦਰਿਆਵਾਂ ਦੇ ਪਾਣੀ ਨਾਲ ਬਿਜਲੀ ਬਣਦੀ ਹੈ, ਜਿਸ ਨਾਲ ਮਿੱਲਾਂ, ਕਾਰਖਾਨੇ ਤੇ ਹਰ ਤਰ੍ਹਾਂ ਦੀਆਂ ਮਸ਼ੀਨਾਂ ਚਲਾਈਆਂ ਜਾਂਦੀਆਂ ਹਨ, ਜਿਸ ਨਾਲ ਪੈਸਾ ਕਮਾਇਆ ਜਾਂਦਾ ਹੈ। ਉਹ ਪੈਸਾ ਹੀ ਸਾਡੇ ਤੇ ਸਾਡੇ ਪਰਿਵਾਰ ਨੂੰ ਚਲਾਉਣ ਦਾ ਸਾਧਨ ਬਣਦਾ ਹੈ। ਇਹ ਤਾਂ ਸਿਰਫ ਇਕ ਉਦਾਹਰਨ ਹੈ। ਸਾਡੇ ਚਿੱਤ ਚੇਤੇ ਵੀ ਨਹੀਂ ਹੁੰਦਾ ਕਿ ਸਾਡੇ ਵੱਲੋਂ ਕੀਤਾ ਗਿਆ ਛੋਟਾ ਜਿਹਾ ਉਪਰਾਲਾ ਕਿਸ ਤਰ੍ਹਾਂ ਕਾਇਨਾਤ ਦੀ ਬਿਹਤਰੀ ਦਾ ਹਿੱਸਾ ਬਣਦਾ ਹੈ ਤੇ ਅਚਨਚੇਤ ਹੀ ਅਸੀਂ ਉਸ ਨੇਕ ਕੰਮ ਵਿਚ ਆਪਣੀ ਹਿੱਸੇਦਾਰੀ ਪਾ ਦਿੰਦੇ ਹਾਂ।-0-

-ਸ਼ਮਸ਼ੇਰ ਸਿੰਘ ਸੋਹੀ
sohishera786@gmail.com

# ਆਓ ਬੁੱਧ ਗ੍ਰਹਿ ਬਾਰੇ ਜਾਣੀਏ

ਪਿਆਰੇ ਬੱਚਿਓ, ਬੁੱਧ ਗ੍ਰਹਿ ਸਾਡੇ ਸੌਰ ਮੰਡਲ ਦਾ ਸਭ ਤੋਂ ਛੋਟਾ ਅਤੇ ਸੂਰਜ ਦੇ ਸਭ ਤੋਂ ਨੇੜੇ ਦਾ ਗ੍ਰਹਿ ਹੈ। ਇਸ ਗ੍ਰਹਿ ਦਾ ਅੰਗਰੇਜ਼ੀ ਨਾਂਅ 'ਮਰਕਰੀ' ਹੈ, ਜੋ ਕਿ ਰੋਮਨ ਡੇਟੀ ਮਰਕਰੀ ਦੇ ਨਾਂਅ 'ਤੇ ਰੱਖਿਆ ਗਿਆ ਹੈ। ਜਿਸ ਦਾ ਅਰਥ ਹੈ ਰੱਬ ਦਾ ਦੂਤ। ਬੁੱਧ ਗ੍ਰਹਿ ਦੀ ਸੂਰਜ ਤੋਂ ਦੂਰੀ ਕਰੀਬ 58 ਲੱਖ ਕਿਲੋਮੀਟਰ ਹੈ। ਇਸ ਗ੍ਰਹਿ 'ਤੇ ਇਕ ਦਿਨ ਧਰਤੀ ਦੇ 59 ਦਿਨਾਂ ਦੇ ਬਰਾਬਰ ਹੁੰਦਾ ਹੈ। ਇਸ ਦਾ ਕਾਰਨ ਬੁੱਧ ਗ੍ਰਹਿ ਦਾ ਆਪਣੀ ਧੁਰੀ 'ਤੇ ਬਹੁਤ ਹੌਲੀ ਘੁੰਮਣਾ ਹੈ। ਇਸ ਗ੍ਰਹਿ ਦਾ ਕੋਈ ਉਪਗ੍ਰਹਿ ਨਹੀਂ ਹੈ। ਸੂਰਜ ਦੁਆਲੇ ਇਹ ਇਕ ਚੱਕਰ 88 ਦਿਨਾਂ ਵਿਚ ਪੂਰਾ ਕਰਦਾ ਹੈ। ਜੇਕਰ ਅਸੀਂ ਬੁੱਧ ਗ੍ਰਹਿ ਤੋਂ ਸੂਰਜ ਨੂੰ ਦੇਖਦੇ ਹਾਂ ਤਾਂ ਇਹ ਧਰਤੀ ਨਾਲੋਂ ਤਿੰਨ ਗੁਣਾ ਵੱਡਾ ਦਿਸੇਗਾ। ਸੂਰਜ ਦੇ ਬਹੁਤ ਨਜ਼ਦੀਕ ਹੋਣ ਕਾਰਨ ਇਸ 'ਤੇ ਵਾਯੂਮੰਡਲ ਨਾਮਾਤਰ ਹੈ। ਇਸ ਗ੍ਰਹਿ 'ਤੇ ਮਨੁੱਖ ਦਾ ਰਹਿਣਾ ਕਦੇ ਸੰਭਵ ਨਹੀਂ ਹੋ ਸਕਦਾ। ਰਾਤ ਵੇਲੇ ਇਸ ਗ੍ਰਹਿ 'ਤੇ ਤਾਪਮਾਨ ਮਨਫ਼ੀ 180 ਡਿਗਰੀ ਤੇ ਦਿਨ ਵੇਲੇ 430 ਡਿਗਰੀ ਤੱਕ ਪਹੁੰਚ ਜਾਂਦਾ ਹੈ। ਜਿਸ ਕਾਰਨ ਇਸ ਗ੍ਰਹਿ 'ਤੇ ਕਿਸੇ ਵੀ ਪੁਲਾੜੀ ਜ਼ਹਾਜ ਨੂੰ ਭੇਜਣਾ ਵਿਗਿਆਨੀਆਂ ਲਈ ਇਕ ਵੱਡੀ ਚੁਣੌਤੀ ਰਿਹਾ ਹੈ। ਬੁੱਧ ਗ੍ਰਹਿ ਤੇ ਲਗਾਤਾਰ ਸੌਰ ਵਿਕਿਰਣ ਅਤੇ ਸੌਰ ਪਵਨ ਦੀ ਵਰਖਾ ਹੁੰਦੀ ਰਹਿੰਦੀ ਹੈ। ਇਸ ਦਾ ਭਾਰ ਧਰਤੀ ਦੀ ਤੁਲਨਾ 'ਚ ਮਾਤਰ 5.5 ਫ਼ੀਸਦੀ ਹੈ। ਸੂਰਜ ਛੁਪਣ ਤੋਂ ਬਾਅਦ ਅਤੇ ਚੜ੍ਹਨ ਤੋਂ ਪਹਿਲਾਂ ਅਸੀਂ ਇਸ ਨੂੰ ਆਕਾਸ਼ ਵਿਚ ਚਮਕਦੇ ਤਾਰੇ ਦੀ ਤਰ੍ਹਾਂ ਦੇਖ ਸਕਦੇ ਹਾਂ। ਹੁਣ ਤੱਕ ਅਮਰੀਕੀ ਪੁਲਾੜ ਏਜੰਸੀ ਨਾਸਾ ਦੁਆਰਾ ਦੋ ਰੋਬੋਟਿਕ ਮਿਸ਼ਨ ਬੁੱਧ ਗ੍ਰਹਿ ਲਈ ਭੇਜੇ ਜਾ ਚੁੱਕੇ ਹਨ। ਪਹਿਲਾ ਮਿਸ਼ਨ ਮੈਰੀਨਰ-10 ਸੰਨ 1973 ਵਿਚ ਭੇਜਿਆ ਗਿਆ ਸੀ। ਇਸ ਤੋਂ ਬਾਅਦ ਮੈਸੇਂਜਰ ਜਹਾਜ਼ ਨੇ ਇਸ ਦੇ ਧੁਰੇ ਦਾ ਚੱਕਰ ਲਗਾਇਆ ਸੀ ਤੇ ਸਾਨੂੰ ਇਸ ਗ੍ਰਹਿ ਬਾਰੇ ਬਹੁਤ ਮਹੱਤਵਪੂਰਨ ਜਾਣਕਾਰੀ ਦਿੱਤੀ ਸੀ। ਕਿਉਂਕਿ ਬੁੱਧ ਗ੍ਰਹਿ ਦੀਆਂ ਭੂਗੋਲਿਕ ਪ੍ਰਤੀਕਿਰਿਆਵਾਂ ਅਰਬਾਂ ਸਾਲ ਪਹਿਲਾਂ ਰੁਕ ਗਈਆਂ ਸਨ, ਇਸ ਲਈ ਅੱਜ ਵੀ ਇਸ ਦੇ ਤਲ 'ਤੇ ਪੁਰਾਤਨ ਉਲਕਾ ਪਿੰਡਾਂ ਦੇ ਟਕਰਾਉਣ ਨਾਲ ਹੋਈ ਤਬਾਹੀ ਦੇ ਸਬੂਤ ਦੇਖੇ ਜਾ ਸਕਦੇ ਹਾਂ। ਇਨ੍ਹੀਂ ਦਿਨੀਂ ਇਕ ਧੂਮਕੇਤੂ ਦੀ ਪੂਛ ਵਾਂਗ ਬੁੱਧ ਗ੍ਰਹਿ ਦੀ ਵੀ ਹਲਕੇ ਨਾਰੰਗੀ ਤੇ ਪੀਲੇ ਰੰਗ ਦੀ ਲੰਬੀ ਪੂਛ ਦਿਖਾਈ ਦੇ ਰਹੀ ਹੈ। 20 ਅਕਤੂਬਰ, 2018 'ਚ ਬੁੱਧ ਗ੍ਰਹਿ ਬਾਰੇ ਨਵੀਂ ਜਾਣਕਾਰੀ ਇਕੱਤਰ ਕਰਨ ਲਈ ਯੂਰਪੀ ਪੁਲਾੜ ਏਜੰਸੀ ਤੇ ਜਾਪਾਨ ਏਅਰੋਸਪੇਸ ਐਕਸਪਲੋਰੇਸ਼ਨ ਏਜੰਸੀ ਦੀ ਸਾਂਝੀ ਮੁਹਿੰਮ 'ਬੇਪੀਕੋਲੰਬੋ ਮਿਸ਼ਨ' ਤੋਂ ਵਿਗਿਆਨੀਆਂ ਨੂੰ ਬਹੁਤ ਵੱਡੀਆਂ ਉਮੀਦਾਂ ਹਨ, ਜੋ 2025 'ਚ ਆਪਣਾ ਅਸਲੀ ਕੰਮ ਸ਼ੁਰੂ ਕਰੇਗਾ। ਅੱਜ ਤੋਂ ਗਿਆਰਾਂ ਸਾਲਾਂ ਬਾਅਦ 13 ਨਵੰਬਰ, 2032 ਨੂੰ ਮਰਕਰੀ ਟ੍ਰਾਂਜਿਟ ਹੋਵੇਗਾ ਜੋ ਕਿ ਇਕ ਬਹੁਤ ਹੀ ਰੌਚਕ ਘਟਨਾ ਹੋਵੇਗੀ।

-0-

# ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਜੋੜਣ ਦੀ ਲੋੜ



**-ਹਰਕੀਰਤ ਕੌਰ 97791-18066**

ਅਸੀਂ ਬਹੁਤ ਭਾਗਾਂ ਵਾਲੇ ਹਾਂ ਕਿ ਸਾਡੇ ਕੋਲ ਸਿੱਖ ਇਤਿਹਾਸ ਵਰਗਾ ਮਹਾਨ ਇਤਿਹਾਸ ਅਤੇ ਗੁਰੂ ਗ੍ਰੰਥ ਸਾਹਿਬ ਜੀ ਵਰਗੇ ਗੁਰੂ ਹਨ। ਜਿਨ੍ਹਾਂ ਤੋਂ ਸੇਧ ਲੈ ਕੇ ਅਸੀਂ ਇਕ ਬਹੁਤ ਹੀ ਸ਼ਾਂਤੀ ਭਰਪੂਰ ਜੀਵਨ ਬਿਤਾ ਸਕਦੇ ਹਾਂ। ਪਰ ਸਮੇਂ ਦੀ ਖੇਡ ਵੇਖੋ, ਜਿਨ੍ਹਾਂ ਬੱਚਿਆਂ ਨੂੰ ਸਿੱਖ ਇਤਿਹਾਸ ਨਾਲ ਜੋੜਨਾ ਸੀ, ਜਿਸ ਬਚਪਨ ਨੂੰ ਗੁਰਬਾਣੀ ਨਾਲ ਜੋੜਨਾ ਸੀ, ਉਸ ਨੂੰ ਅੱਜ ਮਾਪੇ ਭਾਂਤ-ਭਾਂਤ ਦੇ ਬੇਲੋੜੇ ਅਰਥਾਂ ਵਾਲੇ ਗੀਤਾਂ ਨਾਲ ਜੋੜ ਰਹੇ ਹਨ। ਟਿਕਟਾਕ, ਇੰਸਟਾਗ੍ਰਾਮ ਉੱਪਰ ਛੋਟੇ ਬੱਚਿਆਂ ਨੂੰ ਜਦੋਂ ਨੱਚਦੇ ਤੇ ਹਰ ਗਾਣੇ ਦੇ ਬੋਲ ਮੂੰਹ ਜ਼ਬਾਨੀ ਯਾਦ ਦੇਖਦੀ ਹਾਂ ਤਾਂ ਸੋਚਦੀ ਹਾਂ ਕਿ ਕਿੰਨਾ ਚੰਗਾ ਹੁੰਦਾ ਜੇ ਜਪੁਜੀ ਸਾਹਿਬ ਦੀ ਗੁਰਬਾਣੀ ਵੀ ਐਦਾਂ ਹੀ ਯਾਦ ਹੁੰਦੀ। ਬਹੁਤ ਘੱਟ ਪਰਿਵਾਰ ਨੇ ਜਿਨ੍ਹਾਂ ਵਿਚ ਬੱਚਿਆਂ ਨੂੰ ਸਿੱਖ ਇਤਿਹਾਸ ਤੇ ਗੁਰਬਾਣੀ ਦੀ ਸਿੱਖਿਆ ਦਿੱਤੀ ਜਾਂਦੀ ਹੈ। ਆਪਣੀ ਜੜ੍ਹ ਨਾਲੋਂ ਜੁਦਾ ਹੋਏ ਫਲ, ਫੁੱਲ, ਪੱਤੇ ਹਮੇਸ਼ਾ ਹਰੇ ਨਹੀਂ ਰਹਿੰਦੇ, ਉਨ੍ਹਾਂ ਦੇ ਜੜ੍ਹ ਤੋਂ ਅਲੱਗ ਹੋਣ ਦੀ ਦੇਰ ਨਹੀਂ ਕਿ ਉਹ ਮੁਰਝਾ ਜਾਂਦੇ ਨੇ। ਬਿਲਕੁਲ ਇਸੇ ਤਰ੍ਹਾਂ ਸਾਡਾ ਮੂਲ ਸਾਡਾ ਇਤਿਹਾਸ ਹੈ ਗੁਰਬਾਣੀ ਹੈ, ਜੇਕਰ ਅਸੀਂ ਮੂਲ ਨਾਲੋਂ ਟੁੱਟ ਗਏ ਤਾਂ ਸਾਡਾ ਬਿਖਰਨਾ ਸੁਭਾਵਿਕ ਹੈ। ਅਸੀਂ ਬਹੁਤ ਹੀ ਵਡਮੁੱਲੇ ਇਤਹਾਸ ਦੇ ਵਾਰਿਸ ਹਾਂ, ਇਸ ਇਤਿਹਾਸ ਦੀ ਸ਼ਾਨ ਨੂੰ ਬਣਾਈ ਰੱਖਣਾ ਸਾਡਾ ਫ਼ਰਜ਼ ਹੈ, ਜ਼ਿੰਮੇਵਾਰੀ ਹੈ। ਜੇ ਬੱਚਿਆਂ ਨੂੰ ਬਚਪਨ ਤੋਂ ਹੀ ਨਚਾਰ ਬਣਾਉਣਾ ਸ਼ੁਰੂ ਕਰ ਦਿੱਤਾ ਤਾਂ ਭਵਿੱਖ ਵਿਚ ਇਸ ਦੇ ਨਤੀਜੇ ਕੁਝ ਜ਼ਿਆਦਾ ਸਾਰਥਿਕ ਨਹੀਂ ਹੋਣਗੇ, ਫੋਕੀ ਸ਼ੁਹਰਤ, ਨਾਂਅ, ਪੈਸਾ ਸਭ ਮਿਲ ਸਕਦਾ ਹੈ ਪਰ ਆਪਣੇ ਸਮਾਜ ਨੂੰ ਸਹੀ ਸੇਧ ਦੇਣ ਵਾਲੇ ਜ਼ਿੰਮੇਵਾਰ ਨਾਗਰਿਕ ਨਹੀਂ। ਇਸ ਲਈ ਸਕੂਲਾਂ, ਕਾਲਜਾਂ ਵਿਚ ਵੀ ਬਹੁਤ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਸਕਦੇ ਹਨ। ਸਮੇਂ-ਸਮੇਂ 'ਤੇ ਧਾਰਮਿਕ ਮੁਕਾਬਲੇ ਕਰਾ ਕੇ ਗੁਰਬਾਣੀ ਕੰਠ ਵਰਗੀਆਂ ਬਹੁਤ ਸਾਰੀਆਂ ਨਵੀਆਂ ਲਹਿਰਾਂ ਚਲਾ ਕੇ ਬੱਚਿਆਂ ਨੂੰ ਸਿੱਖ ਧਰਮ ਵੱਲ ਮੋੜਿਆ ਜਾ ਸਕਦਾ ਹੈ। ਮਾਪੇ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਇਸ ਗੱਲ ਨੂੰ ਗੰਭੀਰਤਾ ਨਾਲ ਸੋਚਣ। ਚੰਦ ਲਾਈਕਸ ਦੇ ਕਰਕੇ ਆਪਣੇ ਬੱਚਿਆਂ ਦੀ ਸ਼ਖ਼ਸੀਅਤ ਨਾ ਬਦਲੋ, ਉਨ੍ਹਾਂ ਨੂੰ ਜ਼ਿੰਦਗੀ ਦੇ ਅਸਲ ਅਰਥ ਦੱਸਣ ਲਈ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਮਾਣਮੱਤੇ ਇਤਿਹਾਸ ਤੋਂ ਜਾਣੂ ਕਰਵਾਇਆ ਜਾਵੇ ਅਤੇ ਗੁਰਬਾਣੀ ਨਾਲ ਜੋੜਿਆ ਜਾਵੇ। -0-

# ਮੈਡੀਕਲ ਆਕਸੀਜਨ

**-ਗਗਨਦੀਪ ਕੌਰ ਮੁਕਤਸਰ**

ਪਿਆਰੇ ਬੱਚਿਓ, ਤੁਸੀਂ ਜਾਣਦੇ ਹੋਵੋਗੇ ਕਿ ਆਕਸੀਜਨ ਧਰਤੀ 'ਤੇ ਮਿਲਣ ਵਾਲੇ ਸਾਰੇ ਤੱਤਾਂ ਵਿਚੋਂ ਜੀਵਨ ਲਈ ਸਭ ਤੋਂ ਵਧੇਰੇ ਜ਼ਰੂਰੀ ਤੱਤ ਹੈ। ਮੈਡੀਕਲ ਆਕਸੀਜਨ ਦੀ ਕਿੱਲਤ ਹੋ ਗਈ ਹੈ। ਮੈਡੀਕਲ ਆਕਸੀਜਨ ਤੋਂ ਭਾਵ ਉਸ ਆਕਸੀਜਨ ਤੋਂ ਹੈ ਜੋ ਉੱਚ ਪੱਧਰ 'ਤੇ ਸ਼ੁੱਧ ਕੀਤੀ ਗਈ ਹੋਵੇ ਅਤੇ ਮਨੁੱਖੀ ਸਰੀਰ ਦੀ ਜ਼ਰੂਰਤ ਲਈ ਤਿਆਰ ਕੀਤੀ ਗਈ ਹੋਵੇ। ਇਸ ਦੀ ਵਰਤੋਂ ਮਨੁੱਖੀ ਸਰੀਰ ਵਿਚ ਆਕਸੀਜਨ ਸਿਲੰਡਰਾਂ ਰਾਹੀਂ ਕੀਤੀ ਜਾਂਦੀ ਹੈ।

ਕੁਦਰਤੀ ਤੌਰ 'ਤੇ ਹਵਾ ਵਿਚ ਆਕਸੀਜਨ ਸਾਰੇ ਕਿਸਮ ਦੇ ਪੌਦਿਆਂ ਦੁਆਰਾ ਪ੍ਰਕਾਸ਼ ਸੰਲੇਸ਼ਨ ਪ੍ਰਕਿਰਿਆ ਰਾਹੀਂ ਪੈਦਾ ਕਰਕੇ ਪਹੁੰਚਾਈ ਜਾਂਦੀ ਹੈ। ਇਸੇ ਤਰ੍ਹਾਂ ਮੈਡੀਕਲ ਆਕਸੀਜਨ ਨੂੰ ਹਵਾ ਵਿਚੋਂ ਨਿਖੇੜ ਕੇ ਫੈਕਟਰੀ ਵਿਚ ਤਿਆਰ ਕੀਤਾ ਜਾਂਦਾ ਹੈ। ਇਹ ਕਾਰਵਾਈ ਏਅਰ ਸੈਪੇਰੇਸ਼ਨ ਯੂਨਿਟ ਨਾਂਅ ਦੇ ਪਲਾਂਟ ਵਿਚ ਨੇਪਰੇ ਚੜ੍ਹਦੀ ਹੈ। ਇਸ ਪਲਾਂਟ ਵਿਚ ਹਵਾ ਦਾ ਅੰਸ਼ਿਕ ਕਸੀਦਣ ਕੀਤਾ ਜਾਂਦਾ ਹੈ। ਅੰਸ਼ਿਕ ਕਸੀਦਣ ਦੇ ਪਹਿਲੇ ਪੜਾਅ 'ਤੇ ਹਵਾ ਵਿਚੋਂ ਸਾਰੀਆਂ ਅਸ਼ੁੱਧੀਆਂ ਜਿਵੇਂ ਕਾਰਬਨ ਡਾਈਆਕਸਾਈਡ, ਪਾਣੀ, ਧੂਲ ਮਿੱਟੀ ਦੇ ਕਣ ਅਤੇ ਦੂਜੀਆਂ ਗੈਸਾਂ ਨੂੰ ਫਿਲਟਰ ਕਰਕੇ ਵੱਖ ਕੀਤਾ ਜਾਂਦਾ ਹੈ। ਅਗਲੇ ਪੜਾਅ 'ਤੇ ਸਾਫ਼ ਹਵਾ ਨੂੰ ਠੰਢਾ ਕਰਕੇ ਦ੍ਰਵਿਤ ਅਵਸਥਾ ਵਿਚ ਲਿਆਂਦਾ ਜਾਂਦਾ ਹੈ। ਆਕਸੀਜਨ ਗੈਸ 183 ਡਿਗਰੀ ਸੈਲਸੀਅਸ ਤਾਪਮਾਨ 'ਤੇ ਦ੍ਰਵਿਤ ਹੋ ਜਾਂਦੀ ਹੈ ਪਰ ਹਵਾ ਵਿਚ ਮੌਜੂਦ ਆਰਗਨ ਗੈਸ ਜਿਸ ਦਾ ਦ੍ਰਵ ਮਾਨ -186 ਡਿਗਰੀ ਸੈਲਸੀਅਸ ਹੁੰਦਾ ਹੈ, ਵੀ ਕੁਝ ਮਾਤਰਾ ਵਿਚ ਇਸ ਦੇ ਨਾਲ ਹੀ ਦ੍ਰਵਿਤ ਹੋ ਜਾਂਦੀ ਹੈ। ਤੀਜੇ ਪੜਾਅ 'ਤੇ ਇਸ ਮਿਸ਼ਰਣ ਨੂੰ ਘੱਟ ਦਬਾਉਣ ਵਾਲੇ ਡਿਸਟੀਲੇਸ਼ਨ ਕਾਲਮ ਵਿਚ ਫਿਲਟਰ ਕਰਕੇ ਆਕਸੀਜਨ ਨੂੰ ਨਿਖੇੜ ਲਿਆ ਜਾਂਦਾ ਹੈ। ਇਸ ਦ੍ਰਵਿਤ ਆਕਸੀਜਨ ਨੂੰ ਕ੍ਰਾਇਓਜੈਨਿਕ ਕੰਟੇਨਰਾਂ ਵਿਚ ਭਰ ਕੇ ਰੱਖਿਆ ਜਾਂਦਾ ਹੈ ਅਤੇ ਲੋੜ ਮੁਤਾਬਿਕ ਜ਼ਰੂਰਤ ਦੀਆਂ ਥਾਵਾਂ 'ਤੇ ਭੇਜਿਆ ਜਾਂਦਾ ਹੈ। ਕ੍ਰਾਇਓਜੈਨਿਕ ਕੰਟੇਨਰਾਂ ਤੋਂ ਭਾਵ ਉਨ੍ਹਾਂ ਵੱਡੇ ਤਾਪਰੋਧੀ ਸਿਲੰਡਰਾਂ ਤੋਂ ਹੈ ਜਿਨ੍ਹਾਂ ਵਿਚ ਗੈਸਾਂ ਨੂੰ ਵੱਡੀ ਮਾਤਰਾ ਵਿਚ ਬਹੁਤ ਘੱਟ ਤਾਪਮਾਨ 'ਤੇ ਤਰਲ ਅਵਸਥਾ ਵਿਚ ਭਰਿਆ ਜਾਂਦਾ ਹੈ। ਕੋਰੋਨਾ ਮਹਾਂਮਾਰੀ ਕਾਰਨ ਮੈਡੀਕਲ ਆਕਸੀਜਨ ਦੀ ਵਧੀ ਹੋਈ ਮੰਗ ਦੀ ਪੂਰਤੀ ਲਈ ਭਾਰਤੀ ਰੇਲਵੇ ਵਲੋਂ ਕ੍ਰਾਇਓਜੈਨਿਕ ਕੰਟੇਨਰਾਂ ਦੀ ਇਧਰ-ਉਧਰ ਢੋਆ-ਢੁਆਈ ਲਈ ਆਕਸੀਜਨ ਐਕਸਪ੍ਰੈੱਸ ਰੇਲ ਗੱਡੀਆਂ ਵੀ ਚਲਾਈਆਂ ਜਾ ਰਹੀਆਂ ਹਨ। ਕਈ ਮਿੱਤਰ ਦੇਸ਼ਾਂ ਵਲੋਂ ਹਵਾਈ ਮਾਰਗ ਰਾਹੀਂ ਵੀ ਭਾਰਤ ਵਿਚ ਮੈਡੀਕਲ ਆਕਸੀਜਨ ਭੇਜੀ ਜਾ ਰਹੀ ਹੈ। -0-

# ਵਿਗਿਆਨ ਪਹੇਲੀ

**ਧਰਮਿੰਦਰ ਸ਼ਾਹਿਦ ਖੰਨਾ**
**99144-00151**

1. ਸਭ ਤੋਂ ਪਹਿਲਾਂ ਸਿਫਰ (ਜ਼ੀਰੋ) ਦੀ ਵਰਤੋਂ ਕਿਹੜੇ ਦੇਸ਼ ਨੇ ਕੀਤੀ?
2. ਪੁਲਾੜ ਵਿਚ ਜਾਣ ਵਾਲੇ ਪਹਿਲੇ ਭਾਰਤੀ ਦਾ ਨਾਂਅ ਦੱਸੋ ।
3. ਭਾਰਤ ਦੇ ਕਿਸ ਪ੍ਰਾਂਤ ਵਿਚ ਸਭ ਤੋਂ ਜ਼ਿਆਦਾ ਗੰਨਾ ਪੈਦਾ ਹੁੰਦਾ ਹੈ?
4. ਭਾਰਤ ਦੇ ਕਿਹੜੇ ਰਾਜ ਵਿਚ ਸਭ ਤੋਂ ਜ਼ਿਆਦਾ ਕੋਲਾ ਹੁੰਦਾ ਹੈ?
5. ਟੈਲੀਵਿਜ਼ਨ ਦੀ ਕਾਢ ਕਿਸ ਨੇ ਕੱਢੀ ਸੀ?
6. ਮਨੁੱਖੀ ਦਿਮਾਗ ਦਾ ਔਸਤ ਭਾਰ ਕਿੰਨਾ ਹੁੰਦਾ ਹੈ?
7. ਰਿਕੇਟਸ ਨਾਮਕ ਰੋਗ ਕਿਸ ਵਿਟਾਮਿਨ ਦੀ ਕਮੀ ਕਾਰਨ ਹੁੰਦਾ ਹੈ?
8. ਸ਼ਹਿਦ ਵਿਚ ਮੁੱਖ ਤੌਰ 'ਤੇ ਕਿਹੜੀ ਖੰਡ ਹੁੰਦੀ ਹੈ?
9. ਦੁੱਧ ਦੀ ਘਣਤਾ ਮਾਪਣ ਵਾਲੇ ਯੰਤਰ ਦਾ ਨਾਂਅ ਦੱਸੋ।
10. ਖ਼ੂਨ ਦੇ ਜੰਮਣ ਵਿਚ ਕਿਹੜਾ ਵਿਟਾਮਿਨ ਮਦਦ ਕਰਦਾ ਹੈ?

ਉੱਤਰ : (1) ਭਾਰਤ ਨੇ, (2) ਸ੍ਰੀ ਰਾਕੇਸ਼ ਸ਼ਰਮਾ, (3) ਉੱਤਰ ਪ੍ਰਦੇਸ਼ ਵਿਚ, (4) ਬਿਹਾਰ ਵਿਚ, (5) ਜੇ. ਐੱਲ. ਬੇਅਰਡ, (6) 1300 ਗ੍ਰਾਮ, (7) ਵਿਟਾਮਿਨ 'ਡੀ', (8) ਸੁਕਰੋਜ਼, (9) ਲੈਕਟੋਮੀਟਰ, (10) ਵਿਟਾਮਿਨ 'ਕੇ'

**ਬਾਲ ਗੀਤ:**

# ਵਰਖਾ ਆਈ

**-ਮੁਖ਼ਤਾਰ ਸਿੰਘ ਗਿੱਲ 94647-80299**

ਵਰਖਾ ਆਈ, ਵਰਖਾ ਆਈ।
ਖ਼ੁਸ਼ੀਆਂ ਖੇੜੇ ਨਾਲ ਲਿਆਈ।
ਫੁੱਲ ਬੂਟੇ ਵੀ ਟਹਿਕਣ ਲੱਗੇ।
ਬਾਗ ਬਗੀਚੇ ਮਹਿਕਣ ਲੱਗੇ।
ਆਈਆਂ ਜਦੋਂ ਫੁਹਾਰਾਂ ਅਰਸ਼ੋਂ,
ਤਪਦੀ ਧਰਤ ਨੇ ਖ਼ੁਸ਼ੀ ਮਨਾਈ-
ਵਰਖਾ ਆਈ...।
ਪੌਣ ਪੁਰੇ ਦੀ ਠੰਢੀ ਵਗਦੀ।
ਬਹੁਤ ਸੁਹਾਵੀ ਸੋਹਣੀ ਲੱਗਦੀ।
ਤਪਦੇ ਹਿਰਦੇ ਸ਼ਾਂਤ ਹੋ ਗਏ,
ਕੁਦਰਤ ਐਸੀ ਬਣਤ ਬਣਾਈ-
ਵਰਖਾ ਆਈ...।
ਫਸਲਾਂ ਹਰੀਆਂ ਹਰੀਆਂ ਲੱਗਣ।
ਕਾਲੇ ਬੱਦਲ ਮਨ ਨੂੰ ਠੱਗਣ।
ਮੋਰ ਪਪੀਹੇ ਰਾਗ ਛੇੜਦੇ,
ਵੇਖ ਘੋਰ ਘਟਾ ਜਦ ਛਾਈ-
ਵਰਖਾ ਆਈ...।
ਆਓ ਸਾਰੇ ਮਤਾ ਪਕਾਈਏ।
ਇਕ ਇਕ ਸਾਰੇ ਰੁੱਖ ਲਗਾਈਏ।
ਹਰੀ ਭਰੀ ਜਦ ਹੋਈ ਧਰਤੀ,
ਬਾਰਿਸ਼ ਦੀ ਦੇਵੀ ਮੁਸਕਰਾਈ।
ਵਰਖਾ ਆਈ ਵਰਖਾ ਆਈ।
ਖ਼ੁਸ਼ੀਆਂ ਖੇੜੇ ਨਾਲ ਲਿਆਈ।
-0-



# ਕਿਵੇਂ ਲੁੱਟ ਰਹੀਆਂ ਹਨ ਵੱਡੀਆਂ ਕੰਪਨੀਆਂ ਜਨਤਾ ਨੂੰ?

**| ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ) # ਪੰਡੋਰੀ ਸਿੱਧਵਾਂ 9501100062 |**

ਅੱਜ ਕਲ੍ਹ ਘਰੇਲੂ ਉਤਪਾਦ ਬਣਾਉਣ ਵਾਲੀਆਂ ਕੰਪਨੀਆਂ ਵੱਲੋਂ ਗਾਹਕਾਂ ਨੂੰ ਲੁੱਟਣ ਲਈ ਕੁਝ ਅਜਿਹੇ ਨਿਵੇਕਲੇ ਢੰਗ ਵਰਤੇ ਜਾ ਰਹੇ ਹਨ ਕਿ ਖਰੀਦਦਾਰ ਨੂੰ ਪਤਾ ਵੀ ਨਹੀਂ ਲੱਗਦਾ ਕਿ ਉਸ ਦੀ ਜ਼ੇਬ ਕੱਟੀ ਜਾ ਚੁੱਕੀ ਹੈ। ਆਨਲਾਈਨ ਸ਼ਾਪਿੰਗ ਐਪਾਂ ਨੇ ਤਾਂ ਇਸ ਧੰਦੇ ਨੂੰ ਸਿਰੇ ਲਗਾ ਦਿੱਤਾ ਹੈ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਐਂਡਰਾਇਡ ਮੋਬਾਇਲ ਫੋਨ (ਸੈਮਸੰਗ ਆਦਿ) ਤੋਂ ਕਿਸੇ ਸਮਾਨ ਦਾ ਮੁੱਲ ਚੈੱਕ ਕੀਤਾ ਜਾਵੇ ਤਾਂ ਉਹ ਆਈ.ਉ.ਐਸ. ਸਾਫਟਵੇਅਰ ਵਰਤਣ ਵਾਲੇ ਫੋਨ (ਐਪਲ) ਤੋਂ ਕਿਤੇ ਘੱਟ ਹੁੰਦਾ ਹੈ। ਸ਼ਾਇਦ ਇਹ ਕੰਪਨੀਆਂ ਸੋਚਦੀਆਂ ਹਨ ਕਿ ਸਸਤੇ ਚੀਨੀ ਫੋਨ ਵਾਲੇ ਐਪਲ ਫੋਨ ਵਾਲਿਆਂ ਤੋਂ ਗਰੀਬ ਹੁੰਦੇ ਹਨ। ਜਨਵਰੀ 2025 ਵਿੱਚ ਆਨਲਾਈਨ ਸ਼ਾਪਿੰਗ ਕੰਪਨੀ ਜ਼ੈਪਟੋ 'ਤੇ ਐਂਡਰਾਇਡ ਵਾਲਿਆਂ ਵਾਸਤੇ ਪਿਆਜ਼ ਦਾ ਰੇਟ 43 ਰੁਪਏ ਕਿੱਲੋ ਸੀ ਤੇ ਐਪਲ ਵਾਲਿਆਂ ਵਾਸਤੇ 57 ਰੁਪਏ ਕਿੱਲੋ, ਐਪਲ ਵਾਲਿਆਂ ਵਾਸਤੇ 500 ਗ੍ਰਾਮ ਅੰਗੂਰ 146 ਰੁਪਏ ਦੇ ਤੇ ਐਂਡਰਾਇਡ ਵਾਸਤੇ ਸਿਰਫ 65 ਰੁਪਏ ਸੀ।

ਦੂਸਰਾ ਧੋਖਾ ਇਹ ਦਿੱਤਾ ਜਾ ਰਿਹਾ ਹੈ ਕਿ ਸਮਾਨ ਦਾ ਰੇਟ ਨਹੀਂ ਵਧਾਇਆ ਜਾ ਰਿਹਾ ਬਲਕਿ ਮਿਕਦਾਰ ਘੱਟ ਕੀਤੀ ਜਾ ਰਹੀ ਹੈ। ਮੈਗੀ ਨੂਡਲਜ਼ ਦੇ ਪੈਕਟ ਦਾ ਵਜ਼ਨ 80 ਗ੍ਰਾਮ ਤੋਂ ਘਟ ਕੇ 55 ਗ੍ਰਾਮ ਹੋ ਗਿਆ ਹੈ ਪਰ ਰੇਟ ਪੁਰਾਣਾ ਹੀ ਹੈ। ਲੇਜ਼ ਦੇ ਪੈਕਟ ਵਿੱਚ ਚਿੱਪਸ ਗਿਣਤੀ ਦੇ ਹੀ ਹੁੰਦੇ ਹਨ ਬਾਕੀ ਸਿਰਫ ਹਵਾ ਵੇਚੀ ਜਾ ਰਹੀ ਹੈ। ਇਸੇ ਤਰਾਂ ਭਾਂਡੇ ਧੋਣ ਵਾਲੀ ਵਿੰਮ ਬਾਰ, ਹਲਦੀ ਰਾਮ, ਮੈਕਡੋਨਾਲਡ, ਕੇ.ਐਫ.ਸੀ. ਅਤੇ ਵਾਲਮਾਰਟ ਆਦਿ ਵੀ ਕਰ ਰਹੇ ਹਨ। 20 ਰੁਪਏ ਵਿੱਚ ਮਿਲਣ ਵਾਲੀ ਬੋਤਲ ਵਿੱਚ ਕੋਕ ਦੀ ਮਾਤਰਾ 250 ਮਿ.ਲੀ. ਤੋਂ ਘਟਾ ਕੇ 200 ਮਿ.ਲੀ. ਕਰ ਦਿੱਤੀ ਗਈ ਹੈ। ਇਥੋਂ ਤੱਕ ਕਿ ਟਾਇਲਟ ਪੇਪਰ ਦੀ ਲੰਬਾਈ ਵੀ ਚੁੱਪ ਚੁਪੀਤੇ 25% ਦੇ ਕਰੀਬ ਘਟਾ ਦਿੱਤੀ ਗਈ ਹੈ। ਕੁਝ ਸਾਲ ਪਹਿਲਾਂ ਪਾਰਲੇ ਜੀ ਦੇ 10 ਰੁਪਏ ਵਾਲੇ ਪੈਕਟ ਦਾ ਵਜ਼ਨ 140 ਗ੍ਰਾਮ ਸੀ ਜੋ ਹੁਣ ਘਟ ਕੇ 110 ਗ੍ਰਾਮ ਰਹਿ ਗਿਆ ਹੈ। ਇਸ ਤੋਂ ਇਲਾਵਾ ਕੰਪਨੀਆਂ ਜਾਣ ਬੁੱਝ ਕੇ ਅਜਿਹੇ ਪ੍ਰੋਡਕਟ ਤਿਆਰ ਕਰਦੀਆਂ ਹਨ ਜੋ ਜਲਦੀ ਖਰਾਬ ਹੋ ਜਾਣ ਤਾਂ ਜੋ ਗਾਹਕ ਨੂੰ ਦੁਬਾਰਾ ਪੈਸਾ ਖਰਚਣਾ ਪਵੇ, ਹਾਲਾਂ ਕਿ ਉਨ੍ਹਾਂ ਕੋਲ ਵਧੀਆ ਸਮਾਨ ਤਿਆਰ ਕਰਨ ਦੀਆਂ ਅੱਤ ਆਧੁਨਿਕ ਤਕਨੀਕਾਂ ਮੌਜੂਦ ਹਨ। ਐਪਲ ਅਤੇ ਸੈਮਸੰਗ ਆਦਿ ਵਰਗੀਆਂ ਮੋਬਾਇਲ ਕੰਪਨੀਆਂ ਦੋ ਚਾਰ ਸਾਲਾਂ ਬਾਅਦ ਜਾਣ ਬੁੱਝ ਕੇ ਗਾਹਕਾਂ ਦੇ ਫੋਨਾਂ ਨੂੰ ਧੀਮਾ ਕਰ ਦਿੰਦੀਆਂ ਹਨ। ਇਹ ਗਾਹਕ ਨੂੰ ਦੱਸੇ ਬਗੈਰ ਅਜਿਹੇ ਸਾਫਟਵੇਅਰ ਅੱਪਡੇਟ ਭੇਜ ਦਿੰਦੀਆਂ ਹਨ ਜਿਨ੍ਹਾਂ ਨੂੰ ਡਾਊਨਲੋਡ ਕਰਨ ਉਪਰੰਤ ਫੋਨ ਧੀਮਾ ਹੋ ਜਾਂਦਾ ਹੈ। ਆਮ ਲੋਕਾਂ ਨੂੰ ਸ਼ਾਇਦ ਇਹ ਪਤਾ ਨਹੀਂ ਹੈ ਕਿ ਆਈਕੂ, ਰੀਅਲਮੀ, ਉਪੋ, ਵੀਵੋ ਅਤੇ ਵੰਨ ਪਲੱਸ ਬਰਾਂਡ ਦੇ ਮੋਬਾਇਲ ਫੋਨਾਂ ਦਾ ਨਿਰਮਾਣ ਚੀਨ ਦੀ ਇੱਕ ਹੀ ਕੰਪਨੀ ਬੀ.ਬੀ.ਕੇ ਇਲੈਕਟਰੋਨਿਕਸ ਦੁਆਰਾ ਕੀਤਾ ਜਾਂਦਾ ਹੈ। ਉਹ ਵੀ ਧੜੱਲੇ ਨਾਲ ਇਹ ਕੰਮ ਕਰ ਰਹੀ ਹੈ।

ਵਿਸ਼ਵ ਭਰ ਤੋਂ ਅਜਿਹੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ ਕਿ ਜੇ ਦੇਰ ਰਾਤ ਕਿਸੇ ਸੁੰਨਸਾਨ ਜਗ੍ਹਾਂ ਤੋਂ ਊਬਰ ਦੀ ਟੈਕਸੀ ਲੈਣ ਵਾਸਤੇ ਅਜਿਹੇ ਫੋਨ ਤੋਂ ਕਾਲ ਕੀਤੀ ਜਾਵੇ ਜਿਸ ਦੀ ਸਿਰਫ ਬੈਟਰੀ ਖਤਮ ਹੋਣ ਵਾਲੀ ਹੋਵੇ ਤਾਂ ਉਸ ਕੋਲੋਂ ਦੂਣੇ ਤੋਂ ਵੱਧ ਕਿਰਾਇਆ ਵਸੂਲਿਆ ਜਾਂਦਾ ਹੈ। ਕੰਪਨੀ ਦੇ ਸਰਵਰਾਂ ਵਿੱਚ ਅਜਿਹੀ ਤਕਨੀਕ ਲੋਡ ਕੀਤੀ ਗਈ ਹੈ ਜੋ ਉਸ ਵਿਅਕਤੀ ਦੀ ਮਜ਼ਬੂਰੀ ਸਮਝ ਜਾਂਦੇ ਹਨ ਕਿ ਇਸ ਕੋਲ ਜਲਦੀ ਟੈਕਸੀ ਲੈਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੈ। ਊਬਰ ਦੀ ਇਸ ਠੱਗੀ ਦਾ ਪਰਦਾਫਾਸ਼ ਅਮਰੀਕਾ ਦੇ ਪ੍ਰਸਿੱਧ ਖੋਜੀ ਪੱਤਰਕਾਰ ਜੈਕ ਸ਼ੁਮੇਕਰ ਨੇ ਦਸੰਬਰ 2015 ਵਿੱਚ ਦਰਜਨਾਂ ਪੱਤਰਕਾਰਾਂ ਦੀ ਮੌਜੂਦਗੀ ਵਿੱਚ ਨਿਊਯਾਰਕ ਵਿਖੇ ਕੀਤਾ ਸੀ। ਰਾਤ ਦੇ 12.30 ਵਜੇ ਪਹਿਲਾਂ ਉਸ ਨੇ ਅਜਿਹੇ ਫੋਨ ਤੋਂ ਕਾਲ ਕੀਤੀ ਜਿਸ ਵਿੱਚ ਸਿਰਫ 3% ਬੈਟਰੀ ਬਚੀ ਸੀ ਤਾਂ ਕਿਰਾਇਆ ਦੱਸਿਆ ਗਿਆ 100 ਡਾਲਰ। ਫਿਰ ਉਸ ਨੇ 100% ਬੈਟਰੀ ਵਾਲੇ ਫੋਨ ਤੋਂ ਕਾਲ ਕੀਤੀ ਤਾਂ ਕਿਰਾਇਆ ਦੱਸਿਆ ਗਿਆ 50 ਡਾਲਰ। ਇਸ ਤੋਂ ਇਲਾਵਾ ਜਦੋਂ ਉਸ ਨੇ ਐਂਡਰਾਇਡ ਅਤੇ ਐਪਲ ਤੋਂ ਕਾਲ ਕੀਤੀ ਤਾਂ ਐਂਡਰਾਇਡ ਫੋਨ 'ਤੇ ਕਿਰਾਇਆ ਘੱਟ ਆਇਆ। ਇਸ ਕਾਰਨ

ਦੁਨੀਆਂ ਭਰ ਵਿੱਚ ਊਬਰ ਦੀ ਬਦਨਾਮੀ ਹੋਈ ਸੀ ਤੇ ਉਸ ਨੂੰ ਕਈ ਮੁਕੱਦਮਿਆਂ ਦਾ ਸਾਹਮਣਾ ਕਰਨਾ ਪਿਆ ਸੀ।

ਫਰਵਰੀ 2025 ਵਿੱਚ ਊਬਰ ਦੇ ਸਾਬਕਾ ਇਕਨਾਮਿਕ ਰਿਸਰਚ ਚੀਫ ਕੀਥ ਚੇਨ ਨੇ ਬੈਲਜ਼ੀਅਮ ਦੀ ਪ੍ਰਸਿੱਧ ਵੈੱਬਨਿਊਜ਼ ਪੋਰਟਲਐਨ.ਪੀ.ਆਰ. ਨੂੰ ਦਿੱਤੀ ਇੱਕ ਇੰਟਰਵਿਊ ਵਿੱਚ ਊਬਰ ਦਾ ਭਾਂਡਾ ਭੰਨਿਆਂ ਸੀ ਕਿ ਉਸ ਦਾ ਸਾਫਟਵੇਅਰ ਘੱਟ ਬੈਟਰੀ ਵਾਲੇ ਫੋਨਾਂ ਤੋਂ ਕਾਲ ਕਰਨ 'ਤੇ ਵੱਧ ਕਿਰਾਇਆ ਵਸੂਲਦਾ ਹੈ। ਇਸ ਤੋਂ ਇਲਾਵਾ ਊਬਰ ਐਪਲ ਤੋਂ ਫੋਨ ਕਰਨ 'ਤੇ ਵੀ ਵੱਧ ਕਿਰਾਇਆ ਵਸੂਲਦਾ ਹੈ। ਇਹ ਕੰਮ ਇਕੱਲਾ ਊਬਰ ਹੀ ਨਹੀਂ, ਬਲਕਿ ਦੁਨੀਆਂ ਭਰ ਵਿੱਚ ਸੈਂਕੜੇ ਕੰਪਨੀਆਂ ਕਰ ਰਹੀਆਂ ਹਨ। ਜੇ ਸਭ ਦੀ ਜਰੂਰਤ ਬਣ ਚੁੱਕੇ ਮੋਬਾਇਲ ਫੋਨ ਦੀ ਗੱਲ ਕੀਤੀ ਜਾਵੇ ਤਾਂ ਕਿਸੇ ਵੀ ਮੋਬਾਇਲ ਦੀ ਬੈਟਰੀ 4-5 ਸਾਲ ਤੋਂ ਵੱਧ ਸਮਾਂ ਨਹੀਂ ਚੱਲਦੀ ਤੇ ਐਨੀ ਬੇਕਾਰ ਹੋ ਜਾਂਦੀ ਹੈ ਕਿ ਗਾਹਕ ਨੂੰ ਨਵਾਂ ਫੋਨ ਖਰੀਦਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਸਭ ਨੂੰ ਪਤਾ ਹੈ ਕਿ ਜਦੋਂ ਮੋਬਾਇਲ ਨਵੇਂ ਨਵੇਂ ਆਏ ਸਨ ਤਾਂ ਬੈਟਰੀ ਬਹੁਤ ਅਰਾਮ ਨਾਲ ਬਾਹਰ ਕੱਢੀ ਜਾ ਸਕਦੀ ਸੀ। ਪਰ ਹੁਣ ਬੈਟਰੀਆਂ ਨੂੰ ਇਸ ਢੰਗ ਨਾਲ ਪੈਕ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਬਾਹਰ ਕੱਢਣਾ ਲਗਭਗ ਨਾਮੁਮਕਿਨ ਹੈ। ਅੱਜ ਦੇ ਮੋਬਾਇਲ ਫੋਨ ਤਕਰੀਬਨ ਵੰਨ ਪੀਸ ਹੀ ਹੁੰਦੇ ਹਨ।

ਮੋਬਾਇਲ ਫੋਨਾਂ ਦੇ ਧੀਮਾ ਹੋਣ ਦੀਆਂ ਦੁਨੀਆਂ ਭਰ ਵਿੱਚੋਂ ਸ਼ਿਕਾਇਤਾਂ ਆ ਰਹੀਆਂ ਹਨ ਪਰ ਕੁਝ ਹੀ ਇਮਾਨਦਾਰ ਦੇਸ਼ਾਂ ਨੂੰ ਛੱਡ ਕੇ ਕਿਸੇ ਨੇ ਵੀ ਇਸ ਵੱਲ ਧਿਆਨ ਦੇਣ ਦੀ ਖੇਚਲ ਨਹੀਂ ਕੀਤੀ। 2018 ਵਿੱਚ ਇਟਲੀ ਦੀ ਸਰਕਾਰ ਨੇ ਇਸ ਸਬੰਧੀ ਤਫਤੀਸ਼ ਕਰਨ ਲਈ ਇੱਕ ਹਾਈ ਪਾਵਰ ਕਮੇਟੀ ਨਿਯੁਕਤ ਕੀਤੀ ਸੀ ਜਿਸ ਦੀ ਰਿਪੋਰਟ ਵਿੱਚ ਗਾਹਕਾਂ ਦੀਆਂ ਸ਼ਿਕਾਇਤਾਂ ਸਹੀ ਪਾਈਆਂ ਗਈਆਂ ਸਨ। ਇਸ ਤੋਂ ਬਾਅਦ ਇਟਲੀ ਨੇ ਐਪਲ 'ਤੇ ਇੱਕ ਕਰੋੜ ਯੂਰੋ (ਤਕਰੀਬਨ 100 ਕਰੋੜ ਰੁਪਏ) ਅਤੇ ਸੈਮਸੰਗ 'ਤੇ 50 ਲੱਖ ਯੂਰੋ (ਤਕਰੀਬਨ 50 ਕਰੋੜ ਰੁਪਏ) ਦਾ ਜ਼ੁਰਮਾਨਾ ਕੀਤਾ ਗਿਆ। 2020 ਵਿੱਚ ਫਰਾਂਸ ਨੇ ਵੀ ਇਸੇ ਕਾਰਨ ਐਪਲ 'ਤੇ ਢਾਈ ਕਰੋੜ ਯੂਰੋ (ਤਕਰੀਬਨ ਢਾਈ ਅਰਬ ਰੁਪਏ) ਦਾ ਜ਼ੁਰਮਾਨਾ ਲਗਾਇਆ ਸੀ ਤੇ 2024 ਦੌਰਾਨ ਐਪਲ ਨੂੰ ਅਮਰੀਕਾ ਵਿੱਚ ਵੀ ਗਾਹਕਾਂ ਨੂੰ ਇਸੇ ਕਾਰਨ 50 ਕਰੋੜ ਡਾਲਰ (ਤਕਰੀਬਨ 40 ਅਰਬ ਰੁਪਏ) ਦੇਣੇ ਪਏ ਸਨ। ਪਰ ਇਹ ਤਰੀਕਾ ਕੋਈ ਨਵਾਂ ਨਹੀਂ ਹੈ। ਕਰੀਬ 100 ਸਾਲ ਪਹਿਲਾਂ ਬਿਜਲੀ ਦੇ ਬਲਬ ਬਣਾਉਣ ਵਾਲੀਆਂ ਕੰਪਨੀਆਂ ਨੇ ਵੀ ਇਹ ਢੰਗ ਅਪਣਾਇਆ ਸੀ। ਪਹਿਲਾਂ ਉਹ ਅਜਿਹੇ ਬਲਬ ਬਣਾਉਂਦੇ ਸਨ ਜੋ ਲੰਬਾ ਸਮਾਂ ਚੱਲਦੇ ਸਨ ਜਿਸ ਕਾਰਨ ਉਨ੍ਹਾਂ ਦਾ ਮੁਨਾਫਾ ਬਹੁਤ ਘਟ ਗਿਆ ਸੀ। ਫਿਰ ਉਨ੍ਹਾਂ ਨੇ ਇੱਕ ਗੁਪਤ ਸਮਝੌਤਾ ਕੀਤਾ ਤੇ ਅਜਿਹੇ ਬਲਬ ਬਣਾਉਣੇ ਸ਼ੁਰੂ ਕਰ ਦਿੱਤੇ ਜੋ ਤਿੰਨ ਚਾਰ ਮਹੀਨੇ ਤੋਂ ਵੱਧ ਨਹੀਂ ਸੀ ਚੱਲਦੇ। ਹੁਣ ਫਰਿੱਜ਼, ਮਾਈਕਰੋਵੇਵ ਅਤੇ ਵਾਸ਼ਿੰਗ ਮਸ਼ੀਨਾਂ ਆਦਿ ਬਣਾਉਣ ਵਾਲੀਆਂ ਕੰਪਨੀਆਂ ਨੇ ਵੀ ਇਹ ਨੀਤੀ ਅਪਣਾ ਲਈ ਹੈ। ਇਨ੍ਹਾਂ ਵਿੱਚੋਂ ਜਿਆਦਾਤਰ 6-7 ਸਾਲ ਤੋਂ ਬਾਅਦ ਖਰਾਬ ਹੋਣਾ ਸ਼ੁਰੂ ਹੋ ਜਾਂਦੇ ਹਨ। ਜੇ ਆਪਣੇ ਮਾਪਿਆਂ ਨੂੰ ਪੁੱਛਿਆ ਜਾਵੇ ਤਾਂ ਪਤਾ ਚੱਲਦਾ ਹੈ ਕਿ ਉਨ੍ਹਾਂ ਦੇ ਜ਼ਮਾਨੇ ਵਿੱਚ ਫਰਿੱਜ਼ ਅਤੇ ਵਾਸ਼ਿੰਗ ਮਸ਼ੀਨਾਂ ਆਦਿ ਸਾਲ ਦਰ ਸਾਲ ਚੱਲਦੇ ਸਨ। ਮੇਰੇ ਜਨਮ (1965) ਵੇਲੇ ਖਰੀਦਿਆ ਗਿਆ ਊਸ਼ਾ ਕੰਪਨੀ ਦਾ ਛੱਤ ਵਾਲਾ ਪੱਖਾ ਹੁਣ ਤੱਕ ਵੀ ਠੀਕ ਠਾਕ ਚੱਲ ਰਿਹਾ ਹੈ।

ਕੰਪਨੀਆਂ ਦੀਆਂ ਇਨ੍ਹਾਂ ਮਨ ਮਾਨੀਆਂ ਨੂੰ ਸਿਰਫ ਸਰਕਾਰਾਂ ਹੀ ਨੱਥ ਪਾ ਸਕਦੀਆਂ ਹਨ। ਮਿਸਾਲ ਦੇ ਤੌਰ 'ਤੇ 2021 ਵਿੱਚ ਯੂਰਪੀਨ ਯੂਨੀਅਨ ਨੇ ਰਾਈਟ ਟੂ ਰਿਪੇਅਰ ਕਾਨੂੰਨ ਪਾਸ ਕੀਤਾ ਸੀ ਜਿਸ ਅਨੁਸਾਰ ਕੰਪਨੀਆਂ ਨੂੰ ਪਾਬੰਦ ਕੀਤਾ ਗਿਆ ਸੀ ਕਿ ਉਨ੍ਹਾਂ ਨੂੰ ਕਿਸੇ ਵੀ ਵਸਤੂ ਨੂੰ ਬਣਾਉਣ ਤੋਂ ਲੈ ਕੇ ਦਸ ਸਾਲ ਤੱਕ ਉਸ ਦੇ ਸਪੇਅਰ ਪਾਰਟ ਮੁਹੱਈਆ ਕਰਵਾਉਣੇ ਪੈਣਗੇ। ਕਿਸੇ ਵੀ ਵਸਤੂ ਨੂੰ ਘਰ ਵਿੱਚ ਹੀ ਰਿਪੇਅਰ ਕਰਨਾ ਅਸਾਨ ਹੋਣਾ ਚਾਹੀਦਾ ਹੈ। ਜੋ ਵੀ ਨਟ ਬੋਲਟ ਅਤੇ ਕਿੱਲ ਕਾਂਟੇ ਆਦਿ ਵਰਤੇ ਜਾਣ, ਉਹ ਅਸਾਨੀ ਨਾਲ ਸੰਸਾਰ ਦੇ ਹਰ ਦੇਸ਼ ਵਿੱਚ ਮਿਲਦੇ ਹੋਣੇ ਚਾਹੀਦੇ ਹਨ। ਜੇ ਗਾਹਕ ਉਸ ਵਸਤੂ ਦੀ ਰਿਪੇਅਰ ਖੁਦ ਕਰੇ ਜਾਂ ਆਪਣੀ ਮਰਜ਼ੀ ਦੇ ਮੈਕੇਨਿਕ ਤੋਂ ਕਰਵਾਏ, ਵਾਰੰਟੀ ਖਤਮ ਨਹੀਂ ਕੀਤੀ ਜਾ ਸਕਦੀ। ਇਸ ਕਾਨੂੰਨ ਅਧੀਨ ਐਪਲ ਨੂੰ ਵੀ ਆਪਣੇ ਫੋਨ ਚਾਰਜ਼ ਕਰਨ ਲਈ ਯੂਨੀਵਰਸਲ ਚਾਰਜ਼ਰ ਵਰਤਣਾ ਸ਼ੁਰੂ ਕਰਨਾ ਪਿਆ ਹੈ ਜੋ ਸੈਮਸੰਗ ਆਦਿ ਦੁਨੀਆਂ ਦੀਆਂ ਬਾਕੀ ਕੰਪਨੀਆਂ ਵਰਤ ਰਹੀਆਂ ਹਨ। ਪੱਛਮੀ ਦੇਸ਼ਾਂ ਵਿੱਚ ਗਾਹਕ ਬਹੁਤ ਜਾਗਰੂਕ ਹਨ, ਉਹ ਕੰਪਨੀਆਂ ਦੀ ਥੋੜ੍ਹੀ ਜਿਹੀ ਬੇਈਮਾਨੀ ਕਰਨ 'ਤੇ ਹੀ ਕੇਸ ਕਰ ਦਿੰਦੇ ਹਨ। ਪਰ ਭਾਰਤ ਵਰਗੇ ਦੇਸ਼ਾਂ ਵਿੱਚ ਅਨਪੜ੍ਹਤਾ ਅਤੇ ਆਪਣੇ ਹੱਕਾਂ ਦੀ ਜਾਣਕਾਰੀ ਨਾ ਹੋਣ ਕਾਰਨ ਲੋਕ ਚੁੱਪ ਚਾਪ ਇਨ੍ਹਾਂ ਕੰਪਨੀਆਂ ਦੇ ਜ਼ੁਲਮ ਸਹਿ ਰਹੇ ਹਨ। ਇਹ ਹੁਣ ਕੇਂਦਰ ਅਤੇ ਸੂਬਾਈ ਸਰਕਾਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਸਬੰਧੀ ਸਖਤ ਕਾਨੂੰਨ ਬਣਾਉਣ ਤੇ ਆਮ ਜਨਤਾ ਦੇ ਹੱਕਾਂ ਦੀ ਰਾਖੀ ਕਰਨ। -0-

**ਸਫਾ 21 ਦਾ ਬਾਕੀ**

ਦਿੱਲੀ ਵਿਚ ਤੁਹਾਡੀ ਪੰਜਾਬੀ ਅਕਾਦਮੀ ਨੂੰ ਰੋਲਣ ਅਤੇ ਉਹਦਾ ਸਾਹ-ਸੱਤ ਕੱਢਣ ਵਾਲੇ ਕੌਣ ਨੇ? ਪੁੱਛ ਲਵੋ ਜਾ ਕੇ ਹੁਣ ਤਾਂ ਮੌਕਾ ਹੈ, ਮੁੜ ਹੱਥ ਨਹੀਂ ਆਉਣਾ ਪਰ ਕਿੱਥੇ! ਤੁਹਾਡੀਆਂ ਤਾਂ ਅੱਖਾਂ 'ਤੇ ਬਾਪੂ ਵਾਲੀ ਪੱਟੀ ਬੰਨ੍ਹੀ ਹੋਈ ਐ। ਚੇਅਰਮੈਨੀਆਂ, ਰੁਤਬਿਆਂ, ਲੀਡਰੀ ਦਾ ਕੀਹਨੂੰ ਚਾਅ ਨਹੀਂ ਹੁੰਦਾ। ਤੁਹਾਡੇ ਲਾਲਚਾਂ ਨੇ ਮਾਂ-ਬੋਲੀ ਮਾਰੀ ਐ ਤੇ ਤੁਸੀਂ ਇਹਨੂੰ ਬਚਾਉਣ ਦੇ ਹੋਕੇ ਦੇ ਰਹੇ ਹੋ। ਤੁਹਾਡੀ ਬੋਲੀ ਨਾਲ ਖੜ੍ਹੀਆਂ ਸ਼ਰੀਕਣੀਆਂ ਸੜਕਾਂ, ਬੈਂਕਾਂ, ਦਫ਼ਤਰਾਂ, ਅਖ਼ਬਾਰਾਂ, ਕਚਹਿਰੀਆਂ, ਰੇਡੀਓ, ਟੀਵੀ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ; ਹਰ ਥਾਂ ਦੇਖੀਆਂ ਜਾ ਸਕਦੀਆਂ। ਤੁਸੀਂ ਤਾਂ ਬੱਚਿਆਂ ਨੂੰ ਕਾਨਵੈਂਟ ਭੇਜ ਕੇ ਖੁਸ਼ ਹੋ, ਜੇ ਕਾਨਵੈਂਟ ਦਾ ਅਰਥ ਪੜ੍ਹਿਆ ਹੁੰਦਾ ਤਾਂ ਤੁਹਾਡੀ ਬੋਲੀ ਕਦੇ ਨਾ ਮਰਦੀ।

ਹਾਂ ਸੱਚ, ਯਾਦ ਆਇਆ... ਪੜ੍ਹਨਾ ਤਾਂ ਤੁਸੀਂ ਕਦੋਂ ਦਾ ਤਿਆਗ ਚੁੱਕੇ ਹੋ। ਤਾਂ ਹੀ ਲਾਇਬ੍ਰੇਰੀਆਂ ਲੱਭਣੀਆਂ ਔਖੀਆਂ ਹੋ ਗਈਆਂ ਨੇ। ਤੁਹਾਡੇ ਨਿਆਣੇ ਤਾਂ ਰਹਿੰਦੇ ਸਿਆੜ ਵੀ ਖਾ-ਖਾ ਕੇ ਵਿਦੇਸ਼ਾਂ ਵਿਚ ਮਜ਼ਦੂਰੀ ਲਈ ਭੱਜੇ ਜਾ ਰਹੇ ਨੇ। ਇੱਥੋਂ ਦੀ ਕਾਨਵੈਂਟੀ ਉੱਥੇ ਜਾ ਕੇ ਸਾਰੀ ਨਿਕਲ ਜਾਂਦੀ ਐ। ਹੁਣ ਜਦੋਂ ਡੰਕੀ ਲਾ ਕੇ ਗਿਆਂ ਦੇ ਜਹਾਜ਼ ਭਰ-ਭਰ ਕੇ ਉਤਰ ਰਹੇ ਨੇ ਤਾਂ ਤਰਲੋਮੱਛੀ ਹੋ ਰਹੇ ਹੋ। ਵੇਲੇ ਸਿਰ ਚੇਤਿਆ ਹੁੰਦਾ ਤਾਂ ਪੰਜਾਬ ਕਾਹਨੂੰ ਡੁੱਬਦਾ! ਤੁਸੀਂ ਇੱਥੇ ਸ਼ਹੀਦੀਆਂ ਦੇ ਹੋਕਰੇ ਮਾਰ-ਮਾਰ ਕੇ ਇਕ ਦੂਜੇ ਨੂੰ ਠਿੱਬੀਆਂ ਲਾਉਂਦੇ ਵੱਡੇ ਮੂਰਖ ਨਜ਼ਰ ਆ ਰਹੇ ਹੋ। ਤੁਹਾਡੀ ਧਰਤੀ ਦੇ ਵਾਰਿਸ ਕਿਥੇ ਤੇ ਕਿਉਂ ਗੁਆਚ ਗਏ, ਤੁਸਾਂ ਕਦੇ ਨਹੀਂ ਸੋਚਿਆ। ਜਦੋਂ ਨੂੰ ਸੋਚੋਗੇ, ਢਾਈ ਦਰਿਆ ਵੀ ਸੁੱਕ ਚੁੱਕੇ ਹੋਣਗੇ ਤੇ ਖੇਤਾਂ ਦੇ ਮਾਰੂਥਲਾਂ ਵਿੱਚੋਂ ਤੁਸੀਂ ਬੂੰਦ-ਬੂੰਦ ਪਾਣੀ ਲੱਭਦੇ ਪਿਆਸੇ ਮਰ ਰਹੇ ਹੋਵੋਗੇ।

ਅਫਸਰਸ਼ਾਹੀ ਤੁਹਾਡੇ ਲਈ ਨਵੀਆਂ-ਨਵੀਆਂ ਸੂਲਾਂ ਦੀ ਸੇਜ ਵਿਛਾ ਰਹੀ ਹੈ। ਪੰਜਾਬੀ ਪੜ੍ਹੇ ਬਿਨਾਂ ਅਫਸਰਸ਼ਾਹੀ ਦੀ ਫੌਜ ਤਿਆਰ ਕਰਨ ਦੇ ਮਨਸੂਬੇ ਘੜ ਰਹੀ ਹੈ ਤੇ ਤੁਸੀਂ ਗਣਤੰਤਰ ਦਿਵਸ ਮਨਾ ਕੇ ਲੱਡੂ ਖਾ ਰਹੇ ਹੋ। ਤੁਹਾਨੂੰ ਅਜੇ ਵੀ ਯਕੀਨ ਨਹੀਂ ਆਉਣਾ ਕਿਉਂਕਿ ਤੁਸੀਂ ਉਸ ਦਿਨ ਦੀ ਉਡੀਕ ਕਰ ਰਹੇ ਹੋ ਜਦੋਂ ਸੋਸ਼ਲ ਮੀਡੀਆ 'ਤੇ ਖ਼ਬਰ ਆਏਗੀ ਕਿ ਤੁਹਾਡੀ ਭਾਸ਼ਾ ਮਰ ਗਈ ਹੈ; ਆਰਆਈਪੀ ਲਿਖਣ ਵਾਲਿਆਂ ਦਾ ਹੜ੍ਹ ਆ ਜਾਏਗਾ ਪਰ ਇਹ ਖਬਰ ਕਦੇ ਨਹੀਂ ਆਏਗੀ ਕਿਉਂਕਿ ਤੁਹਾਡੀ ਭਾਸ਼ਾ ਨੂੰ ਗੁਪਤ ਰੂਪ ਵਿਚ ਬਚਾਉਣ ਵਾਲੇ ਅਜੇ ਜਿਊਂਦੇ ਨੇ; ਤੁਸੀਂ ਭਾਵੇਂ ਇਹਨੂੰ ਮਾਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਜਾਂਦੇ-ਜਾਂਦੇ ਇਹ ਸ਼ੇਅਰ ਸੁਣ ਲਓ:

ਮੈਨੂੰ ਕਈਆਂ ਨੇ ਆਖਿਆ ਕਈ ਵਾਰੀ, ਤੂੰ ਲੈਣਾ ਪੰਜਾਬੀ ਦਾ ਨਾਂ ਛੱਡ ਦੇ।
ਮੈਨੂੰ ਇੰਝ ਲੱਗਦੈ ਲੋਕੀਂ ਆਖਦੇ ਨੇ, ਤੂੰ ਆਪਣੀ ਮਾਂ ਨੂੰ ਕਹਿਣਾ ਮਾਂ ਛੱਡ ਦੇ।

-0-

# ਨਸ਼ਿਆਂ ਤੋਂ ਬਚਾਅ

ਮੰਗਤ ਸਿੰਘ ਰਾਹੀ
98882-91607

**ਸਕੂਲ ਦੇ ਬੱਚੇ, ਨੌਜਵਾਨ ਤੇ ਹੋਰ ਨਸ਼ੇ ਦੇ ਆਦੀ ਲੋਕ ਉਜਾੜ ਵਿਚ ਜਾਂ ਜਿੱਥੇ ਵੀ ਮੌਕਾ ਮਿਲੇ ਮਾਰਫ਼ੀਨ ਦਾ ਟੀਕਾ ਲਗਾ ਕੇ ਉਥੇ ਹੀ ਮੁਧੇ ਹੋ ਜਾਂਦੇ ਹਨ। ਕਈ ਬੱਚੇ ਤੇ ਹੋਰ ਬੰਦਿਆਂ ਦੀਆਂ ਲਾਸ਼ਾਂ ਵਧੇਰੇ ਨਸ਼ਾ ਕਰਨ ਕਰਕੇ ਉਜਾੜਾਂ ਤੋਂ ਮਿਲੀਆਂ ਹਨ। ਮਾਵਾਂ ਆਪਣੇ ਜਵਾਨ ਪੁੱਤਾਂ ਦੀਆਂ ਫੋਟੋਆਂ ਚੁੱਕ-ਚੁੱਕ ਕੇ ਵਿਰਲਾਪ ਕਰਦੀਆਂ ਹਨ ਕਿ ਨਸ਼ਿਆਂ ਨੇ ਉਨ੍ਹਾਂ ਦੀ ਹਰੀ-ਭਰੀ ਗੋਦ ਉਜਾੜ ਦਿੱਤੀ ਹੈ ਤੇ ਪਰਿਵਾਰ ਨੂੰ ਸਦਾ ਲਈ ਤਣਾਅ ਵਿਚ ਗੋਤੇ ਖਾਣ ਲਈ ਛੱਡ ਦਿੱਤਾ ਹੈ।**

ਸਾਰੇ ਗੁਰੂ ਸਾਹਿਬਾਨ ਨੇ ਇਸ ਗੱਲ ਨੂੰ ਪ੍ਰਧਾਨਤਾ ਦਿੱਤੀ ਕਿ ਗੁਰੂ ਦਾ ਸਿੱਖ ਹਰ ਤਰ੍ਹਾਂ ਦੇ ਔਗੁਣਾਂ ਤੋਂ ਪਰੇ ਹੋਵੇ ਅਤੇ ਮਨ ਕਰਕੇ, ਆਤਮਾ ਕਰਕੇ ਅਤੇ ਸਰੀਰ ਕਰਕੇ ਬਲਸ਼ਾਲੀ ਤੇ ਤੰਦਰੁਸਤ ਹੋਵੇ। ਇਸ ਲਈ ਸਭ ਗੁਰੂ ਸਾਹਿਬ ਅਤੇ ਸਿੱਖ ਸਾਵਧਾਨ ਸਨ ਕਿ ਕੇਵਲ ਸਿੱਖ ਹੀ ਨਹੀਂ ਸਗੋਂ ਸਾਰੀ ਮਨੁੱਖਤਾ ਮਾਰੂ ਨਸ਼ਿਆਂ ਤੋਂ ਦੂਰ ਰਹੇ ਕਿਉਂਕਿ ਨਸ਼ਿਆਂ ਦੀ ਲਤ ਇਕ ਮਹਾਂਮਾਰੀ ਵਾਂਗ ਹਰ ਪਾਸੇ ਫੈਲ ਕੇ ਸਾਰੀ ਮਨੁੱਖਤਾ ਨੂੰ ਤਬਾਹ ਤੇ ਬਰਬਾਦ ਕਰ ਰਹੀ ਹੈ ਅਤੇ ਤਣਾਅ ਦੇ ਸਾਗਰ ਵਿਚ ਗੋਤੇ ਖਾਣ ਲਈ ਮਜਬੂਰ ਕਰ ਰਹੀ ਹੈ।

**ਸੋ, ਤਣਾਅ-ਰਹਿਤ ਜੀਵਨ ਜੀਉਣ ਦਾ ਅਗਲਾ ਸੂਤਰ ਹੈ : ਨਸ਼ਿਆਂ ਤੋਂ ਬਚਣਾ।**

ਗੁਰੂ ਅੰਗਦ ਸਾਹਿਬ ਜੀ ਨੇ ਸਿਹਤ ਦੀ ਸਵੱਛਤਾ ਅਤੇ ਆਲੇ-ਦੁਆਲੇ ਦੀ ਸਫ਼ਾਈ 'ਤੇ ਜ਼ੋਰ ਦਿੱਤਾ। ਜੇਕਰ ਮਨੁੱਖ ਦੀ ਸਿਹਤ ਠੀਕ ਨਹੀਂ ਰਹੇਗੀ ਤਾਂ ਉਹ ਹਰ ਵੇਲੇ ਚਿੜਚਿੜਾ ਅਤੇ ਕਮਜ਼ੋਰ ਰਹੇਗਾ। ਇਹ ਚਿੜਚਿੜਾਪਨ ਤੇ ਕਮਜ਼ੋਰੀ ਉਸਨੂੰ ਤਣਾਅ ਵੱਲ ਧੱਕੇਗੀ। ਜੇਕਰ ਆਲਾ-ਦੁਆਲਾ ਸਾਫ਼ ਨਹੀਂ ਹੋਏਗਾ ਤਾਂ ਵਾਤਾਵਰਣ ਦੂਸ਼ਿਤ ਹੋਣ ਕਰਕੇ ਬੀਮਾਰੀਆਂ ਦੇ ਕੀਟਾਣੂੰ ਪਨਪਣਗੇ ਤੇ ਮਨੁੱਖ ਬੀਮਾਰੀਆਂ ਦਾ ਸ਼ਿਕਾਰ ਹੋਵੇਗਾ। ਬੀਮਾਰ ਵਿਅਕਤੀ ਹਰ ਵੇਲੇ ਤਣਾਅ ਵਿਚ ਹੀ ਰਹਿੰਦਾ ਹੈ।



ਗੁਰੂ ਹਰਿ ਰਾਇ ਸਾਹਿਬ ਜੀ ਨੇ ਸਿਹਤ-ਸੰਭਾਲ ਲਈ ਵਿਸ਼ੇਸ਼ ਯਤਨ ਕੀਤੇ ਅਤੇ ਟਮਓਕਬੁ-ਨੋਸ਼ੀ ਦੇ ਨੇੜੇ ਤੱਕ ਜਾਣ ਦੀ ਮਨਾਹੀ ਕੀਤੀ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਨੜੀਮਾਰਾਂ ਭਾਵ ਤੰਬਾਕੂ, ਹੁੱਕਾ ਆਦਿ ਪੀਣ ਵਾਲਿਆਂ ਨਾਲ ਸਾਂਝ ਨਾ ਰੱਖਣ ਲਈ ਸਖ਼ਤ ਹੁਕਮ ਕੀਤਾ ਤਾਂਕਿ ਨਸ਼ਿਆਂ ਵਿਚ ਗ੍ਰਸਤ ਹੋ ਕੇ ਮਨੁੱਖ ਆਤਮਿਕ, ਸੱਭਿਆਚਾਰਕ, ਸਮਾਜਿਕ ਅਤੇ ਸਰੀਰਕ ਪੱਖੋਂ ਬਰਬਾਦ ਨਾ ਹੋ ਜਾਣ। ਭਾਰਤ ਵਿੱਚ ਹਰ ਰੋਜ਼ ਹਜ਼ਾਰਾਂ ਲੋਕ ਤੰਬਾਕੂ ਦੇ ਸੇਵਨ ਕਰਕੇ ਨਿਹਕ ਮਰ ਰਹੇ ਹਨ। ਭਾਰਤ ਵਰਗੇ ਗਰੀਬ ਦੇਸ਼ ਵਿੱਚ ਤਕਰੀਬਨ 30-35 ਕਰੋੜ ਮਨੁੱਖ ਆਪਣੀ ਖੂਨ-ਪਸੀਨੇ ਦੀ ਕਮਾਈ ਦਾ ਜ਼ਿਆਦਾ ਹਿੱਸਾ ਤੰਬਾਕੂ ਦੇ ਧੂੰਏਂ ਵਿਚ ਉਡਾ ਕੇ ਆਪਣੇ ਆਪ ਨੂੰ ਗਰਕ ਕਰ ਰਹੇ ਹਨ। ਸਿਰਫ਼ ਤੰਬਾਕੂ ਦਾ ਸੇਵਨ ਹੀ ਕਈ ਬੀਮਾਰੀਆਂ ਨੂੰ ਜਨਮ ਦਿੰਦਾ ਹੈ ਤੇ ਬਿਮਾਰੀ ਹੀ ਮਨੁੱਖ ਨੂੰ ਤਣਾਅ ਦੀ ਡੂੰਘੀ ਖੱਡ ਵਿਚ ਤਿਲ ਤਿਲ ਕਰਕੇ ਮਰਨ ਲਈ ਛੱਡ ਦਿੰਦੀ ਹੈ। ਡਾਕਟਰਾਂ ਨੇ ਖੋਜ ਕੇ ਇਹ ਦੱਸਿਆ ਹੈ ਕਿ ਇਕ ਸਿਗਰਟ ਰੋਜ਼ ਪੀਣ ਵਾਲੇ ਦੀ ਜ਼ਿੰਦਗੀ 8 ਮਿੰਟ ਤੱਕ ਘਟ ਜਾਂਦੀ ਹੈ (Tobacco Smoking and nongevity by R. Pearl)

1699 ਈ: ਦੀ ਵਿਸਾਖੀ 'ਤੇ ਅਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਪਾਹੁਲ ਬਖਸ਼ ਕੇ ਖ਼ਾਲਸਾ ਸਾਜਿਆ ਤਾਂ ਤੰਬਾਕੂ ਦਾ ਕਿਸੇ ਵੀ ਰੂਪ ਵਿਚ ਸੇਵਨ ਨਾ ਕਰਨ ਦੀ ਸਖ਼ਤ ਹਿਦਾਇਤ ਕੀਤੀ। ਸਿੱਖ ਇਤਿਹਾਸ ਵਿਚ ਇਹ ਜ਼ਿਕਰ ਮਿਲਦਾ ਹੈ ਕਿ ਇਕ ਜ਼ਿਮੀਂਦਾਰ ਨੇ ਆਪਣੇ ਖੇਤ ਵਿਚ ਤੰਬਾਕੂ ਬੀਜਿਆ ਹੋਇਆ ਸੀ। ਗੁਰੂ ਸਾਹਿਬ ਉਧਰੋਂ ਲੰਘ ਰਹੇ ਸਨ। ਤੰਬਾਕੂ ਦਾ ਖੇਤ ਆਇਆ। ਖੇਤ ਦੇ ਮਾਲਕ ਨੇ ਮੱਥਾ ਟੇਕ ਕੇ ਗੁਰੂ ਸਾਹਿਬ ਅੱਗੇ ਮਨ ਦੀ ਸ਼ਾਂਤੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ। ਗੁਰੂ ਜੀ ਨੇ ਫੁਰਮਾਇਆ ਕਿ ਹੋਰਨਾਂ ਨੂੰ ਤੰਬਾਕੂ ਬੀਜ ਕੇ ਜ਼ਹਿਰ ਖਵਾ ਕੇ ਮਾਰ ਰਿਹਾ ਹੈਂ ਤੇ ਆਪਣੇ ਲਈ ਸ਼ਾਂਤੀ ਚਾਹੁੰਦਾ ਹੈਂ। ਜਦ ਜ਼ਿਮੀਂਦਾਰ ਨੂੰ ਤੰਬਾਕੂ ਦੇ ਮਾਰੂ ਪ੍ਰਭਾਵ ਦਾ ਗਿਆਨ ਹੋਇਆ ਤਾਂ ਉਸ ਨੇ ਗੁਰੂ ਜੀ ਨੂੰ ਬਚਨ ਦਿੱਤਾ ਕਿ ਉਹ ਤੰਬਾਕੂ ਦੀ ਖੇਤੀ ਨੂੰ ਉਜਾੜ ਕੇ ਉੱਥੇ ਅੰਨ ਬੀਜੇਗਾ ਜਿਸ ਨਾਲ ਲੋਕਾਂ ਦੀ ਉਦਰ ਪੂਰਤੀ ਹੋਵੇ। ਗੁਰੂ ਜੀ ਨੇ ਉਸਨੂੰ ਨਿਹਾਲ ਕਰ ਦਿੱਤਾ।

ਐਲਨਲੈਂਡਰਜ਼ ਨੇ ਤੰਬਾਕੂ ਦੇ ਪ੍ਰਚਾਰ ਵਿਚ ਵਿਸ਼ਵ ਭਰ ਵਿਚ ਨਾਮਣਾ ਖੱਟ ਕੇ "ਮਿਸਟਰ ਤੰਬਾਕੂ" ਹੋਣ ਦਾ ਟਾਈਟਲ ਪ੍ਰਾਪਤ ਕੀਤਾ ਸੀ, ਪਰੰਤੂ ਜਦ ਤੰਬਾਕੂ ਸੇਵਨ ਕਾਰਨ ਉਸਦੇ ਆਪਣੇ ਫੇਫੜੇ ਗਲ ਗਏ ਤਾਂ ਉਸ ਨੂੰ ਆਪਣੀ ਗਲਤੀ ਦਾ ਪਛਤਾਵਾ ਹੋਇਆ। ਇਸ ਪਛਤਾਵੇ ਕਾਰਨ ਉਹ ਤੰਬਾਕੂ ਦੇ ਉਲਟ ਪ੍ਰਚਾਰ ਲਈ ਸਰਗਰਮ ਹੋ ਗਿਆ ਅਤੇ ਅਮਰੀਕਾ ਦੀ ਫਲੋਰੇਡਾ ਸਟੇਟ ਵਿਚ ਹੀ ਉਸਦੇ ਪ੍ਰਚਾਰ ਸਦਕਾ 17% ਨੌਜਵਾਨ ਤੰਬਾਕੂ ਪੀਣਾ ਛੱਡ ਗਏ। (ਹਿੰਦੂ ਅਖ਼ਬਾਰ 3-6-2001)

ਸਿੱਖਾਂ ਨੇ ਪਹਿਲੇ ਵਿਸ਼ਵ ਯੁੱਧ ਵਿਚ ਅੰਗਰੇਜ਼ਾਂ ਦਾ ਸਾਥ ਦਿੱਤਾ, ਬਹੁਤ ਜਾਨਾਂ ਵਾਰੀਆਂ। ਇਕ ਲੱਖ ਤੋਂ ਵੱਧ ਸਿੱਖ ਫ਼ੌਜੀ ਅੰਗਰੇਜ਼ਾਂ ਨਾਲ ਰਲ ਕੇ ਲੜੇ ਅਤੇ ਬੜੇ-ਬੜੇ ਖ਼ਤਰਨਾਕ ਮੋਰਚਿਆਂ ਨੂੰ ਆਪਣੀ ਅਦੁੱਤੀ ਬਹਾਦਰੀ ਅਤੇ ਸਾਹਸ ਨਾਲ ਜਿੱਤ ਕੇ ਆਪਣਾ ਤੇ ਬ੍ਰਿਟਿਸ਼ ਸਰਕਾਰ ਦਾ ਸਿਰ ਉੱਚਾ ਕੀਤਾ। ਜੰਗ ਖ਼ਤਮ ਹੋਣ 'ਤੇ ਸਰਕਾਰ ਨੇ ਸਿੱਖਾਂ ਨੂੰ ਖ਼ੁਸ਼ ਕਰਨ ਦੀ ਸੋਚੀ ਤਾਂ ਸਿੱਖਾਂ ਨੇ ਸਰਬੱਤ ਦੇ ਭਲੇ ਲਈ ਮੰਗ ਕੀਤੀ ਕਿ ਜਨਤਕ ਸਥਾਨਾਂ ਅਤੇ ਰੇਲ ਗੱਡੀਆਂ ਵਿਚ ਸਿਗਰਟ-ਬੀੜੀ ਪੀਣ ਦੀ ਪੂਰੀ ਮਨਾਹੀ ਹੋਣੀ ਚਾਹੀਦੀ ਹੈ ਕਿਉਂਕਿ ਚਲਦੀ ਗੱਡੀ ਵਿਚ ਜੇ ਕੋਈ ਸਿਗਰਟ ਪੀਂਦਾ ਹੈ ਅਤੇ ਜੋ ਸਿਗਰਟ ਨਹੀਂ ਪੀਂਦਾ ਉਹ ਬੇਵਸ ਹੋ ਕੇ ਕੁਝ ਵੀ ਨਹੀਂ ਕਰ ਸਕਦਾ। ਇਸ ਤਰ੍ਹਾਂ ਉਸਨੂੰ ਬੜੀ ਪਰੇਸ਼ਾਨੀ ਅਤੇ ਤਣਾਅ ਦਾ ਸਾਹਮਣਾ ਕਰਨਾ ਪੈਂਦਾ ਹੈ। ਸਰਕਾਰ ਨੇ ਸਿੱਖਾਂ ਦੀ ਇਸ ਜਾਇਜ਼ ਮੰਗ ਨੂੰ ਠੀਕ ਮੰਨ ਕੇ ਰੇਲਵੇ ਐਕਟ ਵਿਚ ਗੱਡੀਆਂ ਵਿਚ ਸਿਗਰਟ ਪੀਣ ਦੀ ਮਨਾਹੀ ਕਰ ਦਿੱਤੀ।

ਇਹ ਵੀ ਦੇਖਿਆ ਗਿਆ ਹੈ ਕਿ ਤੰਬਾਕੂ ਪੀਣ ਵਾਲੇ ਨਾਲੋਂ ਕਿਤੇ ਵੱਧ ਤੰਬਾਕੂ ਦਾ ਧੂੰਆਂ ਉਸ ਵਿਅਕਤੀ 'ਤੇ ਬੁਰਾ ਅਸਰ ਪਾਉਂਦਾ ਹੈ ਜੋ ਇਸ ਦਾ ਸੇਵਨ ਨਹੀਂ ਕਰਦਾ ਕਿਉਂਕਿ ਉਹ ਇਸ ਨੂੰ ਆਪਣੇ ਸਰੀਰ ਅੰਦਰ ਲੈ ਜਾਣ ਦਾ ਬਿਲਕੁਲ ਹੀ ਆਦੀ ਨਹੀਂ ਹੁੰਦਾ। ਐਸੇ ਮਨੁੱਖ ਨੂੰ ਥੋੜ੍ਹਾ ਜਿਹਾ ਵੀ ਇਹ ਧੂੰਆਂ ਝੱਲਣ ਨਾਲ ਸਖਤ ਸਿਰ ਦਰਦ ਅਤੇ ਖਾਂਸੀ ਹੋਣ ਲੱਗ ਜਾਂਦੀ ਹੈ। ਉਸਦੀ

ਬੇਚੈਨੀ ਵਧ ਜਾਂਦੀ ਹੈ ਉਹ ਤਣਾਅ ਵਿਚ ਆ ਜਾਂਦਾ ਹੈ। (Passive Smoking and Heart Disease By S.A. Glautz And W.W. Parwley, 1995, Publication)

ਪੰਜਾਬ ਦੇ ਕਿਸੇ ਪੁਰਾਣੇ ਬਜ਼ੁਰਗ ਸਾਹਮਣੇ 'ਜ਼ਰਦੇ' ਦੀ ਗੱਲ ਆਉਂਦਿਆਂ ਹੀ ਉਸਦੇ ਮਨ ਵਿਚ ਕੇਸਰੀ ਰੰਗ ਦੇ ਮਿੱਠੇ ਪਲਾਓ ਦੀ ਤਸਵੀਰ ਆ ਜਾਂਦੀ ਹੈ ਜਿਸ ਵਿਚ ਸੁੱਕੇ ਮੇਵੇ ਪਏ ਹੋਣ। ਪਰ ਪੰਜਾਬ ਦੇ ਨੌਜਵਾਨ ਨੇ ਇਸ ਜ਼ਰਦੇ ਦੇ ਸਵਾਦੀ ਪਕਵਾਨ ਵਿਚੋਂ ਇਹ ਸ਼ਾਹੀ ਸਵਾਦ, ਤਾਕਤ ਤੇ ਮਿਠਾਸ ਕੱਢ ਕੇ ਵਗਾਹ ਮਾਰੀ ਹੈ ਤੇ ਉਸਦੀ ਥਾਂ ਇਕ ਹੋਰ ਜ਼ਰਦਾ ਆਪਣੀ ਜ਼ਿੰਦਗੀ ਨਾਲ ਜੋੜ ਲਿਆ ਹੈ, ਜਿਸਨੇ ਉਸਦੇ ਖ਼ੂਨ ਨੂੰ ਪੀਲਾ ਜ਼ਰਦ ਕਰ ਦਿੱਤਾ ਹੈ ਤੇ ਸਰੀਰ ਨੂੰ ਨਿਤਾਣਾ ਬਣਾ ਦਿੱਤਾ ਹੈ। ਹਰ ਸ਼ਖ਼ਸ ਦੀ ਜ਼ਿੰਦਗੀ ਨਾਲ ਕੋਈ ਨਾ ਕੋਈ ਨਸ਼ਾ ਪੱਕੀ ਤਰ੍ਹਾਂ ਜੁੜ ਗਿਆ ਹੈ ਪਰ ਜ਼ਰਦਾ ਤੇ ਗੁਟਕਾ ਪਹਿਲੇ ਨੰਬਰ 'ਤੇ ਹੈ। ਪੰਜਾਬ ਦੇ 66% ਸਕੂਲੀ ਬੱਚੇ ਗੁਟਖੇ ਨਾਮੀ ਨਸ਼ੇ ਦੇ ਆਦੀ ਹੋ ਗਏ ਹਨ। ਹਰ ਸਕੂਲ ਕਾਲਜ ਦੇ ਨੇੜੇ ਪਾਨ ਮਸਾਲਾ, ਗੁਟਖਾ ਤੇ ਜ਼ਰਦਾ ਵੇਚਣ ਦੇ ਨਿੱਕੇ ਨਿੱਕੇ ਖੋਖੇ ਵੱਡੀ ਗਿਣਤੀ ਵਿੱਚ ਮਿਲਦੇ ਹਨ। ਕੇਵਲ ਲੁਧਿਆਣਾ ਸ਼ਹਿਰ ਵਿਚ ਹੀ ਇਨ੍ਹਾਂ ਦੀ ਗਿਣਤੀ 15 ਹਜ਼ਾਰ ਤੋਂ ਵੱਧ ਹੈ। ਇਸ ਗੁਟਖੇ-ਜ਼ਰਦੇ ਦੇ ਨਸ਼ੇ ਦੇ ਆਦੀ ਦਿਨ ਵਿੱਚ 20-22 ਵਾਰੀ ਵੀ ਇਸ ਨੂੰ ਖਾ ਕੇ ਚੈਨ ਨਹੀਂ ਲੈਂਦੇ। ਉਨ੍ਹਾਂ ਦਾ ਖ਼ੂਨ ਇਤਨਾ ਜ਼ਹਿਰੀਲਾ ਹੋ ਜਾਂਦਾ ਹੈ ਕਿ ਜੇ ਜੋਕ ਵੀ ਉਸ ਨੂੰ ਚੂਸੇ ਤਾਂ ਮਰ ਜਾਏਗੀ। ਇਸ ਦਸ਼ਾ ਵਿਚ ਉਹ ਘਰੋਂ ਚੋਰੀ ਕਰਕੇ ਜਾਂ ਬਾਹਰੋਂ ਚੁਰਾ ਕੇ ਆਪਣਾ ਝੱਸ ਪੂਰਾ ਕਰਦੇ ਹਨ। ਕੋਈ ਝੂਠ ਬੋਲ ਕੇ, ਫ਼ਰੇਬ ਕਰਕੇ, ਧੋਖਾ ਦੇ ਕੇ, ਮਾਂ-ਬਾਪ, ਸਾਕ ਸੰਬੰਧੀਆਂ, ਮਿੱਤਰਾਂ-ਦੋਸਤਾਂ ਅੱਗੇ ਹੱਥ ਅੱਡਦਾ ਹੈ। ਆਪ ਜ਼ਲੀਲ ਹੁੰਦਾ ਹੈ, ਤੜਪਦਾ ਹੈ ਤੇ ਤਣਾਅ ਵਿਚ ਭਟਕਦਾ ਫਿਰਦਾ ਹੈ। ਹੋਰ ਤਾਂ ਹੋਰ ਕੁੜੀਆਂ ਵੀ ਨਸ਼ਿਆਂ ਦੀ ਆਦੀ ਹੋ ਗਈਆਂ ਹਨ। ਨਸ਼ੇ ਦੇ ਕੈਪਸੂਲ ਤਾਂ ਉਨ੍ਹਾਂ ਲਈ ਬਦਾਮ ਹਨ। ਸਰੂਰ ਦੇ ਚਸਕੇ ਵਿਚ ਫੈਂਸੀ ਸਿਰਪ ਦੀਆਂ ਸ਼ੀਸ਼ੀਆਂ ਦੀਆਂ ਸ਼ੀਸ਼ੀਆਂ ਚੜ੍ਹਾ ਜਾਂਦੀਆਂ ਹਨ। ਇਸ ਨਸ਼ੀਲੇ ਸਿਰਪ ਕਰਕੇ ਦੋ ਤਿੰਨ ਮਹੀਨਿਆਂ ਪਿੱਛੋਂ ਉਹਨਾਂ ਨੂੰ ਮਿਰਗੀ ਦੇ ਦੌਰੇ ਪੈਣੇ ਸ਼ੁਰੂ ਹੋ ਜਾਂਦੇ ਹਨ ਤੇ ਇਵੇਂ ਨਾ ਸਮਝੀ ਕਾਰਨ ਉਹ ਆਪਣੀ ਸਾਰੀ ਜ਼ਿੰਦਗੀ ਦੁੱਖ ਤੇ ਦਲਿੱਦਰ ਦੇ ਨਰਕ ਵਿਚ ਤੜਪ ਤੜਪ ਕੇ ਤਣਾਅ ਭਰਿਆ ਜੀਵਨ ਜਿਊਂਦੀਆਂ ਹਨ। ਨਸ਼ਈ ਲੋਕ ਇਸ ਹੱਦ ਤੱਕ ਚਲੇ ਗਏ ਕਿ ਛਿਪਕਲੀਆਂ ਦੀਆਂ ਪੂਛਾਂ ਤੱਕ ਖਾ ਕੇ ਆਇਓਡੈਕਸ ਡਬਲਰੋਟੀ 'ਤੇ ਲਗਾ ਕੇ ਤੇ ਬੂਟ ਪਾਲਸ਼ ਨਾਲ ਹੀ ਨਸ਼ੇ ਦੀ ਲਤ ਪੂਰੀ ਕਰ ਲੈਂਦੇ ਹਨ। ਹੋਸਟਲਾਂ ਦੇ ਬਾਹਰ ਵਿਦਿਆਰਥੀ ਭੁੱਕੀ, ਪੋਸਤ, ਡੋਡੇ, ਸਮੈਕ,ਹਸ਼ੀਸ਼ ਗਾਂਜਾ, ਹੀਰੋਇਨ ਆਦਿ ਸਭ ਕੁਝ ਚਲਾ ਲੈਂਦੇ ਹਨ। ਇਹੀ ਲੋਕ ਅੱਗੇ ਜਾ ਕੇ ਮਾਫੀਏ ਦੇ ਮੈਂਬਰ ਬਣ ਜਾਂਦੇ ਹਨ ਤੇ ਆਪ ਅਤੇ ਸਮਾਜ ਲਈ ਤਣਾਅ ਦਾ ਕਾਰਨ ਬਣਦੇ ਹਨ।

ਅਨੁਮਾਨ ਹੈ ਕਿ ਸੰਨ 2030 ਈ: ਤੱਕ ਤੰਬਾਕੂ ਦੀ ਲਾਹਨਤ ਕਰਕੇ ਹਰ ਸਾਲ 1 ਕਰੋੜ ਭਾਰਤੀਆਂ ਨੂੰ ਜਾਨ ਤੋਂ ਹੱਥ ਧੋਣੇ ਪੈਣਗੇ। ਇਤਨੇ ਮਨੁੱਖ ਤਾਂ ਕਿਸੇ ਮਹਾਮਾਰੀ ਜਾਂ ਯੁੱਧ ਵਿਚ ਵੀ ਨਹੀਂ ਮਰੇ ਹੋਣਗੇ। ਜਿਨ੍ਹਾਂ ਦਾ ਥੋੜ੍ਹੇ ਨਸ਼ੇ ਨਾਲ ਕੁਝ ਨਹੀਂ ਬਣਦਾ, ਉਹ ਇਕ ਸਪੋਲੀਏ ਨੂੰ ਕਿਸੇ ਬੋਤਲ ਜਾਂ ਡੱਬੇ ਵਿਚ ਬੰਦ ਕਰਕੇ ਰੱਖ ਲੈਂਦੇ ਹਨ। ਜਦ ਨਸ਼ੇ ਤੋਂ ਉਖੜਦੇ ਹਨ ਤਾਂ ਸਪੋਲੀਏ ਦਾ ਡੰਗ ਆਪਣੀ ਜੀਭ 'ਤੇ ਮਰਵਾ ਲੈਂਦੇ ਹਨ, ਜਿਸ ਕਰਕੇ ਉਨ੍ਹਾਂ ਦੇ ਸਰੀਰ ਵਿਚ ਥੋੜ੍ਹਾ ਜਿਹਾ ਜ਼ਹਿਰ ਚਲਾ ਜਾਂਦਾ ਹੈ ਤੇ 12-14 ਘੰਟੇ ਤੱਕ ਉਹ ਨੀਮ ਮਦਹੋਸ਼ੀ ਦੀ ਹਾਲਤ ਵਿਚ ਰਹਿ ਜਾਂਦੇ ਹਨ। ਇੰਡੀਅਨ ਕੌਂਸਲ ਆਫ ਮੈਡੀਕਲ ਰੀਸਰਚ 2000 ਦੀ ਸਟੱਡੀ ਅਨੁਸਾਰ ਤੰਬਾਕੂ, ਜ਼ਰਦਾ, ਗੁਟਖਾ ਆਦਿ ਦੇ ਸੇਵਨ ਨਾਲ ਦਿਲ ਦੇ ਰੋਗ, ਫੇਫੜਿਆਂ ਦੇ ਸੁਕੜਨ ਦੇ ਰੋਗ ਤੇ ਕੈਂਸਰ ਦੇ ਰੋਗ ਫੈਲਦੇ ਹਨ। ਇਹ ਜਾਨ ਲੇਵਾ ਤਾਂ ਹੁੰਦੇ ਹੀ ਹਨ ਪਰ ਹਰ ਸਾਲ ਸਰਕਾਰ ਦਾ 27761 ਕਰੋੜ ਰੁਪਈਆ ਵੀ ਦਵਾਈਆਂ ਅਤੇ ਇਲਾਜ ਦੀ ਸ਼ਕਲ ਵਿਚ ਬਰਬਾਦ ਕਰ ਦਿੰਦੇ ਹਨ।

ਸਕੂਲ ਦੇ ਬੱਚੇ, ਨੌਜਵਾਨ ਤੇ ਹੋਰ ਨਸ਼ੇ ਦੇ ਆਦੀ ਲੋਕ ਉਜਾੜ ਵਿਚ ਜਾਂ ਜਿੱਥੇ ਵੀ ਮੌਕਾ ਮਿਲੇ ਮਾਰਫ਼ੀਨ ਦਾ ਟੀਕਾ ਲਗਾ ਕੇ ਉਥੇ ਹੀ ਮੂਧੇ ਹੋ ਜਾਂਦੇ ਹਨ। ਕਈ ਬੱਚੇ ਤੇ ਹੋਰ ਬੰਦਿਆਂ ਦੀਆਂ ਲਾਸ਼ਾਂ ਵਧੇਰੇ ਨਸ਼ਾ ਕਰਨ ਕਰਕੇ ਉਜਾੜਾਂ ਤੋਂ ਮਿਲੀਆਂ ਹਨ। ਮਾਵਾਂ ਆਪਣੇ ਜਵਾਨ ਪੁੱਤਾਂ ਦੀਆਂ ਫੋਟੋਆਂ ਚੁੱਕ-ਚੁੱਕ ਕੇ ਵਿਰਲਾਪ ਕਰਦੀਆਂ ਹਨ ਕਿ ਨਸ਼ਿਆਂ ਨੇ ਉਨ੍ਹਾਂ ਦੀ ਹਰੀ-ਭਰੀ ਗੋਦ ਉਜਾੜ ਦਿੱਤੀ ਹੈ ਤੇ ਪਰਿਵਾਰ ਨੂੰ ਸਦਾ ਲਈ ਤਣਾਅ ਵਿਚ ਗੋਤੇ ਖਾਣ ਲਈ ਛੱਡ ਦਿੱਤਾ ਹੈ।

ਚਾਰ ਕੁਰਹਿਤਾਂ ਵਿਚੋਂ ਸਭ ਤੋਂ ਵੱਧ ਜ਼ੋਰ ਇਸ ਗੱਲ 'ਤੇ ਦਿੱਤਾ ਗਿਆ ਕਿ ਗੁਰੂ ਕੇ ਸਿੱਖ ਨੇ ਆਪਣੇ ਸਦਾਚਾਰ ਅਤੇ ਸਿਹਤ ਦੀ ਹਰ ਲਿਹਾਜ਼ ਨਾਲ ਸੰਭਾਲ ਕਰਨੀ ਹੈ। ਤੰਬਾਕੂ ਅਤੇ ਨਸ਼ਿਆਂ ਦਾ ਸੇਵਨ ਨਹੀਂ ਕਰਨਾ। ਸਾਰੀ 18ਵੀਂ ਸਦੀ ਵਿਚ ਸਿੱਖਾਂ ਨੇ ਆਪਣੇ ਗੁਰੂ ਦੇ ਬਚਨਾਂ 'ਤੇ ਪਹਿਰਾ ਦਿੱਤਾ ਤੇ ਉਨ੍ਹਾਂ ਪਰ ਕਿਸੇ ਪ੍ਰਕਾਰ ਦੀ ਆਂਚ ਨਾ ਆਉਣ ਦਿੱਤੀ, ਸਿੱਖਾਂ ਦੇ ਸਿਰਾਂ ਦੇ ਮੁੱਲ ਪਏ, ਬੰਦ ਬੰਦ ਕੱਟ ਗਏ ਪਰ ਖ਼ਾਲਸਾਈ ਸ਼ਾਨ ਨੂੰ ਹਮੇਸ਼ਾ ਲਈ ਚਮਕਾਈ ਰੱਖਿਆ। ਅੱਜ ਸਿੱਖ ਪਾਸ ਸਭ ਕੁਝ ਹੈ, ਸੰਸਾਰਕ ਸੁਖ ਹੈ, ਆਨ-ਸ਼ਾਨ ਹੈ ਪਰ ਫਿਰ ਵੀ ਆਪਣੇ ਆਦਰਸ਼ਕ ਜੀਵਨ ਤੋਂ ਭਟਕ ਗਿਆ ਹੈ। **ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ** ਵਾਲਾ ਸਿੱਖ ਅੱਜ ਨਸ਼ਿਆਂ ਦੀ ਜ਼ਹਿਰ ਵੱਲ ਖਿੱਚਿਆ ਗਿਆ ਹੈ। ਨੌਜਵਾਨ ਨਸ਼ਿਆਂ ਦੀ ਲਤ ਵਿਚ ਫਸ ਕੇ, ਸਿਰ ਮੂੰਹ ਮੁਨਾ ਕ, ਆਪ ਵੀ, ਮਾਂ ਬਾਪ ਲਈ ਤੇ ਭੈਣ ਭਰਾ ਲਈ ਵੀ ਦੁੱਖ ਤੇ ਤਣਾਅ ਨੂੰ ਸੱਦਾ ਦੇ ਰਹੇ ਹਨ। ਨਸ਼ਿਆਂ ਦੀ ਮਾਰੂ ਜਾਕੜ ਵਿਚ ਸਾਰਾ ਸੰਸਾਰ ਬੜੀ ਤੇਜ਼ੀ ਨਾਲ ਫਸਦਾ ਜਾ ਰਿਹਾ ਹੈ। ਯੂ. ਐਨ.ਓ. ਦੀ ਅਪ੍ਰੈਲ 1994 ਦੀ "ਯੂਨੈਸਕੋ ਸੋਰਸਿਜ਼" ਵਿਚ ਦੱਸਿਆ ਗਿਆ ਹੈ ਕਿ ਨਸ਼ੀਲੀਆਂ ਦਵਾਈਆਂ ਦਾ ਵਾਰਸ਼ਿਕ ਵਪਾਰ ਲਗਭਗ 15000 ਬਿਲੀਅਨ ਅਮਰੀਕੀ ਡਾਲਰ ਦਾ ਹੋ ਗਿਆ ਹੈ। ਅੱਜ ਤਾਂ ਇਹ ਅੰਕੜੇ ਕਈ ਗੁਣਾ ਵਧ ਗਏ ਹੋਣਗੇ। ਇਸ ਦੇ ਨਤੀਜਾ ਵਜੋਂ ਘਰ ਘਰ ਲੋਕ ਮਰ ਰਹੇ ਹਨ ਤੇ ਉਨ੍ਹਾਂ ਦੇ ਪਰਿਵਾਰ ਦੇ ਜੀਅ ਤਣਾਅ ਭਰਿਆ ਜੀਵਨ ਜੀ ਰਹੇ ਹਨ।

ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਜੀ ਨੇ ਤੇ ਫਿਰ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਸ਼ਰਾਬ ਦੇ ਮਾੜੇ ਪ੍ਰਭਾਵ ਨੂੰ ਦੇਖਦੇ ਹੋਏ ਸਮਝਾਇਆ ਕਿ ਐ ਮਨੁੱਖ। ਸ਼ਰਾਬ ਰੂਪੀ ਝੂਠੇ, ਫਿੱਕੇ ਤੇ ਫੋਕਿਆਂ ਨਸ਼ਿਆਂ ਵਿਚ ਕੀ ਪਿਆ ਹੈ? ਇਹ ਤਾਂ ਖਵਾਰੀ ਤੇ ਬਰਬਾਦੀ ਦੇ ਔਗੁਣਾਂ ਨਾਲ ਭਰੇ ਪਏ ਹਨ।

**ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ॥ (399)**

ਸ਼ਰਾਬ ਪੀਣ ਵਾਲੇ ਮਨੁੱਖ ਦੀ ਅਕਲ ਮਾਰੀ ਜਾਂਦੀ ਹੈ। ਉਹ ਊਲ-ਜਲੂਲ ਬਕਣ ਲੱਗ ਜਾਂਦਾ ਹੈ। ਉਸ ਨੂੰ ਆਪਣੇ ਪਰਾਏ ਦੀ ਸੁਧ ਬੁਧ ਨਹੀਂ ਰਹਿੰਦੀ ਤੇ ਆਪਣੇ ਮਾਲਕ ਤੋਂ ਧੱਕੇ ਖਾਂਦਾ ਹੈ:-

**ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥**
**ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥ (554)**

ਇਹ ਚੰਦਰੀ ਸ਼ਰਾਬ ਲੱਖਾਂ ਨੌਜਵਾਨਾਂ ਦੀਆਂ ਜਵਾਨੀਆਂ ਨੂੰ ਆਪਣੇ ਵਿੱਚ ਰੋੜ੍ਹ ਕੇ ਲੈ ਗਈ ਹੈ। ਪੰਜਾਬ ਵਿਚ ਕਦੇ ਸੁਖ-ਆਰਾਮ ਅਤੇ ਆਨ-ਸ਼ਾਨ ਨਾਲ ਜੀਵਨ ਬਸਰ ਕਰਨ ਵਾਲੇ ਵਿਅਕਤੀ ਅੱਜ ਕਰਜ਼ੇ ਵਿਚ ਡੁੱਬੇ ਹੋਏ ਹਨ। ਇਹ ਸਭ ਸ਼ਰਾਬ ਦੇ ਨਸ਼ੇ ਵਿਚ ਘਰ ਦੀ ਸਾਰੀ ਪੂੰਜੀ ਰੁੜ੍ਹਨ ਕਰਕੇ ਹੀ ਹੋਇਆ ਹੈ। ਸ਼ਰਾਬ ਤੇ ਹੋਰ ਨਸ਼ੇ ਸ਼ੁਹਰਤ, ਇੱਜ਼ਤ, ਮਾਣ-ਸਤਿਕਾਰ ਤੇ ਤੰਦਰੁਸਤੀ ਨੂੰ ਖ਼ਤਮ ਕਰਨ ਵਾਲੇ ਮਾਰੂ ਜ਼ਹਿਰ ਹਨ। ਨਸ਼ੇ, ਸੇਵਨ ਕਰਨ ਵਾਲੇ ਦੀ ਪਤਨੀ, ਬੱਚੇ, ਪਰਿਵਾਰ ਤੇ ਖੁਦ ਉਸਦੇ ਆਪਣੇ ਲਈ ਤਣਾਅ ਦਾ ਸਾਮਾਨ ਬਣਦੇ ਹਨ।

ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਦੇਸ਼ ਵਿਚ ਜਿਤਨੇ ਵੀ ਬਲਾਤਕਾਰ ਹੁੰਦੇ ਹਨ, ਉਨ੍ਹਾਂ ਵਿਚੋਂ 69% ਨਸ਼ੱਈ ਕਰਦੇ ਹਨ। 65% ਵਾਹਨਾਂ ਦੀਆਂ ਚੋਰੀਆਂ ਵਿਚ ਨਸ਼ੱਈਆਂ ਦਾ ਹੱਥ ਹੁੰਦਾ ਹੈ, 74% ਡਾਕੇ ਵੀ ਇਹ ਹੀ ਮਾਰਦੇ ਹਨ। ਬਿਨਾਂ ਕਿਸੇ ਕਾਰਨ ਦੇ ਦੂਜਿਆਂ ਨਾਲ ਖਹਿਬੜਨਾ ਇਨ੍ਹਾਂ ਦਾ ਸ਼ੁਗਲ ਹੈ ਤੇ 80% ਵਾਰਦਾਤਾਂ ਇਨ੍ਹਾਂ ਦੇ ਹੱਥਾਂ ਵਿਚੋਂ ਨਿਕਲਦੀਆਂ ਹਨ। 80% ਸੜਕਾਂ ਦੁਰਘਟਨਾਵਾਂ ਤੇ 90% ਛੁਰੇ ਮਾਰਨ ਦੀਆਂ ਘਟਨਾਵਾਂ ਨਸ਼ੱਈਆਂ ਕਰਕੇ ਹੀ ਵਾਪਰਦੀਆਂ ਹਨ। ਨਸ਼ੇ ਕਰਕੇ 64% ਮਨੁੱਖ ਆਪਣਾ ਹੱਸਦਾ, ਰਸਦਾ ਤੇ ਵਸਦਾ ਘਰ ਉਜਾੜ ਲੈਂਦੇ ਹਨ।

ਸੋ ਤਣਾਅ-ਰਹਿਤ ਜੀਵਨ ਜੀਊਣ ਦਾ ਇਰਾਦਾ ਰੱਖਣ ਵਾਲਿਆਂ ਨੂੰ ਇਹ ਸਤਵਾਂ ਸਤਰ ਸਦਾ ਯਾਦ ਰੱਖਣਾ ਚਾਹੀਦਾ ਹੈ ਨਸ਼ਿਆਂ ਤੋਂ ਪੂਰੀ ਤਰ੍ਹਾਂ ਬਚੋ।

-0-

# ਇਕੱਲੇਪਣ ਨੂੰ ਦੂਰ ਭਜਾਓ



ਹਰਪ੍ਰੀਤ ਕੌਰ ਸੰਧੂ # 90410-73310

ਅੱਜ ਦਾ ਮਨੁੱਖ ਮਾਨਸਿਕ ਰੋਗਾਂ ਦਾ ਸ਼ਿਕਾਰ ਹੋ ਰਿਹਾ ਹੈ। ਇਸ ਵਿੱਚ ਸਭ ਤੋਂ ਜ਼ਿਆਦਾ ਡਿਪਰੈਸ਼ਨ ਫੈਲ ਰਿਹਾ ਹੈ। ਡਿਪਰੈਸ਼ਨ ਇੱਕ ਮਨੋਰੋਗ ਹੈ, ਪਰ ਇਸ ਦੀ ਸ਼ੁਰੂਆਤ ਇਕੱਲਤਾ ਤੋਂ ਹੁੰਦੀ ਹੈ। ਅੱਜ ਸਾਡੇ ਸਮਾਜ ਦੀ ਤ੍ਰਾਸਦੀ ਸਾਡੀ ਇਕੱਲਤਾ ਹੈ। ਇਕੱਲਾਪਣ ਸਾਡੇ ਸਮਾਜ ਵਿੱਚ ਇਸ ਕਦਰ ਫੈਲ ਚੁੱਕਾ ਹੈ ਕਿ ਅੰਦਰੋਂ ਹਰ ਕੋਈ ਖੋਖਲਾ ਹੋ ਰਿਹਾ ਹੈ।

ਮਾਤਾ-ਪਿਤਾ ਜੋ ਸਾਰੀ ਜ਼ਿੰਦਗੀ ਬੱਚਿਆਂ ਦੇ ਲੇਖੇ ਲਾ ਦਿੰਦੇ ਹਨ, ਉਹ ਜਦੋਂ ਸਿਆਣੀ ਉਮਰ ਵਿੱਚ ਪਹੁੰਚਦੇ ਹਨ ਤਾਂ ਇਕੱਲੇ ਹੋ ਜਾਂਦੇ ਹਨ। ਬੱਚੇ ਹੁਣ ਤਾਂ ਬਹੁਤ ਛੋਟੀ ਉਮਰ ਵਿੱਚ ਹੀ ਪੜ੍ਹਨ ਲਈ ਘਰੋਂ ਬਾਹਰ ਚਲੇ ਜਾਂਦੇ ਹਨ। ਫਿਰ ਉਨ੍ਹਾਂ ਦੀਆਂ ਨੌਕਰੀਆਂ ਉਨ੍ਹਾਂ ਨੂੰ ਦੇਸ਼ ਵਿਦੇਸ਼ ਵਿੱਚ ਲੈ ਜਾਂਦੀਆਂ ਹਨ। ਅਜਿਹੇ ਵਿੱਚ ਮਾਤਾ-ਪਿਤਾ ਇਕੱਲੇ ਰਹਿ ਜਾਂਦੇ ਹਨ।

ਪੰਛੀ ਆਪਣੀ ਗੱਲ ਸਾਨੂੰ ਬੋਲ ਕੇ ਨਹੀਂ ਦੱਸ ਸਕਦੇ, ਪਰ ਜਦੋਂ ਉਨ੍ਹਾਂ ਦੇ ਆਲ੍ਹਣਿਆਂ ਵਿੱਚੋਂ ਬੱਚੇ ਉਡ ਜਾਂਦੇ ਹਨ ਤਾਂ ਉਨ੍ਹਾਂ ਦੇ ਚਿਹਰੇ 'ਤੇ ਮਾਯੂਸੀ ਦੇਖੀ ਜਾ ਸਕਦੀ ਹੈ। ਠੀਕ ਇਸੇ ਤਰ੍ਹਾਂ ਮਾਤਾ-ਪਿਤਾ ਵੀ ਬੱਚਿਆਂ ਤੋਂ ਬਿਨਾਂ ਬਹੁਤ ਇਕੱਲੇ ਹੋ ਜਾਂਦੇ ਹਨ। ਉਸ ਉਮਰ ਵਿੱਚ ਉਨ੍ਹਾਂ ਨੂੰ ਕਿਸੇ ਦਾ ਸਹਾਰਾ ਚਾਹੀਦਾ ਹੁੰਦਾ ਹੈ, ਪਰ ਉਨ੍ਹਾਂ ਕੋਲ ਕੋਈ ਵੀ ਨਹੀਂ ਹੁੰਦਾ। ਫਿਰ ਉਹ ਆਪਣੇ ਨੌਕਰਾਂ ਦੇ ਮੁਥਾਜ ਹੋ ਜਾਂਦੇ ਹਨ।

ਸਾਡਾ ਸਮਾਜਿਕ ਢਾਂਚਾ ਦਿਨ ਬ ਦਿਨ ਬਦਲ ਰਿਹਾ ਹੈ। ਇਹ ਆਧੁਨਿਕਤਾ ਦੀ ਭੇਂਟ ਚੜ੍ਹਦਾ ਜਾ ਰਿਹਾ ਹੈ। ਹੁਣ ਅਸੀਂ ਕਿਸੇ ਦੇ ਘਰ ਜਾਣਾ ਹੋਵੇ ਤਾਂ ਫੋਨ ਕਰਕੇ ਜਾਂਦੇ ਹਾਂ। ਬਾਕਾਇਦਾ ਪੁੱਛਦੇ ਹਾਂ ਕਿ ਅਸੀਂ ਮਿਲਣ ਆਉਣਾ ਹੈ। ਵੈਸੇ ਬਿਨਾਂ ਕੰਮ ਤੋਂ ਤਾਂ ਕੋਈ ਕਿਸੇ ਨੂੰ ਮਿਲਣ ਵੀ ਨਹੀਂ ਜਾਂਦਾ। ਅਕਸਰ ਇਹ ਆਉਣਾ ਜਾਣਾ ਸੁੱਖ ਦੁੱਖ ਵਿੱਚ ਹੀ ਹੁੰਦਾ ਹੈ। ਬਹੁਤਾ ਕੰਮ ਤਾਂ ਵਟਸਐਪ ਹੀ ਸਾਰ ਦਿੰਦਾ ਹੈ। ਹੁਣ ਅਸੀਂ ਦਿਨ ਤਿਉਹਾਰ 'ਤੇ ਆਂਢ-ਗੁਆਂਢ ਵਿੱਚ ਮਿਠਾਈ ਦੀ ਪਲੇਟ ਲੈ ਕੇ ਨਹੀਂ ਜਾਂਦੇ। ਅਸੀਂ ਵਟਸਐਪ 'ਤੇ ਸੁਨੇਹਾ ਭੇਜ ਦਿੰਦੇ ਹਾਂ।

ਦਿਨ ਤਿਉਹਾਰ 'ਤੇ ਜੇ ਅਸੀਂ ਕਿਸੇ ਦੇ ਘਰ ਜਾਂਦੇ ਵੀ ਹਾਂ ਤਾਂ ਰਸਮੀ ਤੌਰ 'ਤੇ ਡੱਬਾ ਦੇਣ ਹੀ ਜਾਂਦੇ ਹਾਂ। ਉੱਥੇ ਬੈਠ ਕੇ ਇੱਕ ਕੱਪ ਚਾਹ ਪੀਣੀ ਵੀ ਸਾਨੂੰ ਭਾਰੂ ਹੋਣ ਲੱਗਦੀ ਹੈ। ਪਤਾ ਨਹੀਂ ਸਾਡੇ ਪਿੱਛੇ ਕੌਣ ਲੱਗਾ ਹੋਇਆ ਹੈ ਜੋ ਇੰਨੀ ਹਫੜਾ ਦਫੜੀ ਮਚੀ ਹੋਈ ਹੈ। ਜ਼ਿੰਦਗੀ ਵਿੱਚ ਦੋ ਪਲ ਕਿਸੇ ਨਾਲ ਗੱਲ ਦੀ ਸਾਂਝ ਨਹੀਂ ਪਾਉਂਦੇ। ਕੋਈ ਸਮਾਂ ਸੀ ਜਦੋਂ ਬਜ਼ੁਰਗ ਇਕੱਠੇ ਬਹਿ ਕੇ ਸੱਥ ਵਿੱਚ ਕਿੰਨਾ ਕਿੰਨਾ ਚਿਰ ਗੱਲਾਂ ਕਰਦੇ ਸਨ। ਉਨ੍ਹਾਂ ਨੂੰ ਦਿਲ ਦੇ ਦੌਰੇ ਨਹੀਂ ਪੈਂਦੇ ਸਨ। ਨਾ ਹੀ ਉਹ ਖੂਨ ਪਤਲਾ ਕਰਨ ਦੀ ਦਵਾਈ ਖਾਂਦੇ ਸਨ।

ਸਾਡੀਆਂ ਮਾਵਾਂ ਬੱਚਿਆਂ ਨੂੰ ਤੇ ਪਤੀ ਨੂੰ ਤੋਰ ਕੇ ਘਰ ਦਾ ਕੰਮ ਮੁਕਾ ਕੇ ਕਿਸੇ ਇੱਕ ਦੇ ਘਰ ਇਕੱਠੀਆਂ ਹੋ ਬਹਿ ਜਾਂਦੀਆਂ ਸਨ। ਹੱਸ ਹੱਸ ਕੇ ਗੱਲਾਂ ਕਰਦੀਆਂ। ਆਪਣਾ ਦੁੱਖ ਸੁੱਖ ਵੀ ਸਾਂਝਾ ਕਰ ਲੈਂਦੀਆਂ। ਉਹ ਹੌਲੀਆਂ ਫੁੱਲ ਹੋ ਕੇ ਘਰਾਂ ਨੂੰ ਆਉਂਦੀਆਂ ਤੇ ਹੱਸ ਕੇ ਆਪਣੇ ਬੱਚਿਆਂ ਤੇ ਪਤੀ ਦਾ ਸਵਾਗਤ ਕਰਦੀਆਂ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਤਕਨਾਲੋਜੀ ਨੇ ਸਾਨੂੰ ਬਹੁਤ ਸਹੂਲਤਾਂ ਦਿੱਤੀਆਂ ਹਨ। ਸਾਡੀ ਜ਼ਿੰਦਗੀ ਨੂੰ ਬਿਹਤਰ ਤੇ ਸੁਖਾਲਾ ਬਣਾਇਆ ਹੈ। ਇਸ ਨੇ ਸਾਨੂੰ ਸੁੱਖ ਤਾਂ ਜ਼ਰੂਰ ਦਿੱਤਾ ਹੈ, ਪਰ ਸਕੂਨ ਖੋਹ ਲਿਆ ਹੈ।

ਹੁਣ ਸਾਡੇ ਕੋਲ ਸਮਾਂ ਨਹੀਂ ਕਿਸੇ ਨਾਲ ਵਿਹਲੀਆਂ ਗੱਲਾਂ ਕਰਨ ਦਾ। ਇੱਧਰ ਉੱਧਰ ਦੀਆਂ ਉਹ ਗੱਲਾਂ ਜੋ ਮਨ ਨੂੰ ਹੌਲਾ ਫੁੱਲ ਕਰ ਦੇਣ। ਅਸੀਂ ਫੋਨ ਵੀ ਉਦੋਂ ਹੀ ਕਰਦੇ ਹਾਂ ਜਦੋਂ ਬਹੁਤ ਜ਼ਰੂਰੀ ਹੋਵੇ। ਅੱਜਕੱਲ੍ਹ ਦੇ ਬੱਚੇ ਤਾਂ ਫੋਨ ਵੀ ਨਹੀਂ ਕਰਦੇ। ਉਹ ਸਿਰਫ਼ ਮੈਸੇਜ 'ਤੇ ਹੀ ਆਪਣੀ ਗੱਲ ਇੱਕ ਦੂਜੇ ਨੂੰ ਕਹਿੰਦੇ ਹਨ। ਕਈ ਵਾਰ ਤਾਂ ਬਹੁਤ ਹੈਰਾਨੀ ਹੁੰਦੀ ਹੈ ਜਦੋਂ ਬੱਚਾ ਇਕਦਮ ਉੱਠ ਕੇ ਦਰਵਾਜ਼ਾ ਖੋਲ੍ਹਦਾ ਹੈ ਤੇ ਸਾਹਮਣੇ ਉਸ ਦਾ ਦੋਸਤ ਖੜ੍ਹਾ ਹੁੰਦਾ ਹੈ। ਅਕਸਰ ਮਾਤਾ-ਪਿਤਾ ਸੋਚਦੇ ਹਨ ਕਿ ਇਸ ਨੂੰ ਕਿੰਞ ਪਤਾ ਲੱਗਾ ਦੋਸਤ ਦੇ ਆਉਣ ਦਾ ਕਿਉਂਕਿ ਉਸ ਨੇ ਬੈੱਲ ਤਾਂ ਵਜਾਈ ਹੀ ਨਹੀਂ, ਨਾ ਹੀ ਫੋਨ ਕੀਤਾ। ਪਰ ਦੋਸਤ ਨੇ ਮੈਸੇਜ ਕਰ ਦਿੱਤਾ ਹੁੰਦਾ ਹੈ।

ਘਰ ਵਿੱਚ ਜੇ ਚਾਰ ਜੀ ਹਨ ਤਾਂ ਕੋਈ ਆਪਣਾ ਕੰਪਿਊਟਰ ਖੋਲ੍ਹੀਂ ਬੈਠਾ ਹੈ, ਕੋਈ ਲੈਪਟਾਪ, ਕੋਈ ਫੋਨ 'ਤੇ ਗਾਣੇ ਸੁਣ ਰਿਹਾ ਹੈ। ਮਸ਼ੀਨਾਂ ਨਾਲ ਰਹਿੰਦਿਆਂ ਰਹਿੰਦਿਆਂ ਅਸੀਂ ਮਸ਼ੀਨ ਹੋ ਰਹੇ ਹਾਂ। ਪਤਾ ਨਹੀਂ ਸਾਡੇ ਅੰਦਰੋਂ ਭਾਵਨਾਵਾਂ ਖ਼ਤਮ ਹੋ ਰਹੀਆਂ ਹਨ ਜਾਂ ਅਸੀਂ ਮਹਿਸੂਸ ਕਰਨਾ ਬੰਦ ਕਰ ਰਹੇ ਹਾਂ। ਰਿਸ਼ਤੇ ਬੜੇ ਤਕਨੀਕੀ ਹੁੰਦੇ ਜਾ ਰਹੇ ਹਨ। ਮੋਹ ਪਿਆਰ ਖ਼ਤਮ ਹੋ ਚੁੱਕਾ ਹੈ। ਰਿਸ਼ਤੇ ਸ਼ਰਤਾਂ 'ਤੇ ਨਿਭ ਰਹੇ ਹਨ। ਜੇ ਕੋਈ ਮੇਰੇ ਮੁਤਾਬਿਕ ਚੱਲਦਾ ਹੈ ਤਾਂ ਰਿਸ਼ਤਾ ਚੱਲਦਾ ਹੈ ਨਹੀਂ ਤਾਂ ਵੱਖਰੇ ਹੋ ਜਾਂਦੇ ਹਾਂ।

ਅਜਿਹੇ ਵਿੱਚ ਹਰ ਮਨੁੱਖ ਇੱਕ ਖਲਾਅ ਵਿੱਚ ਜੀ ਰਿਹਾ ਹੈ। ਉਦਾਸ ਸਿਰਫ਼ ਉਹ ਨਹੀਂ ਜੋ ਉਦਾਸ ਨਜ਼ਰ ਆਉਂਦਾ ਹੈ। ਉਦਾਸ ਤੇ ਇਕੱਲਾ ਉਹ ਵੀ ਹੈ ਜੋ ਬਹੁਤ ਖ਼ੁਸ਼ ਹੈ ਤੇ ਖਿੜ ਖਿੜਾਉਂਦਾ ਹੈ। ਜੋ ਆਪ ਹੱਸਦਾ ਹੈ ਤੇ ਦੂਸਰਿਆਂ ਨੂੰ ਹਸਾਉਣ ਦੀ ਕੋਸ਼ਿਸ਼ ਕਰਦਾ ਹੈ। ਉਹ ਅਸਲ ਆਪਣੇ ਅੰਦਰ ਦੇ ਖਾਲੀਪਣ ਨੂੰ ਭਰ ਰਿਹਾ ਹੁੰਦਾ ਹੈ। ਅੱਜ ਬਹੁਤ ਜ਼ਰੂਰਤ ਹੈ ਕਿ ਅਸੀਂ ਸਮਾਜਿਕ ਤੌਰ 'ਤੇ ਇਸ ਇਕੱਲੇਪਣ ਦੀ ਵਲਗਣ ਨੂੰ ਤੋੜ ਕੇ ਫਿਰ ਰਿਸ਼ਤਿਆਂ ਵੱਲ ਮੁੜੀਏ।

ਹਰ ਗੱਲ ਨੂੰ ਮਸਲਾ ਨਾ ਬਣਾਈਏ। ਦਰਗੁਜ਼ਰ ਕਰਨੀ ਸਿੱਖੀਏ। ਜ਼ਿੰਦਗੀ ਵਿੱਚ ਮਹੱਤਵਪੂਰਨ ਤੁਹਾਡਾ ਹਉਮੈ ਨਹੀਂ ਤੁਹਾਡੇ ਆਪਣੇ ਹਨ। ਗੱਲਬਾਤ ਕਰੀਏ। ਕਦੇ ਕਿਸੇ ਮਿੱਤਰ ਨੂੰ ਬਿਨਾਂ ਕਿਸੇ ਕੰਮ ਤੋਂ ਫੋਨ ਕਰੀਏ। ਸਿਰਫ਼ ਉਸ ਦਾ ਹਾਲ ਚਾਲ ਪੁੱਛਣ ਲਈ ਉਸ ਦੇ ਘਰ ਜਾਈਏ। ਕਦੇ ਕਿਸੇ ਨੂੰ ਆਪਣੇ ਘਰ ਬੁਲਾਈਏ। ਜਿਸ ਤਰ੍ਹਾਂ ਵੀ ਹੋ ਸਕੇ ਆਪਣੇ ਹਮਸਾਇਆ ਨਾਲ ਆਪਣੇ ਆਪਣਿਆਂ ਨਾਲ ਸਾਂਝ ਵਧਾਈਏ। ਇਹ ਸਾਡੀ ਮਾਨਸਿਕ ਸਿਹਤ ਲਈ ਬਹੁਤ ਜ਼ਰੂਰੀ ਹੈ।

-0-

## ਕਾਵਿ ਕਿਆਰੀ

# ਸਾਵਣ

–ਵਿਧਾਤਾ ਸਿੰਘ ਤੀਰ

ਸਾਵਣ ਵਿਚ ਮੌਜਾਂ ਬਣੀਆਂ ਹਨ।
ਬੱਦਲਾਂ ਨੇ ਤਾਣੀਆਂ ਤਣੀਆਂ ਹਨ।
ਫ਼ੌਜਾਂ ਆ ਲੱਥੀਆਂ ਘਣੀਆਂ ਹਨ।
ਕਿਰ 'ਕਿਣ ਮਿਣ' ਲਾਈ ਕਣੀਆਂ ਹਨ।
ਮੱਟ ਡੁੱਲ੍ਹਿਆ ਅੰਮ੍ਰਿਤ ਰਸ ਦਾ ਹੈ।
ਛਮ! ਛਮ! ਛਮ! ਸਾਵਣ ਵਸਦਾ ਹੈ।
ਔਹ! ਕਾਲੀ ਬੋਲੀ ਰਾਤ ਪਈ।
ਇੰਦਰ ਦੀ ਢੁੱਕ ਬਰਾਤ ਪਈ।
ਲਾੜੀ ਬਣਦੀ ਬਰਸਾਤ ਪਈ।
ਬਿਜਲੀ ਆ ਕਰਦੀ ਝਾਤ ਪਈ।
ਇਹ ਮੇਲ ਦਿਲਾਂ ਨੂੰ ਖੱਸਦਾ ਹੈ।
ਛਮ! ਛਮ! ਛਮ! ਸਾਵਣ ਵਸਦਾ ਹੈ।
ਔਹ ਵੱਸ ਪਏ ਬੱਦਲ ਕਾਲੇ ਹਨ।
ਦਗ ਦਗ ਵਗ ਪਏ ਪਰਨਾਲੇ ਹਨ।
ਨੱਕੋ ਨੱਕ ਭਰ ਗਏ ਨਾਲੇ ਹਨ।
ਵਹਿਣਾਂ ਨੂੰ ਆਏ ਉਛਾਲੇ ਹਨ।
ਅੱਜ ਜੋਬਨ ਚੜ੍ਹਿਆ ਕੱਸ ਦਾ ਹੈ।
ਛਮ! ਛਮ! ਛਮ! ਸਾਵਣ ਵਸਦਾ ਹੈ।
ਮੱਚ ਬੱਦਲਾਂ ਦੇ ਘਨ-ਘੋਰ ਪਏ।
ਸੁਣ ਸੁਣ ਕੇ ਨੱਚਦੇ ਮੋਰ ਪਏ।
ਡੱਡੂਆਂ ਨੂੰ ਆਵਣ ਲੋਰ ਪਏ।
ਗਿੜਗਿੜਾਉਣ ਜ਼ੋਰੋ ਜ਼ੋਰ ਪਏ।
ਪਿਆ ਇਕ ਦੂਜੇ ਨੂੰ ਦੱਸਦਾ ਹੈ।
ਛਮ! ਛਮ! ਛਮ! ਸਾਵਣ ਵਸਦਾ ਹੈ।
ਅੱਜ ਉਛਲਣ ਟੋਭੇ ਹਾਲ ਪਏ।
ਰੰਗ ਬੰਨ੍ਹਦੇ ਲਹਿਰਾਂ ਨਾਲ ਪਏ।
ਨੱਕੋ ਨੱਕ ਦਿਸਦੇ ਖਾਲ ਪਏ।
'ਡਿਕ ਡੋ ਡੋ' ਖੇਡਣ ਬਾਲ ਪਏ।
ਕੋਈ ਇਹ ਕਹਿ ਕਹਿ ਕੇ ਨਸਦਾ ਹੈ।
ਛਮ! ਛਮ! ਛਮ! ਸਾਵਣ ਵਸਦਾ ਹੈ।
ਕੋਈ ਤੁਰਦਾ ਉਠਦਾ ਬਹਿੰਦਾ ਹੈ।
ਕੋਈ ਨਚਦਾ ਟਪਦਾ ਢਹਿੰਦਾ ਹੈ।
ਕੋਈ ਡਿੱਗ ਡਿੱਗ ਸੱਟਾਂ ਸਹਿੰਦਾ ਹੈ।
ਕੋਈ ਉੱਚੀ ਉੱਚੀ ਕਹਿੰਦਾ ਹੈ:
'ਔਹ ਇੰਦਰ ਰਾਜਾ ਹਸਦਾ ਹੈ'।
ਛਮ! ਛਮ! ਛਮ! ਸਾਵਣ ਵਸਦਾ ਹੈ।
ਵਾਹਣਾਂ ਵਿਚ ਭਰਵਾਂ ਨੀਰ ਪਿਆ।
ਜੱਟ ਖ਼ੁਸ਼ ਹੋ ਵੰਡਦਾ ਖੀਰ ਪਿਆ।
ਸੁਰ ਕਰਦਾ ਕਿੰਗ ਫ਼ਕੀਰ ਪਿਆ।
ਅੱਜ ਵਾਗੀ ਗਾਵੇ 'ਹੀਰ' ਪਿਆ।
ਪਿਆ ਗੋਡੇ ਗੋਡੇ ਧਸਦਾ ਹੈ।
ਛਮ! ਛਮ! ਛਮ! ਸਾਵਣ ਵਸਦਾ ਹੈ।
ਹੇ ਸਾਵਣ ਸੁਹਣਿਆ! ਵਰ੍ਹਦਾ ਰਹੁ।
ਸਭ ਜਗ ਨੂੰ ਠੰਢਿਆਂ ਕਰਦਾ ਰਹੁ।
ਡਲ੍ਹ ਛੱਪੜ ਟੋਭੇ ਭਰਦਾ ਰਹੁ।
ਤੂੰ ਅੰਮ੍ਰਿਤ-ਸੋਮਿਆ! ਝਰਦਾ ਰਹੁ।
ਜਗ ਤੇਰੀਆਂ ਤਲੀਆਂ ਝੱਸਦਾ ਹੈ।
ਤੂੰ ਵੱਸੇਂ ਤਾਂ ਜੱਗ ਵੱਸਦਾ ਹੈ। –0–

# ਕਿਰਸਾਨੀ

– ਕੁਲਦੀਪ ਸਿੰਘ ਪਰਿੰਗੜੀ # 9781055848

ਸੱਪਾਂ ਦੀਆਂ ਸਿਰੀਆਂ ਤੇ ਪੈਰ ਰਖਕੇ, ਕਰਦਾ ਹੈ ਮਿਹਨਤਾਂ।
ਸਬਰ ਸੰਤੋਖ ਰਖਕੇ ਉਡੀਕਦਾ, ਰਬ ਦੀਆਂ ਰਹਿਮਤਾਂ।
ਤਖਤਾਂ ਤੇ ਬੈਠਿਆਂ ਨੇ ਕੀ ਜਾਨਣਾ, ਕਿਹੜੇ ਭਾਵੀ ਤੁਲਦੀ।
ਪੁੱਤਾਂ ਵਾਂਗੂੰ ਪਾਲੀ ਹੈ ਫਸਲ ਜੱਟ ਦੀ, ਮੰਡੀਆਂ ਚ ਰੁੱਲਦੀ।

ਜਦੋਂ ਕਦੇ ਫਸਲਾਂ ਨੂੰ ਬੂਰ ਲਗਦਾ, ਫਿਰ ਆਉਣ ਬਾਰਸ਼ਾ।
ਟੁੱਟ ਜਾਂਦਾ ਦਿਲ ਮਿਹਨਤੀ ਕਿਸਾਨ ਦਾ, ਕਿਥੋਂ ਆਉਣ ਢਾਰਸਾਂ।
ਸੁੱਤੀਆਂ ਨੇ ਸਭ ਸਰਕਾਰਾਂ ਸਾਡੀਆਂ ਕਿਉਂ ਨਹੀਂ ਅੱਖ ਖੁੱਲ ਦੀ।
ਪੁੱਤਾਂ ਵਾਂਗੂੰ ਪਾਲੀ ਹੈ ਫਸਲ ਜੱਟ ਦੀ, ਮੰਡੀਆਂ ਚ ਰੁੱਲ ਦੀ।

ਕੁਦਰਤ ਰਾਣੀ ਖਿਲਵਾੜ ਕਰਦੀ, ਕੱਢਦੀ ਹੈ ਵੈਰ ਨੂੰ।
ਮੰਝ ਧਾਰ ਫਸੇ ਨਾ ਕਿਨਾਰਾ ਦਿਸਦਾ, ਹਥ ਪਾਇਆ ਜ਼ਹਿਰ ਨੂੰ।
ਦਰਦ ਕਹਾਣੀ ਸੁਣਕੇ ਕਿਸਾਨਾ ਦੀ, ਕਦੇ ਨਹੀਓਂ ਭੁੱਲ ਦੀ।
ਪੁੱਤਾਂ ਵਾਂਗੂੰ ਪਾਲੀ ਹੈ ਫਸਲ ਜੱਟ ਦੀ, ਮੰਡੀਆਂ ਚ ਰੁੱਲ ਦੀ।

ਆੜਤਾਂ ਦਾ ਪੈਸਾ ਸਿਰ ਕੂਕਾਂ ਮਾਰਦਾ, ਵਿਆਜ ਵਧੀ ਜਾਂਦਾ ਏ।
ਕਿਸ ਦਿਨ ਮੁੱਕਣਾ ਹੈ ਬੋਝ ਸਿਰ ਤੋਂ, ਗਮ ਏਹੋ ਖਾਂਦਾ ਏ।
ਆਈ ਤੇ ਚਲਾਈ ਜਦ ਵੇਖੀ ਚੱਲਦੀ, ਸਾਹ ਰਗ ਫੁੱਲ ਦੀ।
ਪੁੱਤਾਂ ਵਾਂਗੂੰ ਪਾਲੀ ਹੈ ਫਸਲ ਜੱਟ ਦੀ, ਮੰਡੀਆਂ ਚ ਰੁੱਲ ਦੀ।

ਘੜਤੇ ਕਾਨੂੰਨ ਦੇਸ਼ ਦਿਆਂ ਲੀਡਰਾਂ, ਰੱਖ ਬੇਈਮਾਨੀਆਂ।
ਮਾਰਿਆ ਹੈ ਡਾਕਾ ਸਾਡੀਆਂ ਜਮੀਨਾਂ ਤੇ, ਅੰਬਾਨੀਆ ਅਡਾਨੀਆ।
ਹੱਕਾਂ ਦੀ ਲੜਾਈ ਪਾਤੀਆਂ ਸ਼ਹੀਦੀਆਂ, ਪਈ ਰੱਤ ਡੁੱਲਦੀ।
ਪੁੱਤਾਂ ਵਾਂਗੂੰ ਪਾਲੀ ਹੈ ਫਸਲ ਜੱਟ ਦੀ, ਮੰਡੀਆਂ ਚ ਰੁੱਲ ਦੀ।

ਕਈ ਵਾਰੀ ਵੇਖਿਆਂ ਹੈ ਫਾਹਾ ਲੈਂਦਿਆ, ਅੰਨ ਦਾਤਾ ਦੇਸ਼ ਦਾ।
ਭਰਦਾ ਜੋ ਢਿੱਡ ਅਮੀਰ ਤੇ ਗਰੀਬ ਦਾ, ਸਾਥ ਦੇਈਏ ਇਸ ਦਾ।
ਗੀਤਕਾਰ ਪਰਿੰਗੜੀ ਦਾ ਸੱਚ ਲਿਖਦਾ ਗੱਲ ਮਹਿੰਗੇ ਮੁੱਲ ਦੀ।
ਪੁੱਤਾਂ ਵਾਂਗੂੰ ਪਾਲੀ ਹੈ ਫਸਲ ਜੱਟ ਦੀ ਮੰਡੀਆਂ 'ਚ ਰੁੱਲ ਦੀ। –0–

# ਆਗਮਨ ਪੁਰਬ ਗੁਰੂ ਹਰਿਗੋਬਿੰਦ ਸਾਹਿਬ

–ਅਮਨਪ੍ਰੀਤ ਸਿੰਘ

ਮੀਰੀ ਪੀਰੀ ਦੇ ਮਾਲਿਕ ਸਤਿਗੁਰੂ ਦੇ
ਅੱਜ ਗੁਰੂ ਕੀ ਵਡਾਲੀ ਸਭ ਜਾਓ ਜੀ
ਉਹਦੇ ਦਰ ਤੇ ਜਾ ਕੇ ਸੀਸ ਝੁਕਾਈਏ
ਝੋਲੀਆਂ ਖੁਸ਼ੀਆਂ ਭਰ ਲਿਆਓ ਜੀ
ਆਗਮਨ ਪੁਰਬ ਆਇਆ ਗੁਰਾਂ ਦਾ
ਮਿੱਸੇ ਪ੍ਰਸ਼ਾਦਿਆਂ ਦਾ ਲੰਗਰ ਲਾਓ ਜੀ।
ਤੁਸੀਂ ਸਭ ਨੂੰ ਦੇਓ ਵਧਾਈਆਂ ਨੀਂ ਸੰਗਤੋ
ਮਿਲ ਬੈਠ ਜਸ ਗੁਰਾਂ ਦਾ ਸਭ ਗਾਓ ਜੀ
ਪਹਿਲਾਂ ਕੰਮ ਭਗਤੀ ਕਰਨੀ ਹੈ ਸਿੱਖੀਏ
ਸਵੈਰੱਖਿਆ ਤੇ ਜਾਨ ਮਜ਼ਲੂਮ ਦੀ ਬਚਾਓ ਜੀ
ਲੱਸੀ ਮੱਖਣ ਅਚਾਰ ਸਾਲਣ ਹੱਥ ਗੰਢਾ
ਲੰਮੀਆਂ ਪੰਗਤਾਂ ਸਜਾ ਖੂਬ ਵਰਤਾਓ ਜੀ
ਆਗਮਨ ਪੁਰਬ ਆਇਆ ਗੁਰਾਂ ਦਾ
ਮਿੱਸੇ ਪ੍ਰਸ਼ਾਦਿਆਂ ਦਾ ਲੰਗਰ ਲਾਓ ਜੀ।
ਸੋਹਣੀ ਦਸਤਾਰ ਤੇ ਸੋਂਹਦੀ ਏ ਕਲਗੀ
ਉਸ ਦੇ ਸਿਰ ਤੇ ਚਵਰੋ ਛਤਰ ਝੁਲਦਾ ਹੈ।
ਤਖ਼ਤ ਅਕਾਲ ਦਾ ਸੱਚੇ ਪਾਤਸ਼ਾਹ ਗੁਰੂ
ਢਾਡੀ ਵਾਰਾਂ ਦਾ ਗਾਇਨ ਕਬੂਲਦਾ ਹੈ।
ਬਿਧੀ ਚੰਦ ਕਿਹੇ ਡਾਕੂ ਨੂੰ ਸਮਝਾ ਬਾਣੀ
ਕਹਿਣ ਨਾਨਕ ਦਾ ਸਿੱਖ ਬਣਾਓ ਜੀ।
ਆਗਮਨ ਪੁਰਬ ਆਇਆ ਗੁਰਾਂ ਦਾ
ਮਿੱਸੇ ਪ੍ਰਸ਼ਾਦਿਆਂ ਦਾ ਲੰਗਰ ਲਾਓ ਜੀ।
ਮਾਤਾ ਗੰਗਾ ਪਿਤਾ ਅਰਜਨ ਦੇਵ ਗੁਰੂ
ਜਾਣਦੇ ਹਾਂ ਸ਼ਹੀਦਾਂ ਦੇ ਸਿਰਤਾਜ ਵਜੋਂ।
ਮਾਤਾ ਨਾਨਕੀ ਪਤਨੀ ਆਪ ਜੀ ਦੀ
ਪੰਜ ਪੁੱਤਰ ਇੱਕ ਧੀਅ ਪਰਿਵਾਰ ਵਜੋਂ।
ਪੁੱਤ ਤੇਗ਼ ਬਹਾਦਰ ਸਾਹਿਬ ਜੋ ਆਪ ਦੇ
ਹਿੰਦ ਰਾਖੀ ਲਈ ਦਿੱਲੀ ਸੀਸ ਕਟਾਏ ਜੀ।
ਦਾਦਾ ਜੀ ਸਰਬੰਸਦਾਨੀ ਗੋਬਿੰਦ ਸਿੰਘ ਦੇ
ਅੱਜ ਸੰਗਤ ਨੂੰ ਸ਼ਬਦ ਵਿਚਾਰ ਕਰਾਓ ਜੀ।
ਆਗਮਨ ਪੁਰਬ ਆਇਆ ਗੁਰਾਂ ਦਾ
ਮਿੱਸੇ ਪ੍ਰਸ਼ਾਦਿਆਂ ਦਾ ਲੰਗਰ ਲਾਓ ਜੀ।
ਕੀਤਾ ਕੈਦ ਗਵਾਲੀਅਰ ਆਪ ਨੂੰ ਜਦ
ਮੰਨਿਆ ਹੁਕਮ ਉਸ ਅਕਾਲ ਦਾ ਹੈ
ਵਾਪਸ ਨਾ ਆਇਆ ਇਕੱਲਾ ਯੋਧਾ
ਬਵੰਜਾ ਹਿੰਦੂ ਰਾਜਿਆਂ ਨੂੰ ਵੀ ਨਾਲ਼ ਲਿਆਂਵਦਾ ਹੈ।
ਆਇਆ ਮਾਹੀ ਮੇਰਾ ਖ਼ੁਦ ਚੱਲ ਕੇ
ਹਰਿਮੰਦਰ ਦੀਪ ਮਾਲਾ ਜਗਾਓ ਜੀ
ਆਗਮਨ ਪੁਰਬ ਆਇਆ ਗੁਰਾਂ ਦਾ
ਮਿੱਸੇ ਪ੍ਰਸ਼ਾਦਿਆਂ ਦਾ ਲੰਗਰ ਲਾਓ ਜੀ।

# ਧਰਤੀ ਹੇਠਲੇ ਪਾਣੀ ਦੇ ਪੱਤਣਾਂ (ਐਕੂਈਫ਼ਰਜ਼) ਦਾ ਸੁੱਕ ਜਾਣਾ



ਪੰਜਾਬ ਤਿਰਹਾ ਰਿਹਾ ਹੈ। ਪਰ ਕਿਉਂ? ਇਹ ਪੰਜਾਂ ਦਰਿਆਵਾਂ ਦੀ ਧਰਤੀ ਹੈ। ਇਹ ਧਰਤੀ ਹੇਠਲੀਆਂ ਤਿੰਨ ਚੱਟਾਨੀ ਤੇ ਮੁਸਾਮਦਾਰ ਪਰਤਾਂ 'ਤੇ ਬੜੇ ਵਧੀਆ ਢੰਗ ਨਾਲ ਨਾਲ਼ ਟਿਕਿਆ ਹੋਇਆ ਸੀ ਜਿਨ੍ਹਾਂ ਕਾਰਣ ਕਈ ਥਾਈਂ ਖ਼ੂਹ ਦਾ ਮਿੱਠਾ ਪਾਣੀ ਤਿੰਨ-ਚਾਰ ਮੀਟਰ 'ਤੇ ਹੀ ਆ ਜਾਂਦਾ ਹੁੰਦਾ ਸੀ।

ਬਦਕਿਸਮਤੀ ਨਾਲ਼ ਅਸੀਂ ਹਰੇ ਇਨਕਲਾਬ ਦੇ ਪੱਜ ਤਾਜ਼ੇ ਪਾਣੀ ਦੀ ਇਸ ਸੰਪਦਾ ਨੂੰ ਪਿਛਲੇ (50-60) ਸਾਲਾਂ ਵਿਚ ਹੀ ਭਿਆਨਕਤਾ ਦੀ ਹੱਦ ਤਕ ਖੋਰਾ ਲਾ ਦਿੱਤਾ ਹੈ। ਅੱਜ ਕੱਲ੍ਹ ਪੰਜਾਬ ਵਿਚ ਕਈ ਥਾਂਈਂ ਤਾਂ ਸੌ-ਸੌ ਮੀਟਰ ਡੂੰਘੀ ਪੁਟਾਈ 'ਤੇ ਹੀ ਪਾਣੀ ਨਿਕਲਦਾ ਹੈ ਤੇ ਇਹਨੂੰ ਵੀ ਮੁਕਾਇਆ ਜਾ ਰਿਹਾ ਹੈ। ਇਕ ਅੰਦਾਜ਼ੇ ਮੁਤਾਬਕ ਸੰਨ (2040) ਤਕ ਇਹ ਭੰਡਾਰ ਬਿਲਕੁਲ ਸੁੱਕ ਜਾਵੇਗਾ।

ਧਰਤੀ ਹੇਠਲਾ ਪਾਣੀ ਓਦੋਂ ਸੁੱਕਦਾ ਹੈ; ਜਦੋਂ ਅਸੀਂ ਜਿਸ ਰਫ਼ਤਾਰ ਨਾਲ਼ ਪਾਣੀ ਕੱਢਦੇ ਹਾਂ, ਉਸੇ ਰਫ਼ਤਾਰ ਨਾਲ ਇਸ ਦੀ ਪੂਰਤੀ (ਰੀ-ਚਾਰਜਿੰਗ) ਨਹੀਂ ਕਰਦੇ। ਰੀ-ਚਾਰਜਿੰਗ ਮੀਂਹ ਜਾਂ ਦਰਿਆਵਾਂ ਦੇ ਪਾਣੀ ਦੇ ਜੀਰਣ ਨਾਲ ਹੁੰਦੀ ਹੈ, ਜਦ ਇਹ ਪਾਣੀ ਧਰਤੀ ਦੀਆਂ ਪਰਤਾਂ ਵਿੱਚ ਦੀ ਛਣ ਕੇ ਐਕੂਈਫ਼ਰਜ਼ ਨੂੰ ਫਿਰ ਤੋਂ ਲਬਰੇਜ਼ ਕਰ ਦਿੰਦਾ ਹੈ।

ਅਜੋਕੇ ਪੰਜਾਬ ਦਾ ਆਲਮ ਇਹ ਹੈ ਕਿ ਅਸੀਂ ਜਿੰਨਾ ਪਾਣੀ ਕੱਢਦੇ ਹਾਂ, ਉਹਦਾ ਅੱਧਾ-ਕੁ ਹੀ ਧਰਤੀ ਨੂੰ ਵਾਪਸ ਕਰਦੇ ਹਾਂ। ਕੇਂਦਰੀ ਸਰਕਾਰ ਦੇ ਜਲ-ਮੰਡਲ (ਸੈਂਟਰਲ ਗਵਰਨਮੈਂਟ ਵਾਟਰ ਬੋਰਡ) ਮੁਤਾਬਿਕ ਧਰਤੀ ਵਿੱਚੋਂ ਕੱਢਿਆ 95 ਫ਼ੀਸਦ ਪਾਣੀ ਤਾਂ ਖੇਤੀਬਾੜੀ ਵਿਚ ਖਪਤ ਹੋ ਜਾਂਦਾ ਹੈ ਤੇ ਬਾਕੀ ਰਹਿੰਦਾ ਪੰਜ ਫ਼ੀਸਦ ਸਨਅਤ ਤੇ ਘਰੇਲੂ ਵਰਤੋਂ ਦੇ ਕੰਮ ਆ ਜਾਂਦਾ ਹੈ। ਪਰ ਸ਼ਹਿਰਾਂ ਵਿਚ ਪਾਣੀ ਨੂੰ ਗ਼ੈਰਕਾਨੂੰਨੀ ਢੰਗ ਨਾਲ ਕੱਢੇ ਜਾਣ ਦੀ ਮਾਤਰਾ ਨੂੰ ਜੇ ਜੋੜ ਲਿਆ ਜਾਵੇ, ਤਾਂ ਘਰੇਲੂ ਤੇ ਸਨਅਤੀ ਖੇਤਰ ਦੀ ਵਰਤੋਂ ਇਸ ਤੋਂ ਬਹੁਤ ਜ਼ਿਆਦਾ ਵੀ ਹੋ ਸਕਦੀ ਹੈ।

ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਪੰਜਾਬ ਦੇ ਖੇਤਾਂ ਦੀ 75% ਸਿੰਚਾਈ ਦਰਿਆਵਾਂ ਜਾਂ ਨਹਿਰਾਂ ਦੀ ਬਜਾਏ ਧਰਤੀ ਹੇਠਲੇ ਪਾਣੀ ਜਾਂ ਟਿਊਬਵੈਲਾਂ ਰਾਹੀਂ ਹੁੰਦੀ ਹੈ।

ਜ਼ਿਆਦਾਤਰ ਪਾਣੀ ਦੀ ਖਪਤ ਜੀਰੀ (ਝੋਨਾ) ਦੀ ਲੋੜ ਨਾਲੋਂ ਜ਼ਿਆਦਾ ਕਾਸ਼ਤਕਾਰੀ ਕਰ ਕੇ ਹੁੰਦੀ ਹੈ। ਹਰੇ ਇਨਕਲਾਬ ਤੋਂ ਬਾਅਦ ਕਿਸਾਨਾਂ ਨੇ ਆਪਣੀਆਂ ਰਵਾਇਤੀ ਫ਼ਸਲਾਂ ਦਾ ਤਿਆਗ ਕਰ ਕੇ ਸਰਕਾਰੀ ਸੁਰੱਖਿਆ ਪ੍ਰਾਪਤ ਫ਼ਸਲਾਂ ਕਣਕ ਤੇ ਚੌਲ਼ਾਂ ਦੀ ਖੇਤੀ ਨੂੰ ਤਰਜੀਹ ਦਿੱਤੀ। ਅੱਸੀਵਿਆਂ ਤੋਂ ਲੈ ਕੇ ਅੱਜ ਤਕ ਚੌਲ਼ ਦੀ ਖੇਤੀ 10 ਗੁਣਾਂ ਵੱਧ ਗਈ ਹੈ। ਚੌਲ਼ ਪੰਜਾਬ ਦੀ ਆਪਣੀ ਫ਼ਸਲ ਹੈ ਵੀ ਨਹੀਂ। ਇਹ ਤਾਂ ਸਾਲ ਵਿੱਚ 1000 ਮਿਲੀਮੀਟਰ ਬਾਰਸ਼ ਵਾਲੇ ਇਲਾਕਿਆਂ ਦੀ ਫ਼ਸਲ ਹੈ। ਪੰਜਾਬ ਦੀ ਮੀਂਹ ਵਾਲੀ ਦਰ ਤਾਂ ਇਸ ਦਾ ਮਸਾਂ ਤੀਜਾ ਹਿੱਸਾ ਹੈ। ਇਕ ਕਿੱਲੋ ਚੌਲ਼ ਦੀ ਉਪਜ 5000 ਲੀਟਰ ਪਾਣੀ ਪੀ ਜਾਂਦੀ ਹੈ; ਜਦੋਂ ਕਿ ਜਵਾਰ, ਮੱਕੀ ਤੇ ਕਣਕ ਵਰਗੀਆਂ ਫ਼ਸਲਾਂ 'ਤੇ ਪੰਜ ਗੁਣਾਂ ਘੱਟ ਪਾਣੀ ਲੱਗਦਾ ਹੈ। ਪੰਜਾਬ ਵਿਚ ਚੌਲ਼ ਉਸ ਰੁੱਤੇ ਬੀਜੇ ਜਾਂਦੇ ਨੇ, ਜਦੋਂ ਗਰਮੀ ਸਿਖਰਾਂ 'ਤੇ ਹੁੰਦੀ ਹੈ। ਗਰਮੀ ਦੇ ਨਾਲ ਹੀ ਫਿਰ ਪਾਣੀ ਭਾਫ ਬਣ ਕੇ ਉੱਡਦਾ ਵੀ ਤਾਂ ਉਸੇ ਰਫ਼ਤਾਰ ਨਾਲ ਹੈ। ਕੋਈ ਪੰਦਰਾਂ ਲੱਖ ਟਿਊਬਵੈਲ ਦਿਨਾਂ ਬੱਧੀ ਧਰਤੀ 'ਚੋ ਪਾਣੀ ਕੱਢ ਕੇ ਚੌਲ਼ਾਂ ਦੀ ਫ਼ਸਲ ਉਗਾਉਂਦੇ ਹਨ।

ਦੂਜੀ ਸਮੱਸਿਆ ਇਹ ਹੈ ਕਿ ਮੀਂਹ ਦੇ ਪਾਣੀ ਦੀ ਸੰਭਾਲ, ਭੰਡਾਰਨ ਤੇ ਝੀਲਾਂ ਦੀ ਅਣਹੋਂਦ ਕਾਰਣ ਜਿੰਨਾ ਪਾਣੀ ਫ਼ਸਲਾਂ ਦੀ ਬਿਜਾਈ ਲਈ ਕੱਢਿਆ ਜਾਂਦਾ ਹੈ, ਓਨਾ ਧਰਤੀ ਨੂੰ ਮੋੜਿਆ ਨਹੀਂ ਜਾਂਦਾ।




ਬੇਕਾਬੂ ਘਰੇਲੂ ਖਪਤ ਤੇ ਅੰਨ੍ਹੇਵਾਹ ਸਨਅਤੀ ਵਰਤੋਂ ਵੀ, ਭੂ-ਜਲ ਦੇ ਨਿਘਾਰ ਦਾ ਬਹੁਤ ਵੱਡਾ ਕਾਰਣ ਹੈ। ਆਲਮੀ ਤਪਸ਼ (ਗਲੋਬਲ ਵਾਰਮਿੰਗ) ਤੇ ਜੰਗਲਾਂ ਦੀ ਕਟਾਈ ਨੇ ਮੀਂਹਾਂ ਦੀ ਕਿੱਲਤ ਪੈਦਾ ਕੀਤੀ ਹੈ ਤੇ ਅਚਨਚੇਤੀ ਹੜ੍ਹਾਂ ਲਈ ਰਾਹ ਪੱਧਰਾ ਕੀਤਾ ਹੈ। ਇਹ ਹੜ੍ਹ ਧਰਤੀ ਦੀ ਉੱਪਰਲੀ ਤਹਿ ਨੂੰ ਖੋਰਦੇ ਹਨ ਤੇ ਇਨ੍ਹਾਂ ਦਾ ਪਾਣੀ ਧਰਤੀ ਵਿਚ ਬਹੁਤ ਘੱਟ ਜਜ਼ਬ ਹੁੰਦਾ ਹੈ। ਖੋਜ ਦੱਸਦੀ ਹੈ ਕਿ 18 ਤੋਂ 22 ਜ਼ਿਲਿਆਂ ਵਿੱਚ ਧਰਤੀ ਹੇਠਲੇ ਪੀਣਯੋਗ ਪਾਣੀ ਦਾ ਪੱਧਰ ਹਰ ਸਾਲ ਇਕ ਮੀਟਰ ਦੇ ਕਰੀਬ ਘਟ ਜਾਂਦਾ ਹੈ।

ਜਿੱਥੇ ਪਾਣੀ ਦੇ ਸੋਮਿਆਂ ਦਾ ਘਟਣਾ ਪੰਜਾਬ ਨੂੰ ਰੇਗਿਸਤਾਨ ਬਣਨ ਦੇ ਰਾਹ 'ਤੇ ਤੋਰ ਰਿਹਾ ਹੈ, ਉੱਥੇ ਇਹ ਧਰਤੀ ਦੇ ਗ਼ਰਕਣ ਦਾ ਕਾਰਣ ਵੀ ਬਣ ਰਿਹਾ ਹੈ, ਜਿਸ ਨਾਲ ਸਾਡੇ ਲਈ ਹੋਰ ਮੁਸੀਬਤ ਹੀ ਖੜ੍ਹੀ ਹੋਵੇਗੀ।

**ਹੱਲ**

- ਸਿੰਚਾਈ, ਵਪਾਰ, ਸਨਅਤਾਂ ਤੇ ਘਰੇਲੂ ਵਰਤੋਂ ਲਈ ਨਹਿਰੀ ਸਪਲਾਈ 'ਤੇ ਨਿਰਭਰਤਾ ਨਾਲ ਧਰਤੀ ਹੇਠਲੇ ਪਾਣੀ 'ਤੇ ਬੋਝ ਘਟੇਗਾ।
- ਹਾਲਾਂ ਕਿ ਇਸ ਮਾਮਲੇ ਵਿਚ ਜ਼ਿਆਦਾਤਰ ਜ਼ਿੰਮੇਵਾਰੀ ਸਰਕਾਰ ਦੀ ਹੈ; ਪਰ ਫਿਰ ਵੀ ਕਾਫ਼ੀ ਕੁਝ ਹੈ, ਜਿਹੜਾ ਵਿਅਕਤੀਗਤ ਤੌਰ 'ਤੇ ਵੀ ਕੀਤਾ ਜਾ ਸਕਦਾ ਹੈ। ਸਰਕਾਰ ਕੁਝ ਹੋਰ ਫ਼ਸਲਾਂ ਦਾ ਵੀ ਸਮਰਥਨ ਮੁੱਲ ਦੇਣ ਦਾ ਵਿਚਾਰ ਕਰ ਰਹੀ ਹੈ। ਖੇਤੀ ਵਿਭਿੰਨਤਾ ਨੂੰ ਤਰਜੀਹ ਦੇ ਕੇ ਝੋਨੇ ਹੇਠ ਰਕਬਾ ਘਟਾਉਣਾ, ਝੋਨੇ ਦੀ ਸਿੱਧੀ ਬਿਜਾਈ ਤੇ ਇਹਨੂੰ ਬਰਸਾਤ ਦੇ ਮੌਸਮ ਵਿਚ ਲਾਉਣ ਨਾਲ ਵੀ ਪਾਣੀ ਦੀ ਬਚਤ ਹੋ ਸਕਦੀ ਹੈ
- ਧਰਤੀ ਹੇਠਲੇ ਪਾਣੀ ਦੇ ਘਾਟੇ ਨੂੰ ਮੀਂਹ ਦੇ ਤਾਜ਼ੇ ਪੁਣੇ ਹੋਏ ਪਾਣੀ ਨਾਲ ਜੀਰਣ ਤੋਂ ਰਾਹਤ ਮਿਲੇਗੀ। ਆਪੋ ਆਪਣੇ ਪਿੰਡਾਂ-ਮੁਹੱਲਿਆਂ ਵਿਚ ਪਾਣੀ ਭੰਡਾਰਨ ਲਈ ਛੱਪੜਾਂ, ਝੀਲਾਂ, ਜਲਗਾਹਾਂ ਆਦਿ ਨੂੰ ਮੁੜ ਬਹਾਲ ਕਰਨ ਨਾਲ ਧਰਤੀ ਹੇਠਲੇ ਪਾਣੀ ਨੂੰ ਪੂਰੀ ਮਦਦ ਮਿਲੇਗੀ।

**(ਨਵਾਂ ਨਰੋਆ ਪੰਜਾਬ ਪੁਸਤਕ ਵਿਚੋਂ)**

# ਪਰਦਾ ਗੁਲਾਮੀ ਨਹੀਂ ਹੁੰਦਾ, ਤਨ ਕੱਜਣਾ ਤਾਲਿਬਾਨੀ ਨਹੀਂ ਹੁੰਦਾ




**ਪਰਮਪਾਲ ਸਿੰਘ ਸਭਰਾਅ**

ਕੰਧਾਂ ਕੇਵਲ ਜ਼ੇਲ ਦੀਆਂ ਹੀ ਨਹੀਂ ਹੁੰਦੀਆਂ ਘਰ ਦੀਆਂ ਵੀ ਹੁੰਦੀਆਂ ਨੇ ਕਿਉਂਕਿ ਕੰਧਾਂ ਤੋਂ ਬਿਨਾਂ ਘਰ ਵਿੱਚ ਨਿੱਜੀ ਅਜ਼ਾਦੀ ਵੀ ਨਹੀਂ ਮਿਲ ਸਕਦੀ।

ਕੰਧਾਂ ਜਾਂ ਤਨ ਦਾ ਕੱਜਣ ਵਾੜ ਹੁੰਦਾ ਹੈ ਇਹ ਅਜ਼ਾਦੀ ਦੀ ਪਹਿਲੀ ਨਿਸ਼ਾਨੀ ਹੁੰਦੀ ਹੈ, ਨੰਗੇਜ ਅਜ਼ਾਦੀ ਦੇ ਨਾਮ ਤੇ ਗੁਲਾਮੀ ਵਿੱਚੋਂ ਪੈਦਾ ਹੋਇਆ ਬਿਰਤਾਂਤ ਹੈ, ਜਿਸ ਨੇ ਭਰਮ ਸਿਰਜ ਦਿੱਤਾ ਕਿ ਔਰਤ ਦੇ ਅੰਗਾਂ ਦਾ ਪਰਦਰਸ਼ਨ ਆਜ਼ਾਦੀ ਹੈ, ਇਹ ਔਰਤਾਂ ਦਾ ਇਨਕਲਾਬ ਹੈ ਜਾਂ ਇਹ ਮਰਦ ਪ੍ਰਧਾਨ ਸਮਾਜ ਖ਼ਿਲਾਫ਼ ਜੰਗ ਦਾ ਐਲਾਨ ਹੈ, ਸੰਸਾਰ ਦੇ ਵਿਉਪਾਰੀ ਸਮਾਜ ਨੇ ਔਰਤਾਂ ਦੇ ਜਿਸਮਾਨੀ ਅੰਗਾਂ ਦੇ ਪ੍ਰਦਰਸ਼ਨ ਨੂੰ ਅਜ਼ਾਦੀ, ਫੈਸ਼ਨ ਅਤੇ ਦੁਨਿਆਵੀ ਅਮੀਰੀ ਦੀ ਪਹਿਚਾਣ ਦਰਸਾ ਕੇ ਉੱਚ ਦਰਜਾ ਘੋਸ਼ਿਤ ਕੀਤਾ ਤੇ ਇਸ ਦਾ ਲੱਖਾਂ ਕਰੋੜ ਦਾ ਵਿਉਪਾਰ ਕੀਤਾ, ਦੁੱਧ ਦੇ ਪੈਕਟ ਤੋਂ ਕਰੋੜਾਂ ਦੀ ਕਾਰ ਵੇਚਣ ਤੱਕ ਔਰਤ ਦੇ ਅੰਗਾਂ ਦਾ ਸਹਾਰਾ ਲਿਆ ਗਿਆ, ਵਪਾਰ ਜਗਤ, ਖੇਡ ਜਗਤ, ਮਨੋਰੰਜਨ ਦਾ ਹਰ ਖੇਤਰ ਇਥੋਂ ਤੱਕ ਕਿ ਅਖ਼ਬਾਰ ਆਦਿਕ ਵੀ ਔਰਤ ਦੇ ਅੰਗਾਂ ਦੀ ਪ੍ਰਦਰਸ਼ਨੀ ਬਣ ਗਿਆ। ਹੋਲੀ ਹੋਲੀ ਇਹ ਪੱਛਮੀ ਰੰਗ ਏਨਾ ਗਾੜਾ ਤੇ ਪੱਕਾ ਹੋ ਗਿਆ ਕਿ ਔਰਤਾਂ ਨੂੰ ਭੁੱਲ ਹੀ ਗਿਆ ਕਿ ਅਜ਼ਾਦੀ ਨੰਗੇਜ ਵਿੱਚ ਹੈ ਕਿ ਤਨ ਕੱਜਣ ਵਿੱਚ, ਜਿਵੇਂ ਭਾਰਤੀ ਸੱਭਿਅਤਾ ਵਿੱਚ ਔਰਤਾਂ ਦੀ ਨੱਥ ਤੇ ਝਾਂਜਰ ਔਰਤਾਂ ਦੀ ਗੁਲਾਮੀ ਦੇ ਪ੍ਰਤੀਕ ਸਨ ਪਰ ਹੋਲੀ ਹੋਲੀ ਜਦੋਂ ਇਹ ਗਹਿਣੇ ਬਣਾ ਦਿੱਤੇ ਗਏ ਤਾਂ ਔਰਤਾਂ ਨੂੰ ਭੁੱਲ ਹੀ ਗਿਆ ਕਿ ਆਜ਼ਾਦੀ ਨੱਥ ਪਾਉਣ ਵਿੱਚ ਹੈ ਕਿ ਗੁਲਾਮੀ ਨੱਥ ਪਾਉਣ ਵਿੱਚ ਹੈ।

ਔਰਤਾਂ ਵਲੋਂ ਆਜ਼ਾਦੀ ਦੇ ਨਾਮ ਤੇ ਕੀਤਾ ਜਾ ਰਿਹਾ ਅੰਗ ਪ੍ਰਦਰਸ਼ਨ ਤੇ ਮਗਰੋਂ ਇਸ ਦੀ ਵਕਾਲਤ ਵਿੱਚ ਪੱਛਮੀ ਸੱਭਿਅਤਾ ਦੇ ਜੁੱਤੀ ਚੱਟ ਲਿਖਦੇ ਬੋਲਦੇ ਨੇ ਕਿ ਜੇ ਔਰਤ ਦੇ ਅੰਗ ਪ੍ਰਦਰਸ਼ਨ ਕਾਰਨ ਕਿਸੇ ਦਾ ਮਨ ਡੋਲਦਾ ਹੈ ਤਾਂ ਆਪਣਾ ਇਲਾਜ਼ ਕਰਵਾਓ ਤੁਸੀਂ ਮਾਨਸਿਕ ਬਿਮਾਰੀ ਹੋ, ਇਕਪਾਸੜ ਗੱਲ ਤਾਂ ਦਰੁਸਤ ਹੈ ਕਿਸੇ ਇੱਕ ਦੇ ਕੱਪੜੇ ਉਤਾਰਨ ਨਾਲ ਦੂਜੇ ਨੂੰ ਕੀ ਤਕਲੀਫ਼ ਹੈ ਦੂਜੇ ਅੱਖਾਂ ਬੰਦ ਕਰਨ ਜਾਂ ਨਾ ਵੇਖਣ ਇਸ ਬਾਬਤ ਮੇਰਾ ਜੁਆਬ ਹੈ ਹੇਠਲੀ ਫੋਟੋ ਗੌਰ ਨਾਲ ਵੇਖੋ ਚਵਾਨੀ ਦੀ ਟੌਫੀ ਵੀ ਰੈਪ ਕਰਕੇ ਵੇਚੀ ਜਾਂਦੀ ਹੈ ਕਿਉਂਕਿ ਕੀੜੀਆਂ ਦਾ ਖ਼ਦਸ਼ਾ ਹੈ, ਤਨ ਦਾ ਕੱਜਣ ਤਾਂ ਮਨੁੱਖੀ ਇਤਿਹਾਸ ਦੇ ਮੁੱਢ ਤੋਂ ਹੀ ਹੈ ਨੰਗੇਜ ਮਸਾਂ ਡੇਢ ਸਦੀ ਪੁਰਾਣਾ ਹੋਵੇਗਾ ਜਦੋਂ ਤੋਂ ਸਾਰਾ ਸੰਸਾਰ ਕਾਰਪੋਰੇਟ ਸਿਸਟਮ ਦੇ ਢਾਹੇ ਚੜਿਆ ਤੇ ਵਿਉਪਾਰੀ ਨੇ ਔਰਤਾਂ ਦੇ ਜਿਸਮ ਦੀ ਮੰਡੀ ਨੂੰ ਸੰਵਿਧਾਨਕ ਮਾਨਤਾ ਦਿੱਤੀ, ਜੇ ਔਰਤਾਂ ਉਨੀ ਸਦੀਆਂ ਤਨ ਕੱਜ ਕੇ ਸੰਸਾਰ ਚਲਾ ਰਹੀਆਂ ਸੀ ਤੇ ਹੁਣ ਨੰਗੇਜ ਨੇ ਕੀ ਵੱਡੀ ਉਪਲਬਧੀ ਹਾਸਲ ਕਰ



ਲਈ ਸਿਵਾਏ ਪੈਸੇ ਬਣਾਉਣ ਤੋਂ ਇਹ ਕਿਹੜੀ ਫਿਲਮੀਂ ਅਜ਼ਾਦੀ ਹੈ।

ਸੰਸਾਰ ਪੱਧਰ ਤੇ ਸਭਿਆਤਾਵਾਂ ਅਤੇ ਸੱਭਿਆਚਾਰਾਂ ਵਿਚਕਾਰ ਜੰਗ ਚੱਲ ਰਹੀ ਹੈ, ਸੰਸਾਰ ਪੱਧਰੀ ਵਿਉਪਾਰੀ ਆਪਣੀਆਂ ਸਹੂਲਤਾਂ ਅਨੁਸਾਰ ਸਭਿਆਚਾਰ ਸਿਰਜ ਅਤੇ ਗ਼ਰਕ ਕਰ ਰਹੇ ਹਨ, ਜੋ ਸਭਿਅਤਾਵਾਂ ਪੱਛਮੀ ਗੁਲਾਮੀ ਕਬੂਲ ਕਰਕੇ ਅਖੌਤੀ ਅਜ਼ਾਦੀ ਦੇ ਨਾਮ ਤੇ ਵਿਉਪਾਰੀ ਦੇ ਗੁਲਾਮ ਬਣਨਗੇ ਉਹ ਆਪ ਤਾਂ ਬਚ ਜਾਣਗੇ ਪਰ ਉਹਨਾਂ ਦੀ ਮੂਲ ਸੱਭਿਅਤਾ ਗ਼ਰਕ ਹੋ ਹੀ ਜਾਵੇਗੀ ਜੋ ਧਰਮ ਜਾਂ ਸੱਭਿਅਤਾ ਆਪਣੀ ਹੋਂਦ ਜਿਉਂਦੀ ਰੱਖਣ ਦੀ ਕੋਸ਼ਿਸ਼ ਕਰਨਗੇ ਉਹਨਾਂ ਨੂੰ ਅਸ਼ੂਤ, ਰੂੜੀਵਾਦੀ, ਜੰਗਲੀ, ਤਾਲਿਬਾਨੀ, ਆਦਿਕ ਲਕਬਾਂ ਨਾਲ ਬਦਨਾਮ ਕਰਕੇ ਖ਼ਤਮ ਕੀਤਾ ਜਾਵੇਗਾ।

ਸਿੱਖਾਂ ਲਈ ਇਹ ਵੱਡੀ ਚੁਣੌਤੀ ਇਸ ਲਈ ਹੈ ਕਿਉਂਕਿ ਸਿੱਖੀ ਦਾ ਮੂਲ ਹੀ ਨਿਆਰੇਪਨ ਤੋਂ ਆਰੰਭ ਹੁੰਦਾ ਹੈ ਜਿਸ ਵਿੱਚ ਚੁੰਨੀ ਦਾ ਘੁੰਡ ਕੱਢਣ ਦੀ ਮਨਾਹੀ ਹੈ ਪਰ ਚੁੰਨੀ ਨਾਲ ਸਿਰ ਕੱਜਣ ਲਈ ਵੀ ਪਾਬੰਦੀ ਹੈ ਮਤਲਬ ਗੁਲਾਮੀ ਤੇ ਅਸਲ ਆਜ਼ਾਦੀ ਵਿਚਕਾਰ ਸਿੱਖੀ ਦਾ ਨਿਆਰਾਪਨ ਹੈ ਜੋ ਵਿਧਵਾ ਵਿਆਹ ਦੀ ਹਮਾਇਤ ਕਰਦਾ ਪਰ ਬਦਕਾਰੀ ਤੋਂ ਵਰਜਦਾ ਹੈ, ਸਿੱਖੀ ਦਾ ਨਿਆਰਾਪਨ ਮਨੁੱਖਤਾ ਦੀ ਸੱਭਿਆਚਾਰਕ ਆਜ਼ਾਦੀ ਦੀ ਪਹਿਰੇਦਾਰੀ ਕਰਦਾ ਹੈ।

ਹੁਣ ਜਦੋਂ ਸੰਸਾਰੀ ਮੰਡੀ ਵਿੱਚ ਵਿਉਪਾਰੀ ਜਗਤ ਵੱਲੋਂ ਅਣਖੀ ਤੇ ਆਜਾਦਾਨਾ ਵਿਚਾਰਾਂ ਵਾਲੀਆਂ ਸੱਭਿਅਤਾਵਾਂ ਗ਼ਰਕ ਕੀਤੀਆਂ ਜਾ ਰਹੀਆਂ ਹਨ, ਸਿੱਖਾਂ ਨੂੰ ਗੁਰੂ ਨਾਨਕ ਸਾਹਿਬ ਵੱਲੋਂ ਬਖ਼ਸ਼ਿਸ਼ ਕੀਤੀ ਅਨੰਦਪੁਰੀ ਸਭਿਅਤਾ ਦੀ ਰਾਖੀ ਕਰਨ ਲਈ ਆਪਣੇ ਘਰਾਂ ਤੋਂ ਯਤਨ ਅਰੰਭ ਕਰਨੇ ਪੈਣਗੇ, ਦੇਸ਼ੀ ਤੇ ਵਿਦੇਸ਼ੀ ਸਰਕਾਰਾਂ ਵਿਉਪਾਰੀ ਚਲਾਉਂਦੇ ਹਨ ਉਹ ਸਰਕਾਰਾਂ ਰਾਹੀਂ ਹਰ ਉਹ ਸਭਿਅਤਾ ਖਤਮ ਕਰਨਗੇ ਜੋ ਉਹਨਾਂ ਦੀ ਮੰਡੀ ਦਾ ਰਾਹ ਰੋਕੇਗੀ।

ਸੋ ਭਾਈ ਜੇ ਪੈਸੇ ਕਮਾਉਣੇ ਹਨ ਤਾਂ ਵਿਉਪਾਰੀ ਨਾਲ ਰਲਕੇ ਮੰਡੀ ਦਾ ਹਿੱਸਾ ਬਣੋ ਅਣਖਾਂ ਉਣਖਾਂ ਦਾ ਰਾਹ ਤਿਆਗ ਕੇ ਆਪਣੇ ਜੁਆਕਾਂ ਨੂੰ ਜਿਸਮਾਂ ਦੀ ਮੰਡੀ ਦਾ ਹਿੱਸੇਦਾਰ ਬਣਾਉਣ ਲਈ ਵਿਉਪਾਰੀ ਤੇ ਸਰਕਾਰੀ ਸਿਸਟਮ ਆਨੁੰਸਾਰ ਚੱਲੋ ਪਰ ਜੇ ਗੁਰੂ ਨਾਨਕ ਸਾਹਿਬ ਦੀ ਬਖਸ਼ੀ ਸ਼ਹੀਦਾਂ ਦੇ ਲਹੂ ਨਾਲ ਭਿੱਜੀ ਸਿੱਖ ਸਭਿਅਤਾ ਬਚਾਉਣੀ ਹੈ ਤਾਂ ਬਿਰਤਾਂਤ ਦੇ ਜੰਗ ਦੀ ਪੜ੍ਹਾਈ ਕਰੋ ਤੇ ਸਿੱਖੀ ਦੀ ਰਾਖੀ ਕਰਨੀ ਆਪੋ ਆਪਣੇ ਘਰੋਂ ਅਰੰਭ ਕਰੋ।

-0-

# भाई बिधी चन्द जी

**–गुरमत विरसा ब्यूरो**

भाई बिधी चन्द जी गुरू हरिगोबिन्द साहिब जी के अद्वितीय योद्धे प्रचारक हुए हैं। उनका जन्म अपने ननिहाल के गांव सरहाली ज़िला अमृतसर में 26 अप्रैल 1579 को हुआ। इनके दादा भिक्खी और पिता वस्सण सुर सिंघ गांव ज़िला अमृतसर के रहने वाले थे। भाई बिधी चन्द जी अच्छे डील डौल के शूरवीर व्यक्ति थे और डाकू लुटेरों की संगत की वजह से इन्होंने चोरियां करनी या डाके मारने को अपने जीवन का लक्ष्य बनाया हुआ था।

भाई बिधी चन्द जी का चोलहा गांव के निवासी भाई अदली जी से मिलाप हुआ तो भाई बिधी चन्द जी भाई अदली जी की शख्सीयत से प्रभावित हो गये। भाई अदली जी ने भाई बिधी चन्द जी को बुरी संगत में जाने से रोका। भाई अदली जी की प्रेरणा के परिणाम स्वरूप भाई बिधी चन्द ने डाके मारने का बुरा धंधा छोड़ दिया। भाई अदली जी ने उनको गुरू की तरफ जाने के लिए प्रेरित किया और वह गुरू अरजन देव जी के दरबार में हाजिर हुए और सिख धर्म धारण करके गुर–उपदेशों की कमाई (घालना) में जुट गये।



गुरू अरजन साहिब जी की शहादत के पश्चात संगतों को लामबंद करने के लिए आपजी ने माझे के गांवों में घूम–घूम कर लोगों में उत्साह भरा। आप जी ने गांव के ढाढीयों को गुरू यश गाने के लिए प्रेरित किया और उन ढाढीयों ने सिखों में नया जोश भरा। जब गुरू हरिगोबिन्द जी ने युवा और ताक्तवर गुरसिखों की मांग की तो आप जी सुर सिंघ गांव के 52 शिरोमणि नौजवानों (युवाओं) समेत दो ढाढियों को लेकर पहुँचे।

गुरू हरिगोबिन्द साहिब जी की सेनाओं की संख्या दिन प्रतिदिन बढ़ने लगी। गुरू साहिब जी ने सेनाओं के पाँच जत्थे बनाये।

1. भाई लंगाह जी– आगे हो कर लड़ने वाला।
2. भाई बिधी चन्द जी– गुरीला युद्ध के लिए।
3. भाई पिराणा जी– जासूसी विभाग।
4. भाई पिरागा जी– सप्लाई विभाग।
5. भाई जेठा जी– घुड़ सवार सेना।

1619 में जब हुकूमत ने गुरू हरिगोबिन्द साहिब जी को हिरासत में लिया, तो भाई बिधी चन्द जी के जत्थे ने गांवों में घूम–घूम कर गुरू प्रेम को कायम रखा। बाबा बुडढ़ा जी और भाई गुरदास जी ने अपनी विद्वता और उच्ची–सुच्ची शख्सीयत से संगतों को प्रभावित किया था और भाई बिधी चन्द जी का जत्था उनके गांव पहुँचने से पहले ही ढाढीयों को साथ लेकर सुयोग्य माहौल बना देता था। इस तरह का गुरू–यश और प्रचार हुआ कि पंजाब में बगावत जैसे हालात बन गये।

गुरू हरिगोबिन्द साहिब जी की रिहाई के पश्चात भाई बिधी चन्द जी ने गुरू जी के अंग रक्षक का कार्य संभाला। उस समय बहुत सावधानी की आवश्यकता थी और भाई जी ने हर समय जागते रह कर गुरू जी के अंग पालक का कार्य किया। जहांगीर ने जब चन्दू को गुरू जी के सुपुर्द किया तो गुरू जी ने चन्दू को भाई बिधी चन्द जी और भाई जेठा जी के सुपुर्द कर दिया। लाहौर में सभी के सन्मुख चन्दू को सज़ा दी गई ताकि दूसरों को भी शिक्षा मिल सके। लाहौर में ही जब प्रिथी चन्द के पुत्र मिहरवान ने शरारत करनी चाही तो गुरू जी ने बिधी चन्द को भेजा कि उसको मत (सीख) दें और समझायें। जब गुरू हरिगोबिन्द साहिब जी प्रचार यात्रा पर हरिगोबिन्दपुर गये हुए थे तो काहने भगत के पुत्र भगवान दास ने गुरू हरिगोबिन्द साहिब के प्रति काफी बुरे शब्द बोले तो सिखों ने उसको काट कर ब्यास दरिया में फेंक दिया। इस कारण भगवान दास का पुत्र रत्न चन्द और चन्दू का पुत्र करम चन्द जालंधर के फौजदार को साथ लेकर गुरू साहिब पर हमलावर हुए। घमासान युद्ध हुआ जिसमें जालंधर का फौजदार, उसके दोनों पुत्र, कर्म चन्द और रत्न चन्द इत्यादि मारे गये। इस युद्ध में भाई बिधी चन्द ने बहुत जौहर दिखाये।

जहांगीर की मृत्यु के बाद लाहौर दरबार को छूट मिल गयी। एक दिन सिख शिकार खेलने गये हुये थे कि शाही बाज सिखों के हाथ आ गया। सिखों के द्वारा शाही बाज पकड़ने को 'बादशाही को हाथ डालना' कह कर मुखलिस खान ज़फर जंग को सात हज़ार की सेना दे 30 अप्रैल 1634 को अमृतसर में भेज दिया।

पहला मुकाबला भाई बिधी चन्द जी के जत्थे के साथ हुआ। भाई जी के जत्थे ने सेनाओं को रोक लिया तांकि युद्ध के लिए शूरवीरों को सावधान कर सकें। खूनी युद्ध हुआ जिसमें भाई बिधी चन्द जी, भाई सिंघां के पुत्र जीत मल्ल को साथ लेकर सेनाओं पर इस प्रकार टूट पड़े कि शाही सेनाओं में खलबली मच गई। इस युद्ध में भाई बिधी चन्द ने मुगलों के बड़े बड़े जरनैलों

के साथ लोहा लिया। मुखलिस खान ने सेनाओं को ललकारा कि गाज़ियो, तुम शूरवीरों की संतान हो और मुकाबले में फकीरों की मंडली (समूह) है, देखना कोई जिंदा ना जाये। परन्तु इस फकीरों की मंडली (समूह) ने ऐसा युद्ध लड़ा कि इतिहास में विशेष स्थान प्राप्त किया। भाई बिधी चन्द ने सीधा सुल्तान बेग को जा ललकारा। सुल्तान बेग ने बड़े जोर से नेजे का वार किया, परन्तु भाई बिधी चन्द जी बच गये और उन्होंने ऐसा शक्तिशाली जवाबी वार किया कि सुल्तान बेग पीछे हट गया। भाई बिधी चन्द जी ने भागते हुए को कायर कहा तो उसने दोबारा वार करने शुरू कर दिये, भाई बिधी चन्द जी ने ऐसा तीर चलाया कि उसकी छाती में जा लगा और वह वहीं पर गिर गया। सुल्तान बेग के गिरने से मुखलिस खान ने गुरू जी से सीधा मुकाबला किया और सतिगुरू जी के एक वार से मुखलिस खान का काम तमाम हो गया।

तीसरे युद्ध का मुख्य कारण स्वाभिमान को ललकारना था जिस में भाई बिधी चन्द लाहौर दरबार में से वह घोड़े निकाल लाये थे जो एक सिख गुरू जी को भेंट करने के लिए काबुल से लाया था। गुरू साहिब साहिब जी दूसरे युद्ध के पश्चात प्रचार के लिए मालवे चले गये। वहां गुरूसर सुधार में भाई दयाल चन्द और बखत मल्ल ने काबुल की संगतों के द्वारा दी भेंटें हाजिर की और साथ ही बताया कि भाई करोड़ी मल्ल भी दो घोड़े गुलबाग और दिलबाग गुरू जी को भेंट करने के लिए ला रहा था कि लाहौर में अनायतउल्ला ने छीन लिए हैं। गुरू जी ने धैर्य देते हुए कहा कि करोड़ी मल्ल की भेटा बिधी चन्द जी स्वयं ही ले आयेंगे।

भाई जी ने गुरू जी का संकेत समझ लिया और गुरू घर के अस्तित्व को कायम रखने के लिए घोड़े वापस लाने के लिए चल पड़े। लाहौर भाई जीवन जी के घर जा कर ठहरे। भाई साहिब घासी (घास काटने वाला) का रूप धारण करके हर रोज़ साफ सुथरे घास की गठ्ठर (गठरी) बनाकर किले की दीवार के पास बैठ जाते थे। घोड़ों का दारोगा सौंधे खान हर रोज़ घास खरीद लेता था। एक दिन बिधी चन्द जी घास के गठ्ठर को घोड़ों तक ले गये। इस तरह रोज़ घास लाते और घोड़ों को डाल देते। घोड़े भाई जी के साथ परच (हिल–मिल जाना) गये तो दरोगा ने उनको नौकरी पर ही रख लिया। भाई बिधी चन्द जी घोड़ों की सेवा भी करते और पूरी चौकसी भी रखते। वह जान बूझ कर अनजान बन गये तांकि सभी नौकर उनको मूर्ख और मूढ़ समझें। दूसरी तरफ हर रात्रि को एक बड़ा पत्थर दरिया में फेंक देते। दरिया रावी उस समय किले से टकरा कर जाता था। पहले कुछ दिन तो हलचल हुई परन्तु सभी ने यह मान लिया कि कोई दरियाई जानवर होगा, जो किले की दीवार से टकराता है। इस तरह करते कराते एक दिन भाई बिधी चन्द एक घोड़े समेत किले की दीवार से कूदकर मार्ग तय करते हुए गुरू जी के पास पहुँचे।

भाई बिधी चन्द जी दूसरा घोड़ा लेने के लिए फिर लाहौर आ पहुँचे। इस बार भाई बिधी चन्द जी भाई बोहड़ू जी के घर ठहरे। भाई बोहड़ू ने बताया कि घोड़ा गायब हो जाने के कारण सौंधे खान सभी खोजियों और ज्योतिषीयों के पांव पड़ रहा है। भाई जी ने उस समय ज्योतिषी का रूप धारण किया और किले के पास जाकर बैठ गये।

सौंधे खान जब पास निकला तो भाई बिधी चन्द जी ने उसके दिल की बात बता दी। इस कारण वह भाई साहिब को नवाब के पास ले गया। भाई जी ने पहले घासी का नाम, फिर उसका हुलिया और घोड़ा ले जाने की सारी घटना नवाब को बतायी। भाई साहिब ने कहा कि इस समय यह बताना जरा कठिन है कि घोड़ा कहां पर है परन्तु यदि वही समय हो, उसी तरह चौंकीदार अपने स्थान पर हो तो सभी कुछ कहा जा सकता है। रात्रि को वही समय आने पर पूरा सांग उतारा गया। भाई जी ने घोड़ा खोला और ऊपर चढ़ कर दरिया में कूद गये। घोड़ा गुरू चरणों में लाकर हाजिर कर दिया। गुरू महाराज ने भाई जी को सीने से लगाया और फुरमायाः 'बिधी चन्द छीना, गुरू का सीना'

**युद्धः** अनायत उल्ला ने लल्ला बेग और उसके भाई कमर बेग को और मुगली बेग तथा बहलोल खां को सात हज़ार की सेना देकर भेजा परन्तु उनका नथाणे और महराज के मध्य खुले मैदान में दोनों का मुकाबला हुआ और युद्ध के स्थान पर मुगलों की बूरी तरह से हार हुई। सतिगुरू जी ने युद्ध के स्थान पर एक सरोवर गुरूसर तैयार करवाया।

युद्ध के पश्चात गुरू साहिब करतारपुर जलंधर आ गये और यहां चौथा युद्ध 12, 13, 14 मई 1635 को हुआ जिसमें मुगलों की करारी हार हुई।

भाई बिधी चन्द जी की आयु वृद्ध (बुढापे) अवस्था की तरफ बढ़ रही थी। उस समय गुरू ग्रंथ साहिब जी की बीड़े और सैंचियें भी ज्यादा नहीं मिलती थी और गुरबाणी पढ़ने में बहुत मुश्किल आती थी तो आपजी ने गुरू हरिगोबिन्द साहिब जी के पास बिनती करके सैंचीओं की प्रतिलिपी (कापी) तैयार करने की सेवा अपने जिम्मे ले ली।

कीरतपुर बुडढण शाह का चेला (अनुयायी) सुंदरशाह अयोध्या से कीरतपुर साहिब आया। सुंदरशाह की राम चन्द्र जी की नगरी में बहुत मान्यता थी। उसने जब कीरतपुर गुरू हरिगोबिन्द साहिब जी का प्रचार रहन–सहन का ढंग और सिखी जीवन देखा तो सिखी प्रचार के लिए स्वयं को प्रस्तुत कर दिया। अयोध्या में श्री राम चन्द्र जी के भक्तों का बहुत ज़ोर था इसलिए सुंदरशाह के कहने पर भाई बिधी चन्द को गुरू साहिब ने प्रचार के लिए अयोध्या भेज दिया।

इस तरह भाई बिधी चन्द का प्रत्येक कर्म जहां ताकत की हदों को पार करता था वहीं उनका गुरबाणी प्रेम देखने लायक था। इतिहास के अनुसार जब भी वह किसी कार्य के लिए चलते गुरू जी का ध्यान करते मार्ग में गुरबाणी ही पढ़ते जाते थेः

'चलत पंथ गुरबाणी गावै'

इस तरह भाई साहिब जी ने अपना पूरा जीवन सिख संगतों की सेवा में व्यतीत कर दिया। भाई साहिब जी 30 अगसत 1638 को अयोध्या में गुरपुरी सिधार गये।

—0—

# BHAI MANI SINGH JI SHAHEED-


## The Story of an unparalleled Martyrdom

**Compiled by : Amrit Paul Bansal**

Bhai Mani Singh Ji Shaheed (martyr), a great Sikh personality of the eighteenth century, occupies a very esteemed position in the Sikh history, when he took control and steered the course of the Sikh's destiny at a very critical stage. A great scholar, a devoted Sikh and a courageous leader, Bhai Mani Singh Ji willingly laid down his life to uphold the dignity of the Sikh religion and the Sikh nation. The nature of his martyrdom in which he was dismembered joint by joint, has become a part of the daily Sikh Ardaas (prayer). He was a childhood companion of Sri Guru Gobind Singh Ji. He was not of the same age as Sri Guru Gobind Singh Ji (at that time called Gobind Rai ji) but much older. He acted as scribe, when GuruGobind Singh Ji dictated Sri GuruGranth Sahib Ji.

In 1699, after the "Khalsa Panth" was created, Guruji sent Bhai Mani Singh Ji and five other sikhs to Amritsar, with instructions to take possession of Sri Harmider Shaib. As a result of Bhai Mani Singh Ji's efforts, a large number of farmers from northern Punjab, were initiated as khalsas, whose numbers increased day by day. He actively taught the reading of Gurbani and its philosophy to the Sikhs. After initiating the people of Majha to the Khalsa Panth, Bhai Mani Singh Ji came back to Anandpur Sahib. In 1721, Mata Sunder Kaur Ji, (wife of Sri Guru Gobind Singh Ji), appointed Bhai Mani Singh Ji as the Granthi of Sri Harmandir Sahib and sent him to Amritsar to sort out the disputes amongst the different Sikh groups, which had been formed and to unite the Sikh nation as one. He restored the peace among the khalsa and put the affairs of Sri Harmandir Sahib In order.

Bhai Mani Singh Ji planned to use Bandi Chhor divas on Diwali as an opportunity to unite the khalsa together at Sri Harmandir Shaib. He asked to the Governor of Lahore Zakaria Khan, for permission to hold the Diwali festival and to allow the big gathering on Diwali. The permission was granted for a tribute of Rs. 5000/- only. He hoped that he would be able to pay the sum, out of the offering to be made by Sikhs, who were invited to come. He sent letters out



to the Sikhs across Punjab that all Sikhs will unite on Diwali day at Amritsar. However, the Mughals were cunning and they planned to attack the Sikhs and kill all the young Sikh men, when they gathered at Amritsar. With the blessings of Waheguru, an informant, informed of the Mughals plans. He was angered at the betrayal of Zakaria Khan. He resent letter out to the Sikhs across Punjab, telling them not to come to Amritsar on Diwali and that the gathering of the all khalsa has been canclled.

Bhai Mani Singh Ji refused to pay the tax for Sikh gathering at Amritsar, which was supposed to take place on Diwali day, but was cancelled. On refusing to pay Rs. 5000/- only worth of tax, Bhai Mani Singh Ji was arrested by the Mughal police force and brought to the court of Zakaria Khan. Bhai Mani Singh Ji greeted with Sri Guru Gobind Singh Ji's satuation, "Waheguru Jee Ka Khalsa, Waheguru jee Ki Fateh" (the khalsa is waheguru's, the victory is waheguru's).

Listening, Zakaria Khan became enraged and said, "Oh Mani Singh, open your eyes and see, you are that this moment not walking in the parkarmaa of Harimandar, where you shout these slogans! You are now in Lahore, in Zakaria Khan's court, where the air says, "Allah is great, Allah is great", where do you get the nerve to say your Sikh slogans? Bhai Mani Singh said with might and power, "you haven't met a fox today, you have today met a lion of Guru Gobind Singh Ji!.

Zakaria Khan contained his anger and said, "Oh old man, you are no longer young. If you convert into my religion, then I will convert the remainder of your life into happiness and pleasure. I will give you many wives, I will give you land and will give you a throne to sit on. Oh Mani Singh, what is the difference, before you read Gurbaani and now can you read the Quran. Before you used to say 'Waheguru', now you can say 'Allah is Great' What is the difference in this?"

Bhai Mani Singh, who was an educated Sikh, said, "Oh Zakaria Khan, remember, we have no anger or hatred with your religion. Our Bani says… ਫਰੀਦਾ ਬੇਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥ ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥70॥ Fareeda be nevaajaa kutiyaa, eh naa bhallee reeth. Kabhee chal naa aayiaa panjey vakath maseeth… Fareed: O faithless dog, this is not a good way of life. You never come to the Mosque for your five daily prayers (Ang 1381, SGGS)."

"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥1॥ Aval Allah noor upaayiaa, kudhrath ke sabh bandhey.

Eik noor the sabh jag upjiyia, a kaun bhalley ko mundhey… First, Allah created the Light; then, by His Creative Power, He made all mortal beings. From the One Light, the entire universe welled up. So who is good, and who is bad? (Ang 1349, SGGS)"

"Oh Zakaria Khan, remember, in the religion we were born, in that religion we will breath our last breaths. You say you know the stories about the Sikhs. Do you know that Guru Nanak Ji planted the flower of Sikhi and that even a storm cannot uproot that flower. Not even a storm! It is that type of flower which is does not bend down but instead breaks," said Bhai Mani Singh ji.

Shakespeare says: "Those who face the storm they stay, those who bend they break."

Gurbaani says: 'ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ… Purjaa purjaa katt marai, kabhooh naa chhaadai keyth… He may be cut apart, piece by piece, but he never leaves the field of battle' (Ang 1105, SGGS).

Zakaria Khan replied to, "Your talk is very big Mani Singh. Remember, I will give you that type of torture; I will decree that type of fatwaa, legal decree, that you will shake and tremble.

With a smile on his face, Bhai Mani Singh ji answered back, "The land can shake, the sky can tremble, but a Sikh of Guru Nanak Ji cannot tremble or shake. Sikhi is that religion, whose fifth guru, Guru Arjan Dev Ji sat on a hot plate and faced tortures. It is that religion, that in order to keep it alive, children aged 5 and 7 years old gave up their lives but not their religion. Remember Zakaria, I will die for my religion, but will not do what you say."

The next day, Zakaria Khan called the Qazi. "Oh Qazi, from your book of Shari'a Law, I want you declare a fatwaa (legal judgement), such a fatwaa that the whole earth and sky will tremble," said Zakaria Khan. The Qazi opened the Book of Shari'a and announced the fatwaa: "May this Kaafir (Infidel) be cut piece by piece, limb by limb."

Listening, Bhai Mani Singh started to stump his foot into the ground in frustration. Zakaria was standing by and said, "Oh Mani Singh, you got scared? You seemed be getting frustrated. We have only made you listen to the fatwaa, we have yet to cut you limb by limb."

Staring into Zakaria Khan's eyes, Bhai Mani Singh said, "Oh Zakaria Khan I am not scared. I am frustrated with my Guru, GuruGobind Singh Ji." He replied, "Obviously you were going to get frustrated with your Guru! What have you got out of your Guru's Sikhi? having a fatwaa of being cut limb by limb. You still have time to convert to Islam."

Bhai Mani Singh ji answered back, "This is not the case. I am frustrated with my Guru because when I left Amritsar, I did an Ardaas. "Oh King and Master, may each hair on my body be accepted for GurSikhi." But instead why have my limbs only been accepted and not each hair on my body. What shortage (kammee) was there in my Ardaas?"

"You seem to talk lots, but remember yet you have not seen the face of the executioner. When you see him you will get frightened," said Zakaria Khan. The executioner arrived. In his hand is a blade. "Oh executioner, sharpen up your blade and I will sharpen up my mind," said Bhai Mani Singh to the executioner. The executioner replied, "I will sharpen my blade with sand. What will you sharpen your mind with?" Bhai Mani Singh ji answered him, "Oh executioner, with the sand you are going to sharpen your blade that sand can break because man made it. But Akaal Purakh makes the sand I am going to use. That sand is, Naam, that sand is Gurbaani. I will sharpen my mind with Naam and Gurbaani."

Now the executioner sharpens his blade with sand and sharpened his mind with Naam. He recited Japji sahib and finishing reciting Gurbaani he roared a loud jaikaara, "Boley so nihaal! Sat sriAkaal!" With a glowing face with the power of Naam and Gurbaani, shouted to the executioner, "Come on executioner, now me and you will talk." A wooden block was brought forward. Bhai Mani Singh ji came forward saying "Satnaam WaheGuru" he put forward his right hand on the wooden block.

The executioner makes his mark on Bhai Mani Singh's fingers. Bhai Mani Singh Ji pulls away his hand. "Mani Singh, you got scared! Before you were talking so much, yet this is the first cut. You couldn't even handle the first cut, yet we are going to cut you limb by limb, your whole body," said Zakaria Khan.

Bhai Mani Singh Jireplied back, "Oh executioner, what were your orders? You were ordered to cut me piece by piece. You have left all my fingers. Zakaria Khan, ensure your servant doesn't disrespect your orders and I will not disrespect my Father, GuruGobind Singh JiPaatshaah's orders.

Piece by piece, Bhai Mani Singh Ji's body was cut to bits, he only recited Gurbaani, and it was what he had lived and breathed… "ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ… Purjaa purjaa katt marai, kabhooh naa chhaadai keyth… He may be cut apart, piece by piece, but he never leaves the field of battle (Ang. 1105).

Saying 'Satnaam Waheguru' Bhai Mani Singh Ji'sfingers, wrist, elbows, shoulder, toes and knees were all chopped on the wooden block. There was a pool of blood. The body lay severed into pieces. No arms, no legs. "ਮੇਰਾ ਸਿਰ ਜਾਵੇ ਤਾਂ ਜਾਵੇ, ਪਰ ਮੇਰਾ ਸਿੱਖੀ ਸਿਦਕ ਨਾ ਜਾਵੇ। Mera Sir JaavaTaaJaava Par MeriSikhiSidqnaa java… If my head goes then so be it, but may I never give up my Sikh faith."

Thus Bhai Mani Singh Ji was executed by dismemberment.

Bhai Mani Singh Ji was executed at Naulakha Chowk Lahore in December 1738. The Naulakha Chowk has since been known as Shaheed Ganj – the place of martyrdom. This year the martyrdom day of Bhai Mani Singh Ji is being celebrated on 09 July, 2021 (25 Haarh). -0-

ਸਾਡੀ ਖੇਤੀ

# ਵਿਰਾਸਤੀ ਰੁੱਖ ਪੰਜ ਦਰਿਆਵਾਂ ਦੇ : ਛੋਟਾ ਕੰਡੇਦਾਰ ਰੁੱਖ ਕਰੀਰ

**ਡਾ. ਰਜਨੀਸ਼ ਕੁਮਾਰ # 98880-78599**

ਪੰਜਾਬ ਵਿੱਚ ਇਸ ਰੁੱਖ ਦੀ ਤਾਦਾਦ ਬਹੁਤ ਘੱਟ ਗਈ ਹੈ ਅਤੇ ਅਲੋਪ ਹੋਣ ਦੇ ਨੇੜੇ ਹੈ। ਹੁਣ ਡੇਲੇ ਅਤੇ ਪੇਂਝੂ ਮਿਲਣੇ ਦੁਰਲੱਭ ਹੋ ਗਏ ਹਨ। ਡੇਲਿਆਂ ਦੇ ਅਚਾਰ ਬਾਰੇ ਤਾਂ ਅੱਜ ਦੀ ਪੀੜ੍ਹੀ ਸ਼ਾਇਦ ਹੀ ਜਾਣਦੀ ਹੋਵੇ। ਪਿੰਡ ਮਹਿਲ ਕਲਾਂ ਸੋਢੇ ਵਿੱਚ ਬਹੁਤ ਪੁਰਾਣੀ ਕਰੀਰ ਦੇ ਰੁੱਖਾਂ ਦੀ ਝਿੜ੍ਹੀ ਮੌਜੂਦ ਹੈ ਜਿਸ ਨੂੰ ਸਾਂਭਣ ਦੀ ਲੋੜ ਹੈ।

ਕਰੀਰ ਇੱਕ ਛੋਟਾ ਕੰਡੇਦਾਰ ਰੁੱਖ ਜਾਂ ਵੱਡੀ ਝਾੜੀ ਹੈ। ਇਹ ਰੁੱਖ ਸੋਕਾ, ਤਪਦੀ ਗਰਮੀ, ਅੱਗ, ਖਾਰੀਆਂ ਜ਼ਮੀਨਾਂ ਨੂੰ ਸਹਿਣ ਕਰ ਸਕਦਾ ਹੈ ਇਸ ਲਈ ਇਹ ਰੁੱਖ ਰਾਜਸਥਾਨ, ਪੰਜਾਬ, ਹਰਿਆਣਾ ਅਤੇ ਗੁਜਰਾਤ ਦੇ ਖ਼ੁਸ਼ਕ ਇਲਾਕਿਆਂ ਵਿੱਚ ਪਾਇਆ ਜਾਂਦਾ ਹੈ।

- ਇਸ ਰੁੱਖ ਨੂੰ ਬੀਜਾਂ ਰਾਹੀਂ ਜਾਂ ਜੜ੍ਹਾਂ ਰਾਹੀਂ ਤਿਆਰ ਕੀਤਾ ਜਾ ਸਕਦਾ ਹੈ।
- ਹਰੀ ਕ੍ਰਾਂਤੀ ਤੋਂ ਬਾਦ ਕਿਸਾਨਾਂ ਨੇ ਜ਼ਮੀਨਾਂ/ ਟਿੱਬੇ ਪੱਧਰ ਕਰ ਕੇ ਖੇਤਾਂ ਨੂੰ ਵਾਹੀ ਯੋਗ ਕਰ ਲਿਆ ਤਾਂ ਹੁਣ ਜਦ ਕਰੀਰ ਹੀ ਨਹੀਂ ਰਹੇ ਤਾਂ ਪੇਂਝੂ ਕਿੱਥੋਂ ਖਾਣ ਨੂੰ ਮਿਲਦੇ ਹਨ :

**ਹੁਣ ਕਿਥੋਂ ਭਾਲਦੀ ਪੇਂਝੂ ਜੱਟਾਂ ਨੇ ਕਰੀਰ ਵੱਢ ਲਏ।**

**ਰੁੱਖ ਦੇ ਫ਼ੁੱਲ**

ਇਸ ਰੁੱਖ ਨੂੰ ਸਾਲ ਵਿੱਚ ਦੋ ਵਾਰ ਲਾਲ ਰੰਗ ਦੇ ਫ਼ੁੱਲ ਲੱਗਦੇ ਹਨ। ਪਹਿਲਾਂ ਮਾਰਚ-ਅਪ੍ਰੈਲ ਵਿੱਚ ਅਤੇ ਫਿਰ ਅਗਸਤ-ਸਤੰਬਰ ਵਿੱਚ।

ਪੁਰਾਣੇ ਸਮੇਂ ਵਿਚ ਲੋਕ ਸੇਵੀਆਂ ਹੱਥ ਨਾਲ ਵੱਟਦੇ ਸਨ ਅਤੇ ਉਨ੍ਹਾਂ ਨੂੰ ਸੁਕਾਉਣ ਲਈ ਕਰੀਰ ਰੁੱਖ ਦੀਆਂ ਟਾਹਣੀਆਂ (ਛੀਂਗਾਂ) ਦੀ ਵਰਤੋਂ ਕਰਦੇ ਸਨ।

**ਡੇਲਿਆਂ ਤੇ ਪੰਜਾਬ ਵਿੱਚ ਇੱਕ ਸਿੱਠਣੀ ਦਿੱਤੀ ਜਾਂਦੀ ਸੀ :**

ਡੇਲੇ-ਡੇਲੇ-ਡੇਲੇ ਇਨ੍ਹਾਂ ਨਾਨਕੀਆਂ ਦੀ ਰੜੇ ਭੰਬੀਰੀ ਬੋਲੇ।

ਕਰੀਰ ਦੇ ਪੱਕੇ ਹੋਏ ਲਾਲ ਫ਼ਲਾਂ ਨੂੰ ਪੇਂਝੂ ਕਹਿੰਦੇ ਸਨ ਜਿਸ ਨੂੰ ਬੱਚੇ ਅਤੇ ਪੰਛੀ ਬਹੁਤ ਖ਼ੁਸ਼ ਹੋ ਕੇ ਖਾਂਦੇ ਸਨ। ਰਾਜਸਥਾਨ ਦੇ ਬੀਕਾਨੇਰ ਵਿੱਚ ਕਰੀਰ ਬਹੁਤ ਹੁੰਦਾ ਰਿਹਾ ਹੈ।

ਪੇਂਝੂ ਨਾਲ ਇੱਕ ਲੋਕਗੀਤ ਵੀ ਜੁੜਿਆ ਹੋਇਆ ਹੈ :


ਕਰੀਰ ਦਾ ਰੁੱਖ


ਕਰੀਰ ਦੇ ਰੁੱਖ ਦੇ ਫ਼ੁੱਲ


ਪੇਂਝੂ - ਕਰੀਰ ਦੇ ਰੁੱਖ ਦੇ ਪੱਕੇ ਫ਼ਲ

ਚੜ੍ਹ ਜਾ ਬੀਕਾਨੇਰ ਦੀ ਗੱਡੀ, ਜੇ ਤੂੰ ਲੱਪ ਪੇਂਝੂਆਂ ਦੀ ਖਾਣੀ।

**ਕਰੀਰ ਰੁੱਖ ਦੇ ਫ਼ਾਇਦੇ**

- ਮੁਟਿਆਰ ਦੇ ਨੱਕ/ਕੰਨ ਵਿੰਨਣ ਲਈ ਮਸ਼ੀਨਾਂ ਦੀ ਬਜਾਏ ਕਰੀਰ ਦੇ ਬਰੀਕ ਡੱਕੇ ਦੀ ਵਰਤੋਂ ਕੀਤੀ ਜਾਂਦੀ ਸੀ।
- ਕਰੀਰ ਦੀ ਲੱਕੜ ਘਰੇਲੂ ਵਸਤਾਂ ਬਣਾਉਣ ਲਈ ਵਰਤੀ ਜਾਂਦੀ ਸੀ ਜਿਵੇਂ ਕਿ ਚਰਖੇ ਦੀ ਲੱਠ, ਵੇਲਣੇ, ਘੋਟਣੇ, ਹੱਥ ਪੱਖੀਆਂ, ਖੇਤੀ ਦੇ ਸੰਦਾਂ ਦੇ ਹੱਥੇ/ਪਹੀਏ ਆਦਿ। ਇਸ ਦੀ ਲੱਕੜ ਨੂੰ ਜਲਦੀ ਸਿਉਂਕ ਨਹੀਂ ਲੱਗਦੀ।

ਡੇਲਿਆਂ ਤੋਂ ਸਬਜ਼ੀ ਵੀ ਬਣਾਈ ਜਾਂਦੀ ਹੈ। ਇਸ ਵਿੱਚ ਕੈਲਸ਼ੀਅਮ, ਪੋਟਾਸ਼ੀਅਮ, ਜ਼ਿੰਕ, ਆਇਰਨ, ਪ੍ਰੋਟੀਨ ਆਦਿ ਪਾਏ ਜਾਂਦੇ ਹਨ।

ਪੰਜਾਬ ਅਤੇ ਰਾਜਸਥਾਨ ਵਿੱਚ ਕਰੀਰ ਦੇ ਕੱਚੇ ਫ਼ਲਾਂ (ਡੇਲਿਆਂ) ਦਾ ਆਚਾਰ ਪਾਇਆ ਜਾਂਦਾ ਹੈ ਜੋ ਜੋੜਾਂ ਦੇ ਦਰਦ, ਗਠੀਏ ਨੂੰ ਠੀਕ ਕਰਨ ਲਈ ਲਾਭਕਾਰੀ ਮੰਨਿਆ ਜਾਂਦਾ ਹੈ।

**ਕਰੀਰ ਦੇ ਰੁੱਖ ਨਾਲ ਸਬੰਧਿਤ ਗੁਰੂ ਘਰ**

1. ਗੁਰਦੁਆਰਾ ਕਰੀਰ ਸਾਹਿਬ, ਪਿੰਡ ਅਕੋਈ ਸਾਹਿਬ, ਜ਼ਿਲ੍ਹਾ ਸੰਗਰੂਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ (ਛੇਵੀਂ ਪਾਤਸ਼ਾਹੀ) ਨਾਲ ਸੰਬੰਧਿਤ ਹੈ।

2. ਗੁਰਦੁਆਰਾ ਨਨਕਿਆਣਾ ਸਾਹਿਬ, ਜ਼ਿਲ੍ਹਾ ਸੰਗਰੂਰ।

ਇਸ ਸਥਾਨ ਉੱਤੇ ਬਹੁਤ ਪੁਰਾਣਾ ਕਰੀਰ ਦਾ ਰੁੱਖ ਮੌਜੂਦ ਹੈ ਜਿਸ ਨਾਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ (ਛੇਵੀਂ ਪਾਤਸ਼ਾਹੀ) ਨੇ ਆਪਣਾ ਘੋੜਾ ਬੰਨ੍ਹਿਆ ਸੀ।

3. ਗੁਰਦੁਆਰਾ ਕਰੀਰ ਸਾਹਿਬ, ਪਿੰਡ ਲਿੱਤਰ, ਜ਼ਿਲ੍ਹਾ ਲੁਧਿਆਣਾ।

ਪੰਜਾਬ ਵਿੱਚ ਇਸ ਰੁੱਖ ਦੀ ਤਾਦਾਦ ਬਹੁਤ ਘੱਟ ਗਈ ਹੈ ਅਤੇ ਅਲੋਪ ਹੋਣ ਦੇ ਨੇੜੇ ਹੈ। ਹੁਣ ਡੇਲੇ ਅਤੇ ਪੇਂਝੂ ਮਿਲਣੇ ਦੁਰਲੱਭ ਹੋ ਗਏ ਹਨ। ਡੇਲਿਆਂ ਦੇ ਅਚਾਰ ਬਾਰੇ ਤਾਂ ਅੱਜ ਦੀ ਪੀੜ੍ਹੀ ਸ਼ਾਇਦ ਹੀ ਜਾਣਦੀ ਹੋਵੇ। ਪਿੰਡ ਮਹਿਲ ਕਲਾਂ ਸੋਢੇ ਵਿੱਚ ਬਹੁਤ ਪੁਰਾਣੀ ਕਰੀਰ ਦੇ ਰੁੱਖਾਂ ਦੀ ਝਿੜ੍ਹੀ ਮੌਜੂਦ ਹੈ ਜਿਸ ਨੂੰ ਸਾਂਭਣ ਦੀ ਲੋੜ ਹੈ। ਪੰਜਾਬ ਦੇ ਇੱਕ ਪਿੰਡ ਦਾ ਨਾਮ ਕਰੀਰਵਾਲਾ ਵੀ ਹੈ ਜਿੱਥੇ ਕਿਸੇ ਸਮੇਂ ਬਹੁਤ ਕਰੀਰ ਦੇ ਰੁੱਖ ਹੁੰਦੇ ਸਨ।

-0-


# ਬਹੁ ਭਾਂਤੀ ਖੇਤੀ ਨੂੰ ਅਪਣਾ ਕੇ ਰੁਜ਼ਗਾਰ ਦੇ ਵਸੀਲੇ ਵਿਕਸਤ ਕਰਨ ਕਿਸਾਨ

**-ਡਾ. ਰਣਜੀਤ ਸਿੰਘ 94170-87328**

ਗੁਰੂ ਅੰਗਦ ਦੇਵ ਪਸ਼ੂ ਪਾਲਣ ਯੂਨੀਵਰਸਿਟੀ ਕੋਲ ਦੇਸ਼ ਦਾ ਸਭ ਤੋਂ ਵਧੀਆ ਮੱਝਾਂ ਦਾ ਵੱਗ ਹੈ।ਵਧੀਆ ਨਸਲ ਦੀਆਂ ਵੱਛੀਆਂ ਅਤੇ ਕੱਟੀਆਂ ਤਿਆਰ ਕਰ ਕੇ ਕਿਸਾਨਾਂ ਨੂੰ ਦੇਣ ਦਾ ਪ੍ਰਬੰਧ ਇਸੇ ਦੀ ਜ਼ਿੰਮੇਵਾਰੀ ਹੈ। ਪਸ਼ੂ ਪ੍ਰਬੰਧ ਦੇ ਵਿਗਿਆਨਕ ਢੰਗਾਂ ਦੀ ਸਿਖਲਾਈ ਦੇਣ ਦਾ ਪ੍ਰਬੰਧ ਵੀ ਇਸ ਨੇ ਹੀ ਕਰਨਾ ਹੈ।

ਮੌਜੂਦਾ ਸਰਕਾਰ ਨੇ ਖੇਤੀ ਦੇ ਵਿਕਾਸ ਲਈ ਉੱਚ-ਪੱਧਰੀ ਕਮੇਟੀ ਬਣਾਈ ਸੀ। ਸਾਲ ਤੋਂ ਵੱਧ ਸਮੇਂ ਦੀ ਮਿਹਨਤ ਪਿਛੋਂ ਪਤਾ ਲੱਗਾ ਹੈ ਕਿ ਕਮੇਟੀ ਨੇ ਆਪਣੀ ਰਿਪੋਰਟ ਮੁੱਖ ਮੰਤਰੀ ਨੂੰ ਪੇਸ਼ ਕਰ ਦਿੱਤੀ ਹੈ। ਪਹਿਲਾਂ ਵੀ ਜਦੋਂ ਕੋਈ ਨਵੀਂ ਸਰਕਾਰ ਆਈ ਖੇਤੀ ਨੀਤੀ ਬਣਾਉਣ ਲਈ ਮਾਹਿਰਾਂ ਦੀਆਂ ਕਮੇਟੀਆਂ ਬਣਾਈਆਂ ਜਾਂਦੀਆਂ ਰਹੀਆਂ ਹਨ। ਪਰ ਕਮੇਟੀ ਦੀ ਸਿਫ਼ਾਰਿਸ਼ਾਂ ਇਤਨੀਆਂ ਮਹਿੰਗੀਆਂ ਸਨ ਕਿ ਕਿਸੇ ਵੀ ਸਰਕਾਰ ਨੇ ਉਨ੍ਹਾਂ ਨੂੰ ਲਾਗੂ ਕਰਨ ਦੀ ਹਿੰਮਤ ਨਹੀਂ ਕੀਤੀ। ਇੰਝ ਜਾਪਦਾ ਹੈ ਕਿ ਮੌਜੂਦਾ ਰਿਪੋਰਟ ਦਾ ਵੀ ਸ਼ਾਇਦ ਇਹੋ ਹੀ ਹਸ਼ਰ ਹੋਵੇਗਾ। ਮੁੱਖ ਸਮੱਸਿਆ ਕਣਕ-ਝੋਨੇ ਦੇ ਫ਼ਸਲ ਚੱਕਰ ਵਿਚੋਂ ਕੁਝ ਰਕਬਾ ਕੱਢ ਕੇ ਦੂਜੀਆਂ ਫ਼ਸਲਾਂ ਹੇਠ ਲੈ ਕੇ ਆਉਣਾ ਹੈ। ਸਾਰੇ ਮਾਹਿਰ ਮੰਨਦੇ ਹਨ ਕਿ ਕਣਕ-ਝੋਨੇ ਦੇ ਫ਼ਸਲੀ ਚੱਕਰ ਵਿਚੋਂ ਵੱਧ ਤੋਂ ਵੱਧ 10 ਲੱਖ ਹੈਕਟਰ ਰਕਬਾ ਹੀ ਕੱਢਿਆ ਜਾ ਸਕਦਾ ਹੈ। ਇਸ ਨਾਲ ਮੰਨਿਆ ਜਾਂਦਾ ਹੈ ਕਿ ਧਰਤੀ ਹੇਠਲੇ ਪਾਣੀ ਦੀ ਬਚਤ ਹੋਵੇਗੀ। ਇਥੇ ਇਹ ਦੱਸਣਾ ਉਚਿਤ ਹੋਵੇਗਾ ਕਿ ਪੰਜਾਬ ਵਿਚ ਬਹੁ-ਗਿਣਤੀ ਛੋਟੇ ਕਿਸਾਨਾਂ ਦੀ ਹੈ। ਕੋਈ ਕਿਸਾਨ ਵੀ ਆਪਣੀ ਧਰਤੀ ਨੂੰ ਇਕ ਫ਼ਸਲ ਲਈ ਖ਼ਾਲੀ ਛੱਡਣ ਦਾ ਹੌਸਲਾ ਨਹੀਂ ਕਰ ਸਕਦਾ ਹੈ। ਪਹਿਲਾਂ ਸਾਉਣੀ ਵਿਚ ਬਹੁਤ ਘੱਟ ਰਕਬੇ 'ਚ ਫ਼ਸਲਾਂ ਬੀਜੀਆਂ ਜਾਂਦੀਆਂ ਸਨ। ਇਸ ਦਾ ਕਾਰਨ ਸਿੰਚਾਈ ਦੇ ਵਸੀਲਿਆਂ ਦੀ ਘਾਟ ਸੀ।

ਹੁਣ ਜਦੋਂ ਸਿੰਚਾਈ ਸਹੂਲਤਾਂ ਪ੍ਰਾਪਤ ਹਨ ਅਤੇ ਪਾਣੀ ਮੁਫ਼ਤ ਹੀ ਮਿਲ ਰਿਹਾ ਹੈ ਤਾਂ ਹਰੇਕ ਕੋਈ ਇਸ ਦਾ ਫ਼ਾਇਦਾ ਉਠਾਉਣਾ ਚਾਹੇਗਾ। ਪਾਣੀ ਦੀ ਬੱਚਤ ਲਈ ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਵੱਧ ਤੋਂ ਵੱਧ ਰਕਬੇ ਨੂੰ ਨਹਿਰੀ ਪਾਣੀ ਨਾਲ ਸਿੰਜਿਆ ਜਾਵੇ ਅਤੇ ਬਰਸਾਤ ਦੇ ਪਾਣੀ ਨੂੰ ਧਰਤੀ ਹੇਠ ਭੇਜਣ ਦੇ ਯਤਨ ਸੰਜੀਦਗੀ ਨਾਲ ਕੀਤੇ ਜਾਣ। ਇਸ ਦੇ ਨਾਲ ਹੀ ਸੀਵਰੇਜ ਅਤੇ ਫ਼ੈਕਟਰੀਆਂ ਦੇ ਗੰਦੇ ਪਾਣੀ ਨੂੰ ਦਰਿਆਵਾਂ ਵਿਚ ਪਾਉਣ ਦੀ ਥਾਂ ਸਾਫ਼ ਕਰ ਕੇ ਸਿੰਚਾਈ ਲਈ ਵਰਤਿਆ ਜਾਵੇ। ਪੰਜਾਬ 'ਚ ਨੀਤੀ ਦੇ ਨਾਲੋ-ਨਾਲ ਨੀਅਤ ਦੀ ਵੀ ਲੋੜ ਹੈ। ਨੀਤੀਆਂ ਤਾਂ ਸਾਰੀਆਂ ਰਾਜਸੀ ਪਾਰਟੀਆਂ ਅਤੇ ਮਾਹਿਰ ਘੜਦੇ ਹਨ ਪਰ ਇਨ੍ਹਾਂ ਨੂੰ ਅਮਲੀ ਰੂਪ ਦੇਣ ਦੇ ਯਤਨ ਬਹੁਤ ਘੱਟ ਕੀਤੇ ਜਾਂਦੇ ਹਨ। ਮਿਸਾਲ ਵਜੋਂ ਪਿਛਲੇ ਸਾਲ ਨੂੰ ਭਾਰਤ ਦੇ ਸੁਝਾਅ ਉਤੇ ਮੋਟੇ ਅਨਾਜਾਂ ਦੇ ਵਰ੍ਹੇ ਦੇ ਰੂਪ ਵਿਚ ਮਨਾਇਆ ਗਿਆ ਪਰ ਪੰਜਾਬ ਵਿਚ 100 ਹੈਕਟਰ ਧਰਤੀ ਵਿਚ ਵੀ ਮੋਟੇ ਅਨਾਜਾਂ ਦੀ ਕਾਸ਼ਤ ਨੂੰ ਉਤਸ਼ਾਹਿਤ ਨਹੀਂ ਕੀਤਾ ਗਿਆ ਹਾਲਾਂਕਿ ਬਾਜਰੇ ਦੀ ਖੇਤੀ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਸੀ। ਇਸੇ ਤਰ੍ਹਾਂ ਹਾੜ੍ਹੀ ਵਿਚ ਜਵੀਂ ਦੀ ਦਾਣਿਆਂ ਦੀ ਖੇਤੀ ਨੂੰ ਉਤਸ਼ਾਹਿਤ ਨਹੀਂ ਕੀਤਾ ਗਿਆ। ਪੰਜਾਬ ਕਈ ਕਾਰਪੋਰੇਸ਼ਨ ਇਨ੍ਹਾਂ ਦੀ ਖ਼ਰੀਦ ਕਰ ਸਕਦੀਆਂ ਹਨ। ਸਾਡੀ ਨਵੀਂ ਪੀੜ੍ਹੀ ਖੇਤੀ ਤੋਂ ਮੁੱਖ ਮੋੜ ਰਹੀ ਹੈ ਅਤੇ ਕਿਰਤ ਤੋਂ ਨਾਤਾ ਤੋੜ ਰਹੀ ਹੈ। ਕਿਸੇ ਵੀ ਸਰਕਾਰ, ਰਾਜਸੀ ਪਾਰਟੀ, ਧਾਰਮਿਕ ਆਗੂਆਂ ਅਤੇ ਸਮਾਜ ਸੇਵਕਾਂ ਦਾ ਇਸ ਪਾਸੇ ਧਿਆਨ ਨਹੀਂ ਹੈ।




ਕਣਕ-ਝੋਨਾ ਹੀ ਇਥੋਂ ਦੀ ਮੁੱਖ ਫ਼ਸਲ ਚੱਕਰ ਬਣ ਗਿਆ ਹੈ। ਇਹ ਦੋਵੇਂ ਅਜਿਹੀਆਂ ਫ਼ਸਲਾਂ ਹਨ ਜਿਨ੍ਹਾਂ ਵਿਚ ਖ਼ਤਰਾ ਸਭ ਤੋਂ ਘੱਟ ਹੈ ਤੇ ਕੁਝ ਨਵਾਂ ਕਰਨ ਦੀ ਗੁੰਜ਼ਾਇਸ਼ ਵੀ ਨਹੀਂ ਹੈ। ਇਨ੍ਹਾਂ ਫ਼ਸਲਾਂ ਨੂੰ ਹੁਣ ਕਾਮੇ ਹੀ ਬੀਜਦੇ ਹਨ ਅਤੇ ਕਾਮੇ ਹੀ ਵੱਢਦੇ ਹਨ, ਕਿਸਾਨ ਤਾਂ ਕੇਵਲ ਮੰਡੀ ਵਿਚੋਂ ਪੈਸੇ ਵਸੂਲਣ ਹੀ ਜਾਂਦਾ ਹੈ। ਇੰਝ ਸਾਰਾ ਸਾਲ ਖੇਤਾਂ ਵਿਚ ਉਸ ਦੇ ਕਰਨ ਨੂੰ ਕੋਈ ਖ਼ਾਸ ਕੰਮ ਨਹੀਂ ਹੈ ਕਿਉਂਕਿ ਹੁਣ ਤਾਂ ਟਰੈਕਟਰ ਚਲਾਉਣ ਵਿਚ ਵੀ ਕਾਮੇ ਮਾਹਿਰ ਹੋ ਗਏ ਹਨ ਤੇ ਉਹ ਟਰੈਕਟਰ ਉਤੇ ਬੈਠ ਖੁਸ਼ ਹੁੰਦੇ ਹਨ। ਸੰਸਾਰ ਦੇ ਸਭ ਤੋਂ ਮਿਹਨਤੀ ਤੇ ਹਿੰਮਤੀ ਸਮਝੇ ਜਾਂਦੇ ਪੰਜਾਬੀ ਕਿਸਾਨ ਹੁਣ ਖੇਤਾਂ ਤੋਂ ਦੂਰ ਹੋ ਰਹੇ ਹਨ। ਵਿਹਲ ਨੂੰ ਦੂਰ ਕਰਨ ਲਈ ਉਹ ਸ਼ਹਿਰ ਜਾਂਦੇ ਹਨ। ਸ਼ਹਿਰ ਜਾਣ ਲਈ ਮੋਟਰਸਾਇਕਲ ਚਾਹੀਦਾ ਹੈ। ਮੋਟਰਸਾਈਕਲ ਦਾ ਖ਼ਰਚ ਵੱਧ ਗਿਆ ਹੈ, ਸ਼ਹਿਰ ਵਿਚ ਚਾਹ-ਪਾਣੀ ਵੀ ਪੀਣਾ ਪੈਂਦਾ ਹੈ ਅਤੇ ਮੁੜਦੀ ਵਾਰ ਰਾਹ ਵਾਲੇ ਠੇਕੇ ਤੋਂ ਬੋਤਲ ਵੀ ਖ਼ਰੀਦੀ ਜਾਂਦੀ ਹੈ। ਕਿਸਾਨ ਵਿਹਲਾ, ਖ਼ਰਚੀਲਾ ਅਤੇ ਨਸ਼ੱਈ ਬਣਦਾ ਜਾ ਰਿਹਾ ਹੈ।

ਸਰਕਾਰ ਵੱਲੋਂ ਖੇਤੀ ਵਿਕਾਸ ਲਈ ਪੂਰੇ ਉਤਸ਼ਾਹ ਨਾਲ ਯੋਗਦਾਨ ਪਾਇਆ ਗਿਆ ਸੀ। ਪਿੰਡਾਂ ਦੀਆਂ ਸੜਕਾਂ ਪੱਕੀਆਂ ਕੀਤੀਆਂ ਗਈਆਂ ਤੇ ਬਿਜਲੀ ਪਹੁੰਚਾਈ। ਟਿਊਬਵੈੱਲ ਲਗਾਉਣ ਲਈ ਕਰਜ਼ਾ ਤੇ ਬਿਜਲੀ ਮੁਫ਼ਤ ਦਿੱਤੀ। ਕਣਕ ਝੋਨੇ ਦੀ ਘੱਟੋ-ਘੱਟ ਖ਼ਰੀਦ ਕੀਮਤ ਮਿੱਥੀ ਗਈ ਤੇ ਇਨ੍ਹਾਂ ਦੀ ਖ਼ਰੀਦ ਯਕੀਨੀ ਬਣਾਈ ਗਈ। ਰਸਾਇਣਿਕ ਖਾਦਾਂ ਉਤੇ ਰਿਆਇਤਾਂ ਤੇ ਹੋਰ ਕਈ ਸਹੂਲਤਾਂ ਦਿੱਤੀਆਂ ਗਈਆਂ। ਅਸੀਂ ਸਾਰੇ ਇਸੇ 'ਤੇ ਮਾਣ ਮਹਿਸੂਸ ਕਰਦੇ ਰਹੇ ਅਤੇ ਕਰ ਰਹੇ ਹਾਂ ਕਿ ਪੰਜਾਬ ਕੇਂਦਰੀ ਅੰਨ ਭੰਡਾਰ ਵਿਚ 60 ਫ਼ੀਸਦੀ ਕਣਕ ਅਤੇ 40 ਫ਼ੀਸਦੀ ਚੌਲ ਦੇ ਰਿਹਾ ਹੈ । ਇਹ ਕਿਸੇ ਨਹੀਂ ਸੋਚਿਆ ਕਿ ਖੇਤੀ ਵਿਚ ਵਿਕਾਸ ਦਰ ਵਿਚ ਤੇਜ਼ੀ ਨਾਲ ਹੋਏ ਵਾਧੇ ਨੂੰ ਬਰਕਰਾਰ ਰੱਖਣ ਲਈ ਭਵਿੱਖ ਯੋਜਨਾ ਦੀ ਲੋੜ ਹੈ। ਕਈ ਦਹਾਕਿਆਂ ਤੋਂ ਅਪਣਾਇਆ ਗਿਆ ਫ਼ਸਲ ਚੱਕਰ ਖੜ੍ਹੋਤ ਦਾ ਕਾਰਨ ਬਣ ਜਾਂਦਾ ਹੈ । ਪੰਜਾਬ ਦੀ ਖੇਤੀ ਦੀ ਵਿਕਾਸ ਦਰ ਦੋ ਪ੍ਰਤੀਸ਼ਤ ਤੋਂ ਵੀ ਘੱਟ ਗਈ ਹੈ ਜੋ ਵੱਡੀ ਚਿੰਤਾ ਦਾ ਵਿਸ਼ਾ ਹੈ।

**ਸਬਜ਼ੀਆਂ ਦੀ ਕਾਸ਼ਤ**

ਇਸੇ ਤਰ੍ਹਾਂ ਸਬਜ਼ੀਆਂ ਦੀ ਕਾਸ਼ਤ ਨੂੰ

ਸਿਹਤ ਸੰਭਾਲ

# ਯਾਦਦਾਸ਼ਤ ਤੇਜ਼ ਕਰਨ ਦਾ ਢੰਗ

**ਡਾ. ਹਰਸ਼ਿੰਦਰ ਕੌਰ, ਐਮ. ਡੀ., 0175-2216783**

ਹਾਵਰਡ ਯੂਨੀਵਰਸਿਟੀ ਲਗਾਤਾਰ ਨਵੀਆਂ ਖੋਜਾਂ ਵਿਚ ਜੁਟੀ ਰਹਿੰਦੀ ਹੈ। ਇਹ ਜਾਣੀ ਬੁੱਝੀ ਗੱਲ ਹੈ ਕਿ ਉਮਰ ਵਧਣ ਨਾਲ ਯਾਦਦਾਸ਼ਤ ਘਟਦੀ ਹੈ। ਕਈਆਂ ਦੀ ਤਾਂ ਪੂਰੀ ਤਰ੍ਹਾਂ ਹੀ ਚਲੀ ਜਾਂਦੀ ਹੈ। ਲੋਕ ਅਜਿਹਿਆਂ ਨੂੰ ਸੱਤਰਿਆ-ਬਹੱਤਰਿਆ ਕਹਿ ਦਿੰਦੇ ਹਨ।

ਆਪੋ ਆਪਣੇ ਕੰਮਾਂ ਵਿਚ ਰੁੱਝੇ ਬਹੁਤ ਲੋਕ ਨਾਵਾਂ ਨੂੰ ਭੁੱਲਣ ਲੱਗ ਜਾਂਦੇ ਹਨ ਜਾਂ ਲਿਸਟਾਂ ਵਿਚਲੇ ਕੰਮ ਕਰਨੇ ਭੁੱਲ ਜਾਂਦੇ ਹਨ। ਉਨ੍ਹਾਂ ਲਈ ਇਹ ਜਾਣਕਾਰੀ ਫ਼ਾਇਦੇਮੰਦ ਸਾਬਤ ਹੋ ਸਕਦੀ ਹੈ।

**ਮਨੁੱਖੀ ਮਨ ਯਾਦਾਂ ਨੂੰ ਤਿੰਨ ਸਟੇਜਾਂ ਵਿੱਚ ਵੰਡ ਕੇ ਸਾਂਭਦਾ ਹੈ :-**

**ਪੱਕੀ ਕੱਚੀ ਪੂਰੀ ਗੱਲ :-** ਇਹ ਕੁੱਝ ਸਮੇਂ ਤੱਕ ਗੱਲ ਇੰਨ-ਬਿੰਨ ਪੂਰੀ ਯਾਦ ਰਹਿ ਜਾਂਦੀ ਹੈ।

**ਸੰਵਾਰ ਕੇ ਸਾਂਭਣਾ :-** ਕੁੱਝ ਚਿਰ ਬਾਅਦ ਉਹੀ ਗੱਲ ਥੋੜ੍ਹਾ ਬਹੁਤ ਝਾੜ ਕੇ ਲੋੜ ਅਨੁਸਾਰ ਹਿੱਸਾ ਸਾਂਭ ਲਿਆ ਜਾਂਦਾ ਹੈ।

**ਰੋਜ਼ਮਰਾ ਦਾ ਹਿੱਸਾ ਬਣਨਾ :-** ਗਰਮ ਦੁੱਧ ਦਾ ਸੜਿਆ ਲੱਸੀ ਵੀ ਫੂਕਾਂ ਮਾਰ ਕੇ ਪੀਂਦਾ ਹੈ। ਉਸੇ ਤਰ੍ਹਾਂ ਕੋਈ ਯਾਦ ਸਾਵਧਾਨੀ ਵਜੋਂ ਰੋਜ਼ਮਰਾ ਦੀ ਜ਼ਿੰਦਗੀ ਦਾ ਹਿੱਸਾ ਹੀ ਬਣ ਜਾਂਦੀ ਹੈ। ਮਿਸਾਲ ਵਜੋਂ-ਮੋੜ ਉੱਤੇ ਐਕਸੀਡੈਂਟ ਹੋਇਆ ਸੀ ਤਾਂ ਉਮਰ ਭਰ ਉਸ ਥਾਂ ਤੋਂ ਧਿਆਨ ਨਾਲ ਚੁਫ਼ੇਰਾ ਵੇਖ ਕੇ ਹੀ ਮੋੜ ਕੱਟਿਆ ਜਾਂਦਾ ਹੈ।

ਦਿਮਾਗ਼ ਦੇ ਕੁੱਝ ਮਹੀਨ ਹਿੱਸੇ ਲਗਾਤਾਰ ਯਾਦਾਂ ਉਘਾੜਨ ਵਿਚ ਜੁਟੇ ਰਹਿੰਦੇ ਹਨ। ਦਿਨ ਵਿਚ ਸੈਂਕੜੇ ਤੋਂ ਵੱਧ ਵਾਰ ਚੀਜ਼ਾਂ ਯਾਦ ਕਰਨ ਦੀ ਲੋੜ ਪੈਂਦੀ ਹੈ। ਉਸ ਵਾਸਤੇ ਖ਼ਰਬਾਂ ਸੈੱਲ ਅਤੇ ਉਨ੍ਹਾਂ ਦੇ ਜੋੜ ਲਗਾਤਾਰ ਕੰਮ ਕਰਦੇ ਹਨ। ਇਸ ਦੌਰਾਨ ਹੋਈ ਟੁੱਟ ਭੱਜ ਨੂੰ ਰਿਪੇਅਰ ਕਰਨ ਲਈ ਵੱਖ ਸੈੱਲਾਂ ਦੀ ਯੂਨਿਟ ਲਗਾਤਾਰ ਕੰਮ ਕਰਦੀ ਹੈ। ਸਾਨੂੰ ਭਾਵੇਂ ਆਮ ਜਿਹੀ ਗੱਲ ਹੀ ਜਾਪੇ ਪਰ, 'ਕੱਲ ਕੀ ਖਾਧਾ ਸੀ', ਵਰਗੀ ਮਾਮੂਲੀ ਜਿਹੀ ਗੱਲ ਨੂੰ ਯਾਦ ਕਰਨ ਲਈ ਸਾਰਾ ਸਿਸਟਮ ਹਿਲਜੁਲ ਕਰਦਾ ਹੈ। ਇਹੋ ਜਿਹੀਆਂ ਸੈਂਕੜੇ ਗੱਲਾਂ ਰੋਜ਼ ਯਾਦ ਕਰ ਕੇ ਦਿਮਾਗ਼ ਜਵਾਬ ਲੱਭ ਕੇ ਦਿੰਦਾ ਹੈ। ਇਸੇ ਲਈ ਦਿਮਾਗ਼ ਨੂੰ ਚੁਸਤ ਰੱਖਣ ਅਤੇ ਵੇਲੇ ਸਿਰ ਪੂਰਾ ਆਰਾਮ ਦੇਣ ਦੀ ਲੋੜ ਹੁੰਦੀ ਹੈ।

ਯਾਦਦਾਸ਼ਤ ਉਘਾੜਨ ਲਈ ਦੋ ਤਰੀਕੇ ਹੁੰਦੇ ਹਨ। ਪਹਿਲਾ, ਬਾਹਰੀ ਸੁਨੇਹੇ ਤੇ ਦੂਜਾ, ਅੰਦਰੂਨੀ। ਸੈੱਲਾਂ ਰਾਹੀਂ ਪਹੁੰਚੀਆਂ ਤਰੰਗਾਂ ਜਿਸ ਤਰੀਕੇ ਛਪਦੀਆਂ ਹਨ, ਉਨ੍ਹਾਂ ਨੂੰ ਇਕ ਯੂਨਿਟ ਦੇ ਇੱਕ ਨੁੱਕਰੇ ਤਹਿ ਬਣਾ ਕੇ, ਯਾਦ ਦੇ ਰੂਪ ਵਿੱਚ ਰੱਖ ਲਿਆ ਜਾਂਦਾ ਹੈ। ਫੇਰ ਦਿਮਾਗ਼ ਉਸ ਯਾਦ ਨੂੰ ਆਪਣੀ ਲਿਆਕਤ ਅਨੁਸਾਰ ਚੰਗੀ, ਮਾੜੀ, ਬੇਹੂਦਾ, ਸ਼ਰਮਸਾਰ, ਭਿਆਨਕ ਆਦਿ ਲੇਬਲ ਲਾ ਕੇ ਸਾਂਭ ਲੈਂਦਾ ਹੈ। ਉਸ ਤੋਂ ਬਾਅਦ ਇਸ ਯਾਦ ਦੀ ਛਾਂਟੀ ਕੀਤੀ ਜਾਂਦੀ ਹੈ ਕਿ ਕਿੰਨਾ ਹਿੱਸਾ ਉਸ ਵਿੱਚੋਂ ਪੱਕੀ ਯਾਦ ਬਣਾ ਕੇ ਰੱਖਣਾ ਹੈ। ਇਸ ਤੋਂ ਬਾਅਦ ਕਿਸ ਕਿਸਮ ਦਾ ਕਦਮ ਪੁੱਟਣਾ ਹੈ-ਸ਼ਾਂਤ ਰਹਿਣਾ ਹੈ, ਭੜਕਣਾ ਹੈ, ਬਦਲਾ ਲੈਣਾ ਹੈ ਜਾਂ ਹੌਲੀ-ਹੌਲੀ ਭੁਲਾ ਦੇਣਾ ਹੈ-ਬਾਰੇ ਫ਼ੈਸਲਾ ਲਿਆ ਜਾਂਦਾ ਹੈ।

**ਇਸ ਯਾਦ ਉੱਤੇ ਬਾਹਰੀ ਅਸਰ ਹੁੰਦੇ ਹਨ :-** ਉਸ ਸਮੇਂ ਦਾ ਤਣਾਓ, ਗੁੱਸਾ, ਲੜਾਈ, ਪਿਆਰ, ਮੌਤ ਆਦਿ। ਜੇ ਯਾਦ ਪਿਆਰੀ ਹੋਵੇ ਜਾਂ ਡੂੰਘੀ ਸੱਟ ਲੱਗ ਗਈ ਹੋਵੇ ਤਾਂ ਛੇਤੀ ਭੁੱਲਦੀ



ਨਹੀਂ। ਤਣਾਓ ਅਧੀਨ ਜੁੜੀਆਂ ਯਾਦਾਂ ਹੌਲੀ-ਹੌਲੀ ਫਿੱਕੀਆਂ ਪੈਣ ਲੱਗ ਪੈਂਦੀਆਂ ਹਨ ਤੇ ਦੁਬਾਰਾ ਧਿਆਨ ਕਰਨ ਉੱਤੇ ਪੂਰੀ ਯਾਦ ਉਘਾੜੀ ਨਹੀਂ ਜਾਂਦੀ। ਕਈ ਵਾਰ ਬਿਲਕੁਲ ਉਸੇ ਤਰ੍ਹਾਂ ਦੀ ਘਟਨਾ ਦਿਸ ਪਵੇ ਤਾਂ ਛਪੀ ਹੋਈ ਯਾਦ ਦਾ ਕੁੱਝ ਹਿੱਸਾ ਉੱਘੜ ਕੇ ਸਾਹਮਣੇ ਆ ਜਾਂਦਾ ਹੈ।

ਸਾਡੇ ਸੁੱਤਿਆਂ ਹੋਇਆਂ ਵੀ ਦਿਮਾਗ਼ ਦਾ ਇੱਕ ਹਿੱਸਾ ਹਮੇਸ਼ਾਂ ਜਾਗਦਾ ਹੋਇਆ, ਸਾਫ਼-ਸਫ਼ਾਈ ਕਰਦਾ ਅਤੇ ਯਾਦਾਂ ਨੂੰ ਇੱਧਰ-ਉੱਧਰ ਸਾਂਭਦਾ ਜਾਂ ਝਾੜਦਾ ਰਹਿੰਦਾ ਹੈ। ਇਸੇ ਕਰਕੇ ਕਦੇ ਕਦਾਈਂ ਸੁੱਤਿਆਂ ਵੀ ਮੂੰਹ ਉੱਤੇ ਮੁਸਕਾਨ, ਹਾਸਾ ਜਾਂ ਮੂੰਹੋਂ ਕੁਬੋਲ ਨਿਕਲ ਜਾਂਦੇ ਹਨ।

ਯਾਦਦਾਸ਼ਤ ਵਧਾਉਣ ਬਾਰੇ ਅਨੇਕ ਖੋਜਾਂ ਹੋ ਚੁੱਕੀਆਂ ਹਨ। ਇਸ ਬਾਬਤ 30 ਸਾਲਾਂ ਦੀ ਹਾਵਰਡ ਯੂਨੀਵਰਸਿਟੀ ਵੱਲੋਂ ਕੀਤੀ ਖੋਜ ਦੇ ਕੁੱਝ ਅੰਸ਼ ਸਾਂਝੇ ਕਰ ਰਹੀ ਹਾਂ :-

**ਹੋਰ ਨਵੀਆਂ ਚੀਜ਼ਾਂ ਸਿੱਖਣੀਆਂ ਜਾਰੀ ਰੱਖਣੀਆਂ ਚਾਹੀਦੀਆਂ ਹਨ :-** ਕਾਰ ਚਲਾਉਣੀ, ਗੋਡੀ ਕਰਨੀ, ਸਾਈਕਲ ਚਲਾਉਣਾ, ਕਿਤਾਬਾਂ ਪੜ੍ਹਨੀਆਂ, ਪੇਂਟਿੰਗ ਕਰਨੀ, ਸ਼ਤਰੰਜ ਖੇਡਣੀ, ਕੈਰਮ ਬੋਰਡ ਖੇਡ ਖੇਡਣੀ, ਸੁਡੋਕੂ ਖੇਡਣੀ, ਪਹੇਲੀਆਂ ਬੁੱਝਣੀਆਂ ਆਦਿ। ਇਸ ਤਰ੍ਹਾਂ ਦਿਮਾਗ਼ ਲਗਾਤਾਰ ਹਿਲਜੁਲ ਵਿਚ ਜੁਟਿਆ ਰਹਿੰਦਾ ਹੈ ਤੇ ਚੁਸਤ ਰਹਿੰਦਾ ਹੈ।

**ਜਿੰਨੀਆਂ ਜ਼ਿਆਦਾ ਇੰਦ੍ਰੀਆਂ ਦੀ ਵਰਤੋਂ ਕੀਤੀ ਜਾਵੇ, ਓਨਾ ਹੀ ਵਧੀਆ ਰਹਿੰਦਾ ਹੈ :-** ਪੱਕੀ ਯਾਦ ਬਣਾਉਣ ਲਈ ਵੇਖਣਾ, ਸੁਣਨਾ, ਟੋਹਣਾ, ਸੁੰਘਣਾ ਆਦਿ ਸ਼ਕਤੀਆਂ ਰਲਾ ਕੇ ਜ਼ਿਆਦਾ ਅਸਰਦਾਰ ਸਾਬਤ ਹੋ ਜਾਂਦੇ ਹਨ। ਦਿਮਾਗ਼ ਦਾ 'ਪਿਰੀਫੌਰਮ ਕੌਰਟੈਕਸ' ਹਿੱਸਾ ਸੁੰਘੀ ਹੋਈ ਚੀਜ਼ ਨੂੰ ਯਾਦ ਰੱਖਣ ਵਿਚ ਮਦਦ ਕਰਦਾ ਹੈ। ਇੰਜ ਵੱਖੋ-ਵੱਖ ਹਿੱਸੇ ਰਲ ਮਿਲ ਕੇ, ਯਾਨੀ ਨਜ਼ਰ, ਛੋਹ, ਸੁਣਨਾ ਆਦਿ ਅਲੱਗ-ਅਲੱਗ ਸੁਨੇਹੇ ਭੇਜ ਕੇ ਪਹਿਲਾਂ ਯਾਦ ਪੱਕੀ ਕਰਨ ਵਿਚ ਮਦਦ ਕਰਦੇ ਹਨ ਤੇ ਫਿਰ ਯਾਦ ਉਘਾੜਨ ਵਿਚ ਵੀ ਮਦਦ ਕਰਦੇ ਹਨ। ਸੁੰਘਣ ਲਈ ਜੁੜੀ ਯਾਦ ਜ਼ਿਆਦਾ ਪੱਕੀ ਹੁੰਦੀ ਹੈ।

**ਆਪਣੇ ਆਪ ਉੱਤੇ ਯਕੀਨ ਰੱਖਣਾ :-** ਜਦੋਂ ਆਪ ਹੀ ਆਪਣੇ ਆਪ ਨੂੰ ਇਹ ਕਹਿਣਾ ਸ਼ੁਰੂ ਕਰ ਦੇਈਏ ਕਿ ਹੁਣ ਤਾਂ ਚੀਜ਼ਾਂ ਭੁੱਲਣ ਲੱਗ ਪਈਆਂ ਹਨ, ਚਲੋ ਉਮਰ ਲੰਘ ਗਈ ਹੈ, ਤਾਂ ਗੱਲ ਜ਼ਿਆਦਾ ਦੇਰ ਦਿਮਾਗ਼ ਵਿਚ ਟਿਕਦੀ ਹੀ ਨਹੀਂ। ਇਹ ਸੋਚ ਹੀ ਦਿਮਾਗ਼ ਨੂੰ ਤਰੋਤਾਜ਼ਾ ਤੇ ਤੇਜ਼ ਰੱਖਣ ਵਾਲੀਆਂ ਕਸਰਤਾਂ ਕਰਨ ਤੋਂ ਰੋਕ ਦਿੰਦੀ ਹੈ।

**ਦਿਮਾਗ਼ ਦੀ ਵਧੀਆ ਵਰਤੋਂ ਕਰਨੀ :-** ਹਰ ਨਿੱਕੀ ਤੋਂ ਨਿੱਕੀ ਗੱਲ ਯਾਦ ਰੱਖਣੀ ਦਿਮਾਗ਼ ਲਈ ਵੀ ਔਖੀ ਹੁੰਦੀ ਹੈ। ਜਿਵੇਂ ਰਸੋਈ ਵਿਚ ਕੰਮ ਕਰਦਿਆਂ ਚਾਬੀ ਕਿਸੇ ਕੋਨੇ ਵਿਚ ਰੱਖੀ ਗਈ, ਕੀ ਸਬਜ਼ੀ ਵਿਚ ਦੁਬਾਰਾ ਲੂਣ ਤਾਂ ਨਹੀਂ ਪੈ ਗਿਆ, ਘਰ ਅੰਦਰ ਵੜਦਿਆਂ ਐਨਕ ਕਿੱਥੇ ਰੱਖ ਦਿੱਤੀ, ਵਗ਼ੈਰਾ।

ਇਸੇ ਲਈ ਕ੍ਰਮਵਾਰ ਚੀਜ਼ਾਂ ਕਰਨ ਦੀ ਲੋੜ ਹੁੰਦੀ ਹੈ। ਮਿਸਾਲ ਵਜੋਂ ਘਰ ਅੰਦਰ ਵੜ ਕੇ ਚਾਬੀ ਇੱਕੋ ਥਾਂ, ਐਨਕ ਦੂਜੀ ਥਾਂ ਤੇ ਕਾਗਜ਼ ਤੀਜੀ ਥਾਂ। ਜੇ ਉਸੇ ਤਰ੍ਹਾਂ ਚੀਜ਼ਾਂ ਰੱਖੀਆਂ ਜਾਣ ਤਾਂ ਦਿਮਾਗ਼ ਨੂੰ ਫ਼ਾਲਤੂ ਚੀਜ਼ਾਂ ਲਗਾਤਾਰ ਯਾਦ ਰੱਖਣ ਦੀ ਲੋੜ ਨਹੀਂ ਰਹਿੰਦੀ। ਇੰਜ ਹੀ ਬਜ਼ਾਰ ਜਾਣ ਲੱਗਿਆਂ

ਜ਼ਬਾਨੀ ਰੱਟਾ ਲਾਉਣ ਨਾਲੋਂ ਕਾਗਜ਼ ਉੱਤੇ ਲਿਖਣਾ ਬਿਹਤਰ ਹੈ ਤਾਂ ਜੋ ਦਿਮਾਗ਼ ਉੱਤੇ ਫ਼ਾਲਤੂ ਦਾ ਬੋਝ ਨਾ ਪਵੇ।

ਕਾਗਜ਼ਾਂ ਦੀ ਵੀ ਇੱਕ ਫਾਈਲ ਲਾਉਣੀ ਠੀਕ ਹੈ ਤਾਂ ਜੋ ਕਾਗਜ਼ ਲੱਭਦਿਆਂ ਸਾਰਾ ਘਰ ਉੱਤੇ ਥੱਲੇ ਨਾ ਕੀਤਾ ਜਾਵੇ। ਫਰਿੱਜ ਉੱਤੇ ਜਾਂ ਅਲਮਾਰੀ ਉੱਤੇ ਇੱਕ ਕਲਿੱਪ ਲਾ ਕੇ ਰੋਜ਼ ਦੇ ਕਰਨ ਵਾਲੇ ਕੰਮ ਲਿਖੇ ਜਾ ਸਕਦੇ ਹਨ।

**ਉੱਚੀ ਬੋਲ ਕੇ ਆਪਣੇ ਆਪ ਨੂੰ ਸੁਣਾਓ :-** ਜਿਸ ਚੀਜ਼ ਦੇ ਭੁੱਲਣ ਦਾ ਖ਼ਤਰਾ ਹੋਵੇ, ਉਸ ਦੀ ਥਾਂ ਬਾਰੇ ਆਪਣੇ ਆਪ ਨੂੰ ਉੱਚਾ ਬੋਲ ਕੇ ਸੁਣਾਓ ਤਾਂ ਦਿਮਾਗ਼ ਦੀ ਗਰਾਰੀ ਵਿਚ ਗੱਲ ਅੜ ਜਾਂਦੀ ਹੈ। ਮਸਲਨ-ਐਹ ਪਰਸ ਮੈਂ ਇੱਥੇ ਰੱਖ ਰਹੀ ਹਾਂ-ਉੱਚੀ ਬੋਲ ਕੇ ਕਮਰੇ ਵਿੱਚੋਂ ਬਾਹਰ ਨਿਕਲ ਜਾਓ। ਉਹੀ ਗੱਲ ਕੰਨਾਂ ਰਾਹੀਂ ਦੁਬਾਰਾ ਦਿਮਾਗ਼ ਨੂੰ ਤਰੋਤਾਜ਼ਾ ਕਰ ਦਿੰਦੀ ਹੈ। ਕੋਈ ਸ਼ਰਮ ਦੀ ਗੱਲ ਨਹੀਂ ਜੇ ਆਪਣੇ ਆਪ ਨੂੰ ਦੁਬਾਰਾ ਉੱਚੀ ਬੋਲ ਕੇ ਪੁੱਛ ਲਵੋ-ਯਾਦ ਹੈ ਨਾ ਪਰਸ ਐਥੇ ਰੱਖਿਆ ਹੈ !

**ਔਖੀਆਂ ਗੱਲਾਂ ਇਕੱਠੀਆਂ ਯਾਦ ਨਾ ਕੀਤੀਆਂ ਜਾਣ :-** ਜਦੋਂ ਦਿਮਾਗ਼ ਦੇ ਪੂਰੇ ਹਿੱਸੇ ਇੱਕ ਔਖਾ ਚੈਪਟਰ ਮਸਾਂ ਹੀ ਯਾਦ ਕਰ ਕੇ ਹਟੇ ਹੋਣ ਤਾਂ ਉਸੇ ਵੇਲੇ ਇੱਕ ਹੋਰ ਔਖਾ ਚੈਪਟਰ ਯਾਦ ਕਰਨ ਨਾਲ ਦਿਮਾਗ਼ ਦੀ ਬੱਸ ਹੋ ਜਾਂਦੀ ਹੈ ਤੇ ਪਹਿਲਾਂ ਦਾ ਯਾਦ ਕੀਤਾ ਚੈਪਟਰ ਵੀ ਅੱਧਾ ਭੁੱਲ ਜਾਂਦਾ ਹੈ। ਇਸੇ ਲਈ ਇੱਕ ਔਖਾ ਤੇ ਫੇਰ ਇੱਕ ਸੌਖਾ ਚੈਪਟਰ ਯਾਦ ਕਰਨ ਨਾਲ ਦਿਮਾਗ਼ ਨੂੰ ਰਤਾ ਕੁ ਆਰਾਮ ਮਿਲ ਜਾਂਦਾ ਹੈ। ਮਿਸਾਲ ਵਜੋਂ ਮਾਮੇ ਦੀ ਭੂਆ ਦੀ ਗਵਾਂਢਣ ਦਾ ਰਿਸ਼ਤਾ ਪਤਨੀ ਦੀ ਭਰਜਾਈ ਦੀ ਭਾਬੀ ਦੇ ਭਰਾ ਦੇ ਦੋਸਤ ਨਾਲ ਕਰਵਾਉਣ ਲਈ, ਇਨ੍ਹਾਂ ਸਾਰੇ ਰਿਸ਼ਤੇਦਾਰਾਂ ਦੇ ਨਾਂ ਯਾਦ ਰੱਖਣੇ ਔਖੇ ਹੋ ਸਕਦੇ ਹਨ !

**ਵਾਰ-ਵਾਰ ਯਾਦ ਕਰਨਾ :-** ਔਖਾ ਚੈਪਟਰ ਕਈ ਵਾਰ ਪੜ੍ਹਨ ਨਾਲ ਸੌਖਿਆਂ ਯਾਦ ਹੋਣ ਲੱਗ ਪੈਂਦਾ ਹੈ। ਔਖੀਆਂ ਸਤਰਾਂ ਆਪਣੇ ਕਮਰੇ ਵਿਚ ਸਾਹਮਣੀ ਕੰਧ ਉੱਤੇ ਲਿਖ ਲੈਣੀਆਂ ਚਾਹੀਦੀਆਂ ਹਨ ਤਾਂ ਜੋ ਲੰਘਦੇ ਵੜਦੇ ਵਾਰ-ਵਾਰ ਨਜ਼ਰਾਂ ਸਾਹਮਣੇ ਆ ਜਾਣ ਤੇ ਦਿਮਾਗ਼ ਪੱਕੀ ਯਾਦ ਬਣਾ ਸਕੇ।

ਸਾਰਾ ਸਾਲ ਪੜ੍ਹਦੇ ਰਹਿਣ ਨਾਲ ਚੈਪਟਰ ਜ਼ਿਆਦਾ ਚੰਗੀ ਤਰ੍ਹਾਂ ਯਾਦ ਰਹਿੰਦੇ ਹਨ। ਇਮਤਿਹਾਨ ਤੋਂ ਕੁੱਝ ਦਿਨ ਪਹਿਲਾਂ ਲਾਏ ਰੱਟਿਆਂ ਦੀ ਪੱਕੀ ਯਾਦ ਨਹੀਂ ਬਣਦੀ। ਇਸੇ ਲਈ ਰੱਟੇ ਲਾਉਣ ਵਾਲਿਆਂ ਦੀ ਬੁਨਿਆਦ ਕੱਚੀ ਰਹਿ ਜਾਂਦੀ ਹੈ।

**ਲੈਅ ਤਾਲ ਦੀ ਵਰਤੋਂ :-** ਜੇ ਸਬਜ਼ੀ, ਐਨਕ ਲਿਆਉਣੀ, ਅਲਮਾਰੀ ਠੀਕ ਕਰਾਉਣੀ, ਸਕੂਲ ਫੀਸ ਭਰਨੀ, ਵਾਲੇ ਕੰਮ ਕਰਨੇ ਹਨ ਤਾਂ ਹਰ ਸ਼ਬਦ ਦਾ ਪਹਿਲਾ ਅੱਖਰ ਜੋੜ ਲਵੋ- ਸ, ਅ, ਅ, ਸ ਤੇ 'ਸਾਸ' ਯਾਦ ਰੱਖ ਲਵੋ ਤਾਂ ਕੰਮ ਭੁੱਲਦੇ ਨਹੀਂ।

**ਯਾਦਦਾਸ਼ਤ ਤੇਜ਼ ਕਰਨ ਲਈ ਰਾਮਬਾਣ ਹੈ-** ਪਿਆਰ ਕਰਨਾ ! ਪਿਆਰ ਨਾਲ ਭਿੱਜਿਆ ਮਨ ਤਿੰਨ ਗੁਣਾਂ ਤਾਕਤ ਨਾਲ ਭਰ ਜਾਂਦਾ ਹੈ ! ਜਦੋਂ ਯਾਦਦਾਸ਼ਤ ਘਟਦੀ ਜਾਪੇ ਤਾਂ ਕਿਸੇ ਨੂੰ ਪਿਆਰ ਕਰਨਾ ਸ਼ੁਰੂ ਕਰ ਦਿਓ, ਭਾਵੇਂ ਇਨਸਾਨ ਨਾਲ, ਜਾਨਵਰ ਨਾਲ ਜਾਂ ਰੱਬ ਨਾਲ, ਪਰ ਕਰੋ ਜ਼ਰੂਰ ! ਅਜ਼ਮਾਓ ਤੇ ਯਾਦਾਂ ਤਾਜ਼ਾ ਕਰ ਲਓ !

-0-

ਉਤਸ਼ਾਹਿਤ ਕਰਨ ਲਈ ਵੀ ਤਿੰਨਾਂ ਹੀ ਧਿਰਾਂ ਦੀ ਜ਼ਿੰਮੇਵਾਰੀ ਬਣਦੀ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਸਬਜ਼ੀਆਂ ਦੀ ਕਾਸ਼ਤ ਅਤੇ ਇਨ੍ਹਾਂ ਦੇ ਪਦਾਰਥੀਕਰਨ ਸੰਬੰਧੀ ਖੋਜ ਨੂੰ ਪਹਿਲ ਦੇਣ ਦੀ ਲੋੜ ਹੈ ।ਸਰਕਾਰ ਨੂੰ ਚਾਹੀਦਾ ਹੈ ਕਿ ਯੂਨੀਵਰਸਿਟੀ ਨੂੰ ਇਸ ਕਾਰਜ ਲਈ ਲੋੜੀਂਦੀਆਂ ਮਾਇਕ ਸਹੂਲਤਾਂ ਦੇਵੇ। ਸਬਜ਼ੀਆਂ ਦੇ ਬੀਜ ਵੱਡੀ ਸਮੱਸਿਆ ਹੈ। ਪੰਜਾਬ ਸਰਕਾਰ ਤੇ ਯੂਨੀਵਰਸਿਟੀ ਨੂੰ ਰਲ ਕੇ ਸੁਧਰੀਆਂ ਕਿਸਮਾਂ ਦੇ ਬੀਜ ਤਿਆਰ ਕਰਨੇ ਚਾਹੀਦੇ ਹਨ। ਕਿਸਾਨਾਂ ਨੇ ਸਬਜ਼ੀਆਂ ਦੀ ਕਾਸ਼ਤ ਦੇ ਆਪਣੇ ਆਪ ਸਸਤੇ ਅਤੇ ਸੌਖੇ ਢੰਗ ਵਿਕਸਤ ਕੀਤੇ ਹਨ। ਇਨ੍ਹਾਂ ਤੋਂ ਪ੍ਰੇਰਨਾ ਲੈ ਕੇ ਯੂਨੀਵਰਸਿਟੀ ਖੋਜ ਨੂੰ ਅੱਗੇ ਤੋਰੇ।ਖਿੱਤੇ ਦੀ ਲੋੜ ਅਤੇ ਪੌਣ-ਪਾਣੀ ਅਨੁਸਾਰ ਸਬਜ਼ੀਆਂ ਦੀ ਕਾਸ਼ਤ ਨੂੰ ਉਤਸ਼ਾਹਿਤ ਕੀਤਾ ਜਾਵੇ।ਵਿਕਰੀ ਲਈ ਕਿਸਾਨ ਆਪ ਰਲ ਕੇ ਯਤਨ ਕਰ ਸਕਦੇ ਹਨ ਤੇ ਸਰਕਾਰ ਵੀ ਇਸ ਪਾਸੇ ਯੋਗਦਾਨ ਪਾ ਸਕਦੀ ਹੈ।ਸਸਤਾ ਆਟਾ ਦਾਲ ਸਕੀਮ ਅਧੀਨ ਆਲੂ ਅਤੇ ਪਿਆਜ਼ ਵੀ ਸ਼ਾਮਿਲ ਕੀਤੇ ਜਾਣ।ਇੰਝ ਇਨ੍ਹਾਂ ਦੀ ਵਿਕਰੀ ਵਿਚ ਕੋਈ ਦਿੱਕਤ ਨਹੀਂ ਆਵੇਗੀ। ਪੰਜਾਬ ਦੀ ਸਬਜ਼ੀ ਯੂਰਪ ਤੱਕ ਪਹੁੰਚਾਈ ਜਾ ਸਕਦੀ ਹੈ। ਖਾੜੀ ਦੇ ਦੇਸ਼ ਵੀ ਵਧੀਆ ਮੰਡੀਆਂ ਹਨ।ਇਸ ਲਈ ਜ਼ਹਿਰਾਂ ਰਹਿਤ ਸਾਫ਼-ਸੁਥਰੀ ਸਬਜ਼ੀ ਦੀ ਲੋੜ ਹੈ। ਜੇਕਰ ਕਾਸ਼ਤ ਇਕ ਪਿੰਡ ਜਾਂ ਇਲਾਕੇ ਦੇ ਕਿਸਾਨ ਆਪਣਾ ਉਤਪਾਦਕ ਗਰੁੱਪ ਬਣਾ ਕੇ ਕਰਨ ਤਾਂ ਕੇਵਲ ਵਿਕਰੀ ਦੀ ਹੀ ਸਹੂਲਤ ਨਹੀਂ ਹੋਵੇਗੀ ਸਗੋਂ ਖੇਤੀ ਲੋੜਾਂ ਵੀ ਸਾਂਝੇ ਤੌਰ ਉਤੇ ਖ਼ਰੀਦ ਕਰਨ ਨਾਲ ਸਸਤੀਆਂ ਅਤੇ ਸ਼ੁੱਧ ਪ੍ਰਾਪਤ ਹੋ ਸਕਣਗੀਆਂ।

**ਡੇਅਰੀ ਤੇ ਸਬਜ਼ੀਆਂ ਦੀ ਕਾਸ਼ਤ ਢੁੱਕਵੇਂ ਬਦਲ**

ਪੰਜਾਬ ਦੀ ਖੇਤੀ ਲਈ ਡੇਅਰੀ ਫਾਰਮਿੰਗ ਤੇ ਸਬਜ਼ੀਆਂ ਦੀ ਕਾਸ਼ਤ ਸਭ ਤੋਂ ਵੱਧ ਢੁੱਕਵੇਂ ਬਦਲ ਹਨ।ਪੰਜਾਬੀ ਮੁੱਢ ਕਦੀਮ ਤੋਂ ਹੀ ਪਸ਼ੂ-ਪਾਲਕ ਰਹੇ ਹਨ।ਦੁੱਧ ਦੀ ਵਰਤੋਂ ਸਾਰੇ ਸੰਸਾਰ ਵਿਚ ਸਭ ਤੋਂ ਵੱਧ ਪੰਜਾਬੀ ਹੀ ਕਰਦੇ ਹਨ।ਇਸੇ ਕਰ ਕੇ ਦੁੱਧ ਨੂੰ ਪੁੱਤਰ ਨਾਲ ਬਰਾਬਰੀ ਦਿੱਤੀ ਗਈ ਹੈ।ਹਰੇਕ ਪੰਜਾਬੀ ਪਰਿਵਾਰ ਦੁੱਧ ਤੇ ਪੁੱਤ ਲਈ ਲੋਚਦਾ ਹੈ।ਪੰਜਾਬ ਵਿਚ ਸਾਰੀ ਧਰਤੀ ਸੇਂਜੂ ਹੋਣ ਕਰ ਕੇ ਇਥੇ ਸਾਰਾ ਸਾਲ ਹਰਾ ਚਾਰਾ ਪ੍ਰਾਪਤ ਹੋ ਸਕਦਾ ਹੈ।ਹੁਣ ਵੀ ਪੰਜਾਬ ਦੁੱਧ ਉਤਪਾਦਨ ਲਈ ਮੋਹਰੀ ਹੈ।ਚੰਗੇ ਪ੍ਰਬੰਧਨ ਨਾਲ ਹੋਰ ਵਾਧਾ ਕੀਤਾ ਜਾ ਸਕਦਾ ਹੈ।ਇਸ ਧੰਦੇ ਨੂੰ ਵਪਾਰਕ ਪੱਧਰ ਉਤੇ ਵਿਕਸਤ ਕਰਨ ਲਈ ਮੁੜ ਤਿੰਨਾਂ ਧਿਰਾਂ ਦੇ ਯੋਗਦਾਨ ਦੀ ਲੋੜ ਹੈ।ਕਿਸਾਨ ਨੂੰ ਹੱਥੀਂ ਮਿਹਨਤ ਕਰਨੀ ਪਵੇਗੀ।ਸਵੇਰੇ ਸ਼ਾਮ ਆਪਣੇ ਪਸ਼ੂਆਂ ਨਾਲ ਗੱਲਾਂ ਕਰਨੀ ਪੈਣਗੀਆਂ ਤੇ ਬੱਚਿਆਂ ਵਾਂਗ ਧਿਆਨ ਰੱਖਣਾ ਪਵੇਗਾ।ਦੁੱਧ ਦੀ ਚੁਆਈ ਤੇ ਸੰਭਾਲ ਦਾ ਕੰਮ ਵੀ ਆਪਣੀ ਦੇਖ-ਰੇਖ ਵਿਚ ਕਰਨਾ ਪਵੇਗਾ। ਦੂਜੀ ਲੋੜ ਤਕਨਾਲੋਜੀ ਦੀ ਹੈ। ਗੁਰੂ ਅੰਗਦ ਦੇਵ ਪਸ਼ੂ ਪਾਲਣ ਯੂਨੀਵਰਸਿਟੀ ਕੋਲ ਦੇਸ਼ ਦਾ ਸਭ ਤੋਂ ਵਧੀਆ ਮੱਝਾਂ ਦਾ ਵੱਗ ਹੈ।ਵਧੀਆ ਨਸਲ ਦੀਆਂ ਵੱਛੀਆਂ ਅਤੇ ਕੱਟੀਆਂ ਤਿਆਰ ਕਰ ਕੇ ਕਿਸਾਨਾਂ ਨੂੰ ਦੇਣ ਦਾ ਪ੍ਰਬੰਧ ਇਸੇ ਦੀ ਜ਼ਿੰਮੇਵਾਰੀ ਹੈ। ਪਸ਼ੂ ਪ੍ਰਬੰਧ ਦੇ ਵਿਗਿਆਨਕ ਢੰਗਾਂ ਦੀ ਸਿਖਲਾਈ ਦੇਣ ਦਾ ਪ੍ਰਬੰਧ ਵੀ ਇਸ ਨੇ ਹੀ ਕਰਨਾ ਹੈ। ਚਾਰਿਆਂ ਦੀਆਂ ਨਵੀਆਂ ਕਿਸਮਾਂ ਵਿਕਸਤ ਹੋਣ । ਇਨ੍ਹਾਂ ਸਾਰੇ ਯਤਨਾਂ ਨਾਲ ਹੀ ਡੇਅਰੀ ਵਿਕਸਤ ਹੋਵੇਗੀ ।





-0-

# ਗੁਰਮਤਿ ਸੰਜੋਗ



ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

## ਲਾੜੀ ਦੀ ਲੋੜ

**ਫਾਰਮ ਨੰ. 303**

ਲੁਧਿਆਣਾ ਵਾਸੀ ਗੁਰਸਿੱਖ, ਜਨਮ ਮਿਤੀ 11-12-82, ਕੱਦ 5'-8", Qualification BHMS, MD, ਹੋਮਿਓਪੈਥੀ ਡਾਕਟਰ ਆਪਣਾ ਕਲੀਨਿਕ ਲਈ ਯੋਗ ਕੰਨਿਆ ਦੀ ਲੋੜ ਹੈ। ਸੰਪਰਕ: 94639-11443, 94640-39043

**ਫਾਰਮ ਨੰ. 371:** ਲੁਧਿਆਣਾ ਵਾਸੀ, ਜਨਮ ਮਿਤੀ 06-12-91, ਕੱਦ 5'-10" M.Com, MBA, Bed., ਆਮਦਨ 50000/- ਮਹੀਨਾ, Teaching & Self Coaching Centre ਲਈ ਲੜਕੀ ਦੀ ਲੋੜ ਹੈ। ਸੰਪਰਕ: 98143-84999

**ਫਾਰਮ ਨੰ. 372:** ਲੁਧਿਆਣਾ ਵਾਸੀ, ਜਨਮ ਮਿਤੀ 13-7-94, ਕੱਦ 5'-8" B-Tech Elec. Engineering, Settled in Canada ਲਈ ਲੜਕੀ ਦੀ ਲੋੜ ਹੈ। ਸੰਪਰਕ: 94647-63356

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

**ਫਾਰਮ ਨੰ. 386:** ਲੁਧਿਆਣਾ ਵਾਸੀ, ਜਨਮ ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

**ਫਾਰਮ ਨੰ. 387:** ਲੁਧਿਆਣਾ ਵਾਸੀ, ਜਨਮ ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

**ਫਾਰਮ ਨੰ. 388:** ਲੁਧਿਆਣਾ ਵਾਸੀ, ਜਨਮ ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

**ਫਾਰਮ ਨੰ. 389:** ਲੁਧਿਆਣਾ ਵਾਸੀ, ਜਨਮ ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932

**ਫਾਰਮ ਨੰ. 390:** ਲੁਧਿਆਣਾ ਵਾਸੀ, ਜਨਮ ਮਿਤੀ 26-5-1993, ਕੱਦ 5'-7", Qualification Master in Big Analytics (Hons.) Occupation Data Analytics at Canada Post ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 95018-79056

**ਫਾਰਮ ਨੰ. 391:** ਲੁਧਿਆਣਾ ਵਾਸੀ, ਜਨਮ ਮਿਤੀ 4-7-1995, ਕੱਦ 5'-6", Qualification BA, Business Own Pipe Shop at Ludhiana ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 94643-54516, 98729-36952

**ਫਾਰਮ ਨੰ. 391:** ਸਰਹਿੰਦ ਵਾਸੀ, ਜਨਮ ਮਿਤੀ 14-11-1993, ਕੱਦ 5'-10", Qualification B.Com, Private Job Assistant Agriculture Department ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ 95404-89803

**ਫਾਰਮ ਨੰ. 392:** ਲੁਧਿਆਣਾ ਵਾਸੀ, ਜਨਮ ਮਿਤੀ 12-11-94, ਕੱਦ 5'-4", Qualification B.com, MBA, Business, ਲਈ ਯੋਗ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98885-17812

**ਫਾਰਮ ਨੰ. 393:** ਹਰੀਕੇ (ਤਰਨਤਾਰਨ) ਵਾਸੀ, ਜਨਮ ਮਿਤੀ 28-4-1993, ਕੱਦ 5'-7" ਪੜ੍ਹਾਈ B.A., Art & Craft Diploma 2 years, Self Employee ਗੁਰਸਿੱਖ ਅੰਮ੍ਰਿਤਧਾਰੀ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ: 9876738466

-0-

## ਲਾੜੇ ਦੀ ਲੋੜ

**ਫਾਰਮ ਨੰ. 361:** ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 394:** ਲੁਧਿਆਣਾ ਵਾਸੀ, ਜਨਮ 1982, B.A., Fashion Designer ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 99153-12064

-0-

# ਮਈ ਮਹੀਨੇ ਦੀਆਂ ਸਰਗਰਮੀਆਂ

**ਮਾਝਾ:-**

**1. ਮਾਲੂਵਾਲ (98885-20250)-** ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 8 ਪਿੰਡਾਂ ਵਿੱਚ ਅਤੇ ਇਕ ਸਕੂਲ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਵੱਖ-ਵੱਖ ਪਿੰਡਾਂ ਵਿੱਚ ਹੋਏ ਸਮਾਗਮਾਂ ਵਿੱਚ ਭਾਈ ਨਿਰਮਲ ਸਿੰਘ ਵਲੋਂ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ।

**2. ਤਰਨਤਾਰਨ (94654-93275)-** ਕੇਂਦਰ ਦੇ ਪ੍ਰਚਾਰਕ ਭਾਈ ਦਵਿੰਦਰ ਸਿੰਘ ਕੈਰੋਂ ਵੱਲੋਂ 2 ਪਿੰਡਾਂ ਵਿੱਚ ਅਤੇ 2 ਸਕੂਲਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ, ਗੁਰਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ



ਹੈ। ਹਰ ਐਤਵਾਰ ਨੂੰ ਪਿੰਡ ਰੂੜੇ ਆਸਲ ਅਤੇ ਪਿੰਡ ਪਲਾਸੌਰ ਵਿਖੇ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ।

**3. ਪਰਿੰਗੜੀ (95923-67125, 98718-09216)-** ਕੇਂਦਰ ਦੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਵਲੋਂ ਹਰ ਐਤਵਾਰ ਨੂੰ ਬੱਚਿਆਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਹਰ ਸਨਿਚਰਵਾਰ ਨੂੰ ਗ੍ਰੰਥੀ ਸਿੰਘ ਭਾਈ ਜਸਵਿੰਦਰ ਸਿੰਘ ਗੁਰਬਾਣੀ ਸੰਥਿਆ ਦੀ ਕਲਾਸ ਲਗਾਉਂਦੇ ਹਨ। ਦੋਵੇਂ ਦਿਨਾਂ ਵਿੱਚ ਤਕਰੀਬਨ 30-40 ਵਿਦਿਆਰਥੀ ਹਾਜ਼ਰੀ ਭਰਦੇ ਹਨ।

**ਮਾਲਵਾ:-**

**4. ਲਤਾਲਾ (98556-27927)-** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ 3 ਅਤੇ 4 ਮਈ ਨੂੰ ਸ: ਜੱਸਾ ਸਿੰਘ ਆਹਲੂਵਾਲੀਆਂ ਅਤੇ ਸ: ਜੱਸਾ ਸਿੰਘ ਰਾਮਗੜੀਆ ਜੀ ਦੇ ਜਨਮ ਦਿਨ ਦੇ ਸਬੰਧ ਵਿੱਚ ਵੱਖ-ਵੱਖ ਸਕੂਲਾਂ ਵਿੱਚ ਇਤਿਹਾਸਕ ਵਿਚਾਰ ਸਾਂਝੇ ਕੀਤੇ ਗਏ ਤੇ ਸਵਾਲ ਜਵਾਬ ਪੁੱਛੇ ਗਏ। ਗੁਰੂ ਨਾਨਕ ਪਬਲਿਕ ਸਕੂਲ ਬੱਸੀਆਂ ਵਿਖੇ ਇਤਿਹਾਸ ਬਾਰੇ ਪੇਪਰ ਲਿਆ ਗਿਆ, ਜੇਤੂ ਬੱਚਿਆਂ ਨੂੰ ਨਗਦ ਇਨਾਮ ਦਿੱਤੇ ਗਏ। 25 ਮਈ ਨੂੰ ਪਿੰਡ ਬੜੂੰਦੀ ਵਿਖੇ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਦਸਤਾਰ ਅਤੇ ਲੰਮੇ ਕੇਸ ਮੁਕਾਬਲੇ ਕਰਵਾਏ ਗਏ। 26 ਮਈ ਨੂੰ ਸ:ਸ: ਸਕੂਲ ਪਿੰਡ ਲੋਹਟਬੱਦੀ ਵਿਖੇ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਇੱਕ ਰੋਜਾ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਭਾਈ ਰੁਪਿੰਦਰ ਸਿੰਘ ਵਲੋਂ ਇਤਿਹਾਸ ਬਾਰੇ ਜਾਣਕਾਰੀ ਦਿਤੀ ਗਈ ਅਤੇ ਸਕੂਲ ਦੇ ਬੱਚਿਆਂ ਨੂੰ ਇਤਿਹਾਸਕ ਕਿਤਾਬਾਂ ਵੰਡੀਆਂ ਗਈਆਂ। 20 ਬੱਚੇ ਸਹਿਜ ਪਾਠ ਕਰ ਰਹੇ ਹਨ, 4 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ, 2 ਬੱਚਿਆਂ ਨੇ ਐਲੀਮੈਂਟਰੀ ਕੋਰਸ ਸ਼ੁਰੂ ਕੀਤਾ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**5. ਪਟਿਆਲਾ (87289-34413)-** ਪ੍ਰਚਾਰਕ ਬੀਬੀ ਬਲਜੀਤ ਕੌਰ ਵਲੋਂ ਪਿੰਡ ਅਨੈਤਪੁਰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਹਰ ਰੋਜ ਬੱਚਿਆਂ ਵਲੋਂ ਸ਼ਾਮ ਦੇ ਦੀਵਾਨਾਂ ਦੀ ਸੇਵਾ ਨਿਭਾਈ ਜਾਂਦੀ ਹੈ, ਜਿਸ ਵਿੱਚ ਰਹਿਰਾਸ ਸਾਹਿਬ ਦਾ ਪਾਠ, ਅਰਦਾਸ, ਹੁਕਮਨਾਮਾ ਸਾਹਿਬ ਤੇ ਸੁਖਆਸਨ ਦੀ ਸੇਵਾ ਹੁੰਦੀ ਹੈ। ਬੱਚਿਆਂ ਦੇ ਆਨਲਾਈਨ ਗੁਰਮਤਿ ਕੈਂਪ ਲਗਾਏ ਗਏ, ਜਿਸ ਵਿੱਚ ਬੱਚਿਆਂ ਨੂੰ ਗੁਰ ਇਤਿਹਾਸ ਅਤੇ ਗੁਰਬਾਣੀ ਨਾਲ ਜੋੜਿਆ ਜਾਂਦਾ ਹੈ। 29 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 10 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**6. ਪਟਿਆਲਾ (88378-04927)-** ਪ੍ਰਚਾਰਕ ਬੀਬੀ ਸੁਖਮਨੀ ਕੌਰ ਵਲੋਂ ਜੰਡਿਆਲੀ (ਅੰਮ੍ਰਿਤਸਰ) ਵਿਖੇ 18 ਤੋਂ 25 ਮਈ ਤੱਕ ਗੁਰਮਤਿ ਕੈਂਪ ਲਗਾਇਆ ਗਿਆ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਅਤੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਪਿੰਡ ਬੱਲਰਾਂ ਦੇ ਗੁਰਦੁਆਰਾ ਸਾਹਿਬ ਦੀ ਸੇਵਾ ਅੰਮ੍ਰਿਤ ਵੇਲੇ ਅਤੇ ਸ਼ਾਮ ਦੇ ਦੀਵਾਨਾਂ ਦੀ ਸੇਵਾ ਬੱਚਿਆਂ ਵਲੋਂ ਨਿਭਾਈ ਜਾਂਦੀ ਹੈ। ਬੱਚਿਆਂ ਦੇ ਆਨਲਾਈਨ ਗੁਰਮਤਿ ਕੈਂਪ ਲਗਾਏ ਗਏ। 29 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 10 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**7. ਗੁੱਜਰਵਾਲ (94655-66666)-**ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ 10 ਸਕੂਲਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਵਿਦਿਆਰਥੀਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। ਸ.ਸ.ਸ.ਸ. ਡੇਹਲੋਂ ਅਤੇ ਜੀ. ਐਚ. ਜੀ. ਖਾਲਸਾ ਸ.ਸ.ਸ. ਅਹਿਮਦਗੜ੍ਹ ਦੇ 2 ਸਕੂਲਾਂ ਵਿੱਚ 2-2 ਕਲਾਸਾਂ ਲਗਾਈਆਂ ਗਈਆਂ। ਜੀ. ਐਚ. ਜੀ. ਸਕੂਲ ਰਕਬਾ ਅਤੇ ਸ.ਸ.ਸ.ਸ. ਦਾਖਾ ਵਿਖੇ 2 ਕਲਾਸਾਂ ਅਤੇ ਨਾਲ 100 ਗੁਰਮਤਿ ਗਿਆਨ ਦੀਆਂ ਕਿਤਾਬਾਂ ਦਿੱਤੀਆਂ ਗਈਆਂ।

**8. ਵਜੀਦ ਕੇ ਖੁਰਦ (75268-46700)-** ਪ੍ਰਚਾਰਕ ਭਾਈ ਲਖਵਿੰਦਰ ਸਿੰਘ ਰਾਈਆ ਵਲੋਂ 4.30 ਤੋਂ 6 ਵਜੇ ਤੱਕ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਬੱਚਿਆਂ ਦੀ ਸੰਥਿਆ ਦੀ ਕਲਾਸ ਵੀ ਲਗਾਈ ਗਈ ਅਤੇ ਬੱਚਿਆਂ ਦੀ ਗੁਰਮਤਿ ਸੰਗੀਤ ਦੀ ਤਿਆਰੀ ਕਰਵਾਈ ਜਾਂਦੀ ਹੈ।

**9. ਖਨਾਲ ਖੁਰਦ (62390-80242)-** ਪ੍ਰਚਾਰਕ ਭਾਈ ਕੁਲਦੀਪ ਸਿੰਘ ਵਲੋਂ ਖਨਾਲ ਖੁਰਦ ਦੇ ਗੁਰਦੁਆਰਾ ਸਾਹਿਬ ਵਿਖੇ ਸਵੇਰੇ ਨਿਤਨੇਮ ਅਤੇ ਕਥਾ-ਵੀਚਾਰ ਕੀਤੀ ਜਾਂਦੀ ਹੈ। ਸਵੇਰੇ 11 ਤੋਂ 12.30 ਵਜੇ ਤੱਕ ਮਾਤਾਵਾਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਸ਼ਾਮ ਨੂੰ 4 ਤੋਂ 5 ਵਜੇ ਤੱਕ ਛੋਟੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 5 ਤੋਂ 6 ਵਜੇ ਤੱਕ ਵੱਡੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਬੱਚੇ ਸਹਿਜ ਪਾਠ ਕਰ ਰਹੇ ਹਨ, 3



ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 3 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**ਦੁਆਬਾ**

**10. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਅਤੇ ਸੈਂਟ ਜੋਨਸ ਅਕੈਡਮੀ ਸ਼ੰਕਰ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸਿਖਿਆ ਦੇ ਰਹੇ ਹਨ। ਕੇਂਦਰ ਦੇ ਦੋ ਗੁਰਦੁਆਰਿਆਂ (ਗੁ: ਸਿੰਘ ਸਭਾ ਤੇ ਗੁ: ਸਾਹਿਬ ਫਲਾਹੀ ਵਾਲਾ) ਵਿਖੇ ਗੁਰਮਤਿ ਦੀਆਂ ਕਲਾਸ ਤੇ ਗੁਰਦੁਆਰਾ ਸਿੰਘ ਸਭਾ ਵਿਖੇ ਕੀਰਤਨ ਕਲਾਸ ਤੇ ਗਤਕੇ ਦੀ ਕਲਾਸ ਵੀ ਲਗਾਈ ਜਾਂਦੀ ਹੈ। ਕੇਂਦਰ ਵਿਖੇ ਕੀਰਤਨ ਸਿੱਖਣ ਵਾਲੇ ਬੱਚੇ ਹਰ ਸੰਗਰਾਂਦ ਨੂੰ ਗੁਰਦੁਆਰਾ ਸਿੰਘ ਸਭਾ ਵਿਖੇ ਕੀਰਤਨ ਦੀ ਹਾਜਰੀ ਭਰਦੇ ਹਨ। ਵੀਰਵਾਰ ਨੂੰ ਬੀਬੀਆਂ ਦੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। 30 ਮਈ ਨੂੰ ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਦੇ ਸੰਬੰਧ ਵਿੱਚ ਪਿੰਡ ਹੇਰਾਂ ਦੇ ਬੱਚਿਆਂ ਵਲੋਂ ਕੀਰਤਨ, ਕਥਾ, ਲੈਕਚਰ, ਕਵਿਤਾਵਾਂ ਤੇ ਕਵੀਸ਼ਰੀ ਰਾਹੀ ਸੰਗਤ ਨੂੰ ਨਿਹਾਲ ਕੀਤਾ ਗਿਆ। ਪਿੰਡ ਹੇਰਾਂ ਅਤੇ ਚੱਕ ਖੁਰਦ ਵਿਖੇ ਬੱਚਿਆਂ ਦੇ ਮਾਪਿਆਂ ਨਾਲ ਮੀਟਿੰਗ ਕੀਤੀ ਗਈ ਅਤੇ ਗੁਰਮਤਿ ਕਲਾਸਾਂ ਵਿੱਚ ਹਾਜਰੀ ਭਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। 6 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ ਇੱਕ ਬੱਚੇ ਨੇ ਐਲੀਮੈਂਟਰੀ ਕੋਰਸ ਆਰੰਭ ਕੀਤਾ ਹੈ।

**11. ਚੱਕ ਸਿੰਘਾ (98553-99892)-** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਸਵੇਰੇ ਸ਼ਾਮ ਨਿਤਨੇਮ ਅਤੇ ਕਥਾ-ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਹਰ ਰੋਜ ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿੱਚ ਹਰ ਵੀਰਵਾਰ ਨੂੰ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ। ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵੱਖ-ਵੱਖ ਪਿੰਡਾਂ ਵਿੱਚ ਕਥਾ ਵਿਚਾਰਾਂ ਕੀਤੀਆਂ ਗਈਆਂ।

**12. ਸ੍ਰੀ ਗੁਰੂ ਸਿੰਘ ਸਭਾ ਗੁਰਮਤਿ ਪ੍ਰਚਾਰ ਕੇਂਦਰ (ਨਵਾਂ ਸ਼ਹਿਰ) (87290-86035)-** ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਵਲੋਂ 3 ਸਕੂਲਾਂ ਵਿੱਚ ਹਫਤਾਵਾਰੀ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। 6 ਸਕੂਲਾਂ ਵਿੱਚ ਗੁਰਮਤਿ ਕੈਂਪ ਲਗਾਏ ਗਏ ਹਨ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਅਤੇ



ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

**13. ਇੰਦਣਾ ਕਲਾਸਕੇ (79731-15345)-** ਪ੍ਰਚਾਰਕ ਭਾਈ ਮੰਗਲਜੀਤ ਸਿੰਘ ਵਲੋਂ ਕੇਂਦਰ ਵਿਖੇ ਸਵੇਰੇ ਸ਼ਾਮ ਨਿਤਨੇਮ ਅਤੇ ਸਵੇਰੇ ਕਥਾ ਵੀਚਾਰ ਦੀ ਸੇਵਾ ਨਿਭਾਈ ਜਾਂਦੀ ਹੈ। ਐਤਵਾਰ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਆਰੰਭ ਕੀਤੀ ਗਈ।

**14. ਅੱਪਰਾ (85280-78722)-** ਪ੍ਰਚਾਰਕ ਭਾਈ ਨਰਿੰਦਰ ਸਿੰਘ ਵਲੋਂ ਹਰ ਹਫਤੇ 7 ਪਿੰਡਾਂ ਵਿੱਚ ਅਤੇ 3 ਸਕੂਲਾਂ ਵਿੱਚ ਗੁਰਬਾਣੀ ਸੰਥਿਆ ਅਤੇ



ਨੈਤਿਕ ਸਿਖਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਗੁਰਦੁਆਰਾ ਸਾਹਿਬ ਬਾਬਾ ਗੁਰਦਿੱਤਾ ਜੀ ਪਿੰਡ ਲੁਹਾਰਾ (ਜਲੰਧਰ) ਵਿਖੇ 5 ਰੋਜਾ ਗੁਰਬਾਣੀ ਸੰਥਿਆ ਅਤੇ ਇਤਿਹਾਸ ਦਾ ਸਿਖਲਾਈ ਕੈਂਪ ਲਗਾਇਆ ਗਿਆ, ਜਿਸ ਵਿੱਚ ਬੱਚਿਆਂ ਨੂੰ ਗੁਰਮਤਿ ਅਤੇ ਧਾਰਮਿਕ ਸਿੱਖਿਆ ਦਿੱਤੀ ਗਈ। ਕੈਂਪ ਦੌਰਾਨ ਰੱਸਾ ਕੱਸੀ ਅਤੇ ਦਸਤਾਰ ਮੁਕਾਬਲੇ ਕਰਵਾਏ ਗਏ। ਕੈਂਪ ਦੀ ਸਮਾਪਤੀ ਮੌਕੇ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਤੋਂ ਕੈਪਟਨ ਅਵਤਾਰ ਸਿੰਘ ਜੀ ਨੇ ਪਹੁੰਚ ਕੇ ਬੱਚਿਆਂ ਅਤੇ ਸੰਗਤ ਨਾਲ ਵਿਚਾਰਾਂ ਦੀ ਸਾਂਝ ਪਾਈ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**15. ਸਿੰਬਲ ਕੈਂਪ (ਜੰਮੂ) (90865-31984)-** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਸਵੇਰੇ 9 ਵਜੇ ਤੋਂ 10.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਵਿਖੇ, 12 ਵਜੇ ਤੋਂ 1.30 ਵਜੇ ਤੱਕ ਗੁਰਦੁਆਰਾ ਸਾਹਿਬ ਮਮਕਾ ਵਿਖੇ, 4 ਵਜੇ ਤੋਂ 5.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਫਿੰਦੜ ਆਰ. ਐਸ. ਪੁਰਾ ਵਿਖੇ ਬੱਚਿਆਂ ਦੀ ਗੁਰਮਤਿ ਦੀ ਸਭਾ ਲਗਾਈ ਗਈ ਅਤੇ ਨਾਲ ਹੀ ਗੁਰਬਾਣੀ ਦੀ ਸੰਥਿਆ ਵੀ ਕਰਵਾਈ ਜਾਂਦੀ ਹੈ।

**16. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**17. ਜਰਮਨ (00491631892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀਆਂ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**18. ਦੁਰਗ (ਛੱਤੀਸਗੜ੍ਹ) (98821-42424)-** ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਾਨਕ ਪਥ, ਦੁਰਗ ਛੱਤੀਸਗੜ੍ਹ ਵਿਖੇ ਰੋਜਾਨਾ ਅੰਮ੍ਰਿਤ ਵੇਲੇ ਹੁਕਮਨਾਮਾ ਸਾਹਿਬ ਦੀ ਵਿਚਾਰ ਕੀਤੀ ਜਾਂਦੀ ਹੈ। ਬੱਚਿਆਂ ਨੂੰ ਦਸਤਾਰ ਦੀ ਸਿਖਲਾਈ ਅਤੇ ਗਤਕੇ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।

**19. ਇੰਫਾਲ (ਮਨੀਪੁਰ)-** ਪ੍ਰਚਾਰਕ ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

-0-

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਚੱਕ ਕਲਾਂ ਦੇ ਪਿੰਡ ਚੱਕ ਖੁਰਦ ਵਿਖੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਗੁਰਦੁਆਰਾ ਸਾਹਿਬ ਵਿਖੇ ਇਕ ਇਕੱਤਰਤਾ ਕੀਤੀ ਗਈ।



ਕੇਂਦਰ ਲਤਾਲਾ ਦੇ ਸਰਕਾਰੀ ਹਾਈ ਮਿਡਲ ਸਕੂਲ ਰਾਜਗੜ੍ਹ ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚਿਆਂ ਨੂੰ 'ਗੁਰਮਤਿ ਵਿਰਸਾ' ਮੈਗਜ਼ੀਨ ਵੰਡਿਆ ਗਿਆ।



ਕੇਂਦਰ ਵਜੀਦ ਕੇ ਖੁਰਦ (ਬਰਨਾਲਾ) ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਰਾਮਗੜ੍ਹੀਆ ਸਕੂਲ ਲੁਧਿਆਣਾ ਵਿਖੇ ਕੈਪਟਨ ਅਵਤਾਰ ਸਿੰਘ ਬੱਚਿਆਂ ਦੀ ਗੁਰਮਤਿ ਕਲਾਸ ਲਗਾਉਂਦੇ ਹੋਏ



ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਿਖੇ ਪ੍ਰਚਾਰਕਾਂ ਅਤੇ ਸੀਨੀਅਰ ਸਿਟੀਜ਼ਨ ਵੀਰਾਂ ਦੀ ਇਕੱਤਰਤਾ ਵਿਚ ਗੁਰਮਤਿ ਵਿਚਾਰਾਂ ਕੀਤੀਆਂ ਗਈਆਂ।



ਕੇਂਦਰ ਅੱਪਰਾ ਦੇ ਪਿੰਡ ਰਟੈਂਡਾ ਵਿਖੇ ਗੁਰਬਾਣੀ ਸੰਥਿਆ ਲੈਣ ਵਾਲੀਆਂ ਬੀਬੀਆਂ ਨੂੰ ਸਨਮਾਨਤ ਕੀਤਾ ਗਿਆ।



ਗੁਰਦੁਆਰਾ ਸਾਹਿਬ ਖਮਾਣੋ ਵਿਖੇ ਗੁਰਬਾਣੀ ਕੰਠ, ਗੱਤਕਾ ਸਿਖਲਾਈ ਅਤੇ ਦਸਤਾਰ ਮੁਕਾਬਲਾ ਕਰਵਾਇਆ ਗਿਆ, ਜਿਸ ਵਿਚ ਵੱਡੀ ਗਿਣਤੀ ਵਿਚ ਬੱਚਿਆਂ ਨੇ ਭਾਗ ਲਿਆ।

RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

## ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਲੋਂ ਮਿਤੀ 17 ਤੋਂ 22 ਜੂਨ 2025 ਤਕ ਕਾਲਜ ਵਿਖੇ 6 ਰੋਜ਼ਾ **ਫ਼ਤਹਿ ਯੂਥ ਕੈਂਪ** ਲਗਾਇਆ ਗਿਆ। ਜਿਸ ਵਿਚ ਵੱਡੀ ਗਿਣਤੀ ਵਿਚ ਬੱਚਿਆਂ ਦੀ ਹਿੱਸਾ ਲਿਆ





